# ਜੀਵਨ ਕਉਤਕ

### ਸਾਧ ਜਨਾ ਕੀ ਅਚਰਜ ਕਥਾ

# ਸੰਤ ਬਾਬਾ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ

ਡੇਰਾ ਰੂੰਮੀ ਵਾਲਾ ਭੁੱਚੋ ਕਲਾਂ ਜ਼ਿਲ੍ਹਾ ਬਠਿੰਡਾ

(**ਭਾਗ ਛੇਵਾਂ**)



## ਧੰਨ ਗੁਰੂ ਨਾਨਕ ਸਾਹਿਬ ਜੀ

"ਗੁਰੂ ਨਾਨਕ ਦਾ ਰੂਪ ਬਣਾਕੇ ਨਾਰਾਇਣ ਜੱਗ ਆਇਆ ਵੇਸ ਵਟਾਇਆ"
"ਮਾਇਆ ਤਿਸ ਦੇ ਨੇੜ ਨ ਆਵੇ ਨਿਰੰਕਾਰ ਦਾ ਸਾਇਆ ਸਚੇ ਭਾਇਆ"

**ਅਸੀਸਾਂ**

**ਬਾਬਾ ਖੇਮ ਸਿੰਘ ਜੀ**

**ਪ੍ਰਕਾਸ਼ਕ**

**ਬਾਬਾ ਸੁਖਦੇਵ ਸਿੰਘ ਜੀ**

*ਮੌਜੂਦਾ ਮਹਾਂਪੁਰਸ਼*

ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾਂ, ਬਠਿੰਡਾ।
ਫੋਨ : 0164-2741811, 09216513139



ਸਭ ਹੱਕ ਲੇਖਕ ਦੇ ਰਾਖਵੇਂ ਹਨ।

**ਦੂਜੀ ਵਾਰ** : 2010

**ਅਸੀਸਾਂ**

**ਬਾਬਾ ਖੇਮ ਸਿੰਘ ਜੀ**

**ਪ੍ਰਕਾਸ਼ਕ**

**ਬਾਬਾ ਸੁਖਦੇਵ ਸਿੰਘ ਜੀ**

*ਮੌਜੂਦਾ ਮਹਾਂਪੁਰਸ਼*

ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾਂ, ਬਠਿੰਡਾ।
ਫੋਨ : 0164-2741811, 09216513139

*ਛਾਪਕ :*

**ਪ੍ਰਿੰਟਵੈੱਲ**

146, ਇੰਡੀਸਟ੍ਰੀਅਲ ਫੋਕਲ ਪੁਆਇੰਟ,
ਅੰਮ੍ਰਿਤਸਰ

# ਤਤਕਰਾ


ਜਿਨ ਅੰਦਰਿ ਪ੍ਰੀਤਿ ਪਿਰੰਮ ਕੀ 5

ਤੂ ਅਚਰਜੁ ਕੁਦਰਤਿ ਤੇਰੀ ਬਿਸਮਾ ॥ 8

ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ ॥ 11

ਕਰਿ ਸੰਜੋਗੁ ਬਨਾਈ ਕਾਛਿ ॥ ਤਿਸੁ ਸੰਗਿ ਰਹਿਓ ਇਆਨਾ ਰਾਚਿ ॥ 15

ਸਰਬ ਕਲਿਆਣ ਕੀਏ ਗੁਰਦੇਵ ॥ 17

ਆਪੇ ਗੁਰੁ ਚੇਲਾ ਹੈ ਆਪੇ ਆਪੇ ਦੱਸੇ ਘਾਟੁ ॥ 20

ਸਾਧ ਜਨਾ ਹੋਏ ਕ੍ਰਿਪਾਲਾ ਬਿਗਸੇ ਸਭਿ ਪਰਵਾਰਿਆ ॥ 21

ਖਿਨ ਮਹਿ ਬਿਨਸਿਓ ਮਹਾ ਪਰੇਤੁ ॥ 25

ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ ॥ 27

ਜਿਨਿ ਹਰਿ ਸੇਵਿਆ ਤਿਨਿ ਸੁਖ ਪਾਇਆ ਬਿਨੁ ਸੇਵਾ ਪਛੋਤਾਣੀ ਹੇ ॥ 29

ਰਵਿਦਾਸ ਭਣੈ ਜੋ ਜਾਣੈ ਸੋ ਜਾਣੁ ॥ ਸੰਤ ਅਨੰਤਹਿ ਅੰਤਰੁ ਨਾਹੀ ॥ 32

ਸੇਵਾ ਥੋਰੀ ਮਾਂਗਨੁ ਬਹੁਤ ॥ 34

ਸਤਿਗੁਰ ਬਚਨ ਤੁਮਾਰੇ ॥ ਨਿਰਗੁਣ ਨਿਸਤਾਰੇ ॥ 36

ਦੇਖਿ ਸਰੂਪੁ ਪੂਰਨੁ ਭਈ ਆਸਾ ਦਰਸਨ ਭੇਟਤ ਉਤਰੀ ਭੁਖ ॥ 38

ਗੁਰੂ ਬਿਨਾ ਮੈ ਨਾਹੀ ਹੋਰੁ ॥ 40

ਸਾਧੂ ਸੰਗੁ ਮਸਕਤੇ ਤੂਠੈ ਪਾਵਾ ਦੇਵ ॥ 45

ਅਵਰਿ ਉਪਾਵ ਸਭਿ ਤਿਆਗਿਆ ਦਾਰੂ ਨਾਮੁ ਲਇਆ ॥ 51

ਦਰਸਨੁ ਦੇਖਿ ਜੀਵਾ ਗੁਰ ਤੇਰਾ ॥ 52

ਏ ਮਨ ਆਲਸੁ ਕਿਆ ਕਰਹਿ ਗੁਰਮੁਖਿ ਨਾਮੁ ਧਿਆਇ ॥ 55

ਹਰਿ ਆਰਾਧਿ ਸਭੋ ਕਿਛੁ ਪਾਈਐ ਕਾਰਜ ਸਗਲੇ ਸਾਧਹੁ ॥ 57

ਏਕ ਏਕ ਕੀ ਪੀਰ ਪਛਾਨੈ ॥ ਘਟ ਘਟ ਕੇ ਪਟ ਪਟ ਕੀ ਜਾਨੈ 59

ਮਨ ਰੇ ਹੁਕਮੁ ਮੰਨਿ ਸੁਖੁ ਹੋਇ ॥ 62







ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ ॥ 65

ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥ 66

ਸਗਲ ਮਨੋਰਥ ਪੂਰਿਆ ਨਾਨਕ ਲਿਖਿਆ ਮਾਥ ॥ 67

ਗੁਰ ਸੇਵਾ ਤੇ ਲਹੈ ਪਦਾਰਥੁ ॥ 68

ਭੂਖੇ ਕਉ ਦੇਵਤ ਅਧਾਰ ॥ 70

ਹੁਕਮੁ ਨ ਜਾਣੈ ਬਹੁਤਾ ਰੋਵੈ ॥ 75

ਤੇਰੀ ਬਖਸ਼ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥ 77

ਅਪਨੇ ਸੇਵਕ ਕੀ ਆਪਿ ਪਤਿ ਰਾਖੈ ॥ 78

ਜੋ ਮਾਗਹਿ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ ॥ 80

ਲਖ ਖੁਸੀਆਂ ਪਾਤਿਸਾਹੀਆਂ ਜੇ ਸਤਿਗੁਰੁ ਨਦਰਿ ਕਰੇਇ ॥ 82

ਘਟ ਘਟ ਵਾਸੀ ਸਰਬ ਨਿਵਾਸੀ ॥ 89

ਘਟ ਘਟ ਕੇ ਅੰਤਰ ਕੀ ਜਾਨਤ ਭਲੇ ਬੁਰੇ ਕੀ ਪੀਰ ਪਛਾਨਤ ॥ 91

ਆਪੇ ਦੈਂਤ ਲਾਇ ਦਿਤੇ ਸੰਤ ਜਨਾ ਕਉ ਆਪੇ ਰਾਖਾ ਸੋਈ ॥ 93

ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥ 95

ਨਾਨਕ ਕਚੜਿਆ ਸਿਉਂ ਤੋੜਿ ਢੂਢਿ ਸਜਣ ਸੰਤ ਪਕਿਆ ॥ 97

ਖਿਨ ਮਹਿ ਨੀਚ ਕੀਟ ਕਉ ਰਾਜ ॥ 99

ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾਂ 101

ਸੰਤ ਬਾਬਾ ਸੁਖਦੇਵ ਸਿੰਘ ਜੀ 102


—

# ੧.
# ਜਿਨ ਅੰਦਰਿ ਪ੍ਰੀਤਿ ਪਿਰੰਮ ਕੀ ਜਿਉ ਬੋਲਨਿ ਤਿਵੈ ਸੋਹੰਨਿ ॥

*ਅੰਗ ੩੦੧*

ਸੱਚੀ ਪ੍ਰੀਤ ਦੇ ਰੱਤੜੇ, ਪੰਡਾਲ ਦੀਆਂ ਚਮਕਦੀਆਂ ਤਲਵਾਰਾਂ ਦੀ ਧਾਰ ਉੱਤੇ ਸੀਸ ਟਿਕਾਉਣ ਤੋਂ ਨਿਰਭੈ ਹੁੰਦੇ ਹਨ। ਸਹਿਨਸ਼ੀਲਤਾ ਉਨ੍ਹਾਂ ਦੇ ਸੁਚੇਤ ਮਨ ਵਿਚ ਪਰਿਵਰਤਨ ਨਹੀਂ ਆਉਣ ਦਿੰਦੀ। ਝਿੜਕਾਂ ਦੇ ਬੋਲ ਵੀ ਉਨ੍ਹਾਂ ਲਈ ਸੱਚ ਦੇ ਮਾਰਗ ਤੋਂ ਕੁਰਾਹੇ ਪੈਣ ਤੋਂ ਸਾਵਧਾਨ ਕਰਦੇ ਹਨ। ਪ੍ਰੀਤ ਦੇ ਘਾਇਲ ਪਤੰਗੇ ਨੂੰ ਦੀਪਕ ਦੀ ਅੱਗ ਵੀ ਭੈਅ ਨਹੀਂ ਦੇ ਸਕਦੀ। ਤੱਤੀਆਂ ਤਵੀਆਂ ਵੀ ਸੱਚੇ ਨਿਹੁ ਦਾ ਤੰਦ ਨਹੀਂ ਸਾੜ ਸਕਦੀਆਂ। ਆਰੀਆਂ ਦੇ ਦੰਦੇ ਆਤਮਾਂ ਨੂੰ ਜ਼ਖ਼ਮੀ ਕਰਨ ਤੋਂ ਅਸਮਰਥ ਹਨ। ਮੁਰਸ਼ਦ ਦਾ ਇਕ-ਇਕ ਬੋਲ ਅਮੋਲਕ ਮੋਤੀ ਹੁੰਦਾ ਹੈ। ਝਿੜਕ ਗੁਨਾਹਾਂ ਲਈ ਆਰੀ ਹੈ। ਨਿਮਰਤਾ ਸੱਚ ਦਾ ਮਾਰਗ ਹੈ। ਸਹਿਨਸ਼ੀਲਤਾ ਕਰੋਧ ਲਈ ਵਿਸ਼ ਹੈ। ਹੰਕਾਰ ਅਤੇ ਸਵੈਮਾਨ (ਘਮੰਡ) ਦਿਆਲਤਾ ਲਈ ਕੈਂਚੀ ਹੈ। ਪਾਖੰਡ ਪ੍ਰਭੂ ਨੂੰ ਚੁਣੌਤੀ ਹੈ।

ਬਾਬਾ ਜੀ ਕਈ ਵਾਰ ਕਵਿਤਾ ਦੇ ਰੂਪ ਵਿਚ ਕਦੇ ਸਧਾਰਣ ਬੋਲਾਂ ਦੇ ਰੂਪ ਵਿਚ ਬਚਨ ਕਰਿਆ ਕਰਦੇ ਸਨ। ਇਕ ਸਵੈਯਾ ਬਾਬਾ ਜੀ ਮਹਾਰਾਜ ਦੀ ਅਪਣੀ ਰਚਨਾ ਹੈ, ਜੋ ਕਿ ਸੰਤ ਸ੍ਰੀ ਰਾਮ ਸਿੰਘ ਜੀ ਮਲੂਕੇ ਵਾਲਿਆਂ ਦੇ ਭਾਣਜੇ ਸ਼ਾਸਤ੍ਰੀ ਜੀ ਨੇ ਲਿਖਾਈ ਹੈ। ਇਸ ਅੰਦਰ ਹਜ਼ੂਰ ਬਾਬਾ ਜੀ ਨੇ ਆਪਣੇ ਗੁਰੂ ਸ੍ਰੀ ਰਾਮ ਸਿੰਘ ਜੀ ਸੂਸਾ ਵਾਲਿਆਂ ਦੀ ਸਿਫ਼ਤ ਕੀਤੀ ਹੈ।

**ਸਵੈਯਾ**

**ਰਾਮ ਮ੍ਰਿਗੰਦ ਮਹਾਂ ਤਨ ਸੁੰਦਰ ਜਾਂਹਿ ਪਿਖੇ ਸਭ ਹੀ ਦੁਖ ਭਾਜੇ ॥**
**ਦਾਮਨਿ ਸੀ ਦੁਤੀ ਸੋਹਤ ਹੈ ਅਰ ਕੰਜਨ ਸੇ ਸ਼ੁਭ ਹੈਨ ਵਿਰਾਜੇ ॥**
**ਚੰਦ ਸਮਾਨ ਸੁ ਭਾਲ ਲਸੈ ਅਰ ਚਾਲ ਮ੍ਰਿਗੰਦ ਮਹਾਂ ਛਬਿ ਛਾਜੇ ॥**





**ਹਰਿਨਾਮ ਮ੍ਰਿਗੰਦ ਕਰੇ ਪਦ ਬੰਦਨ ਆਜ ਕਰੇ ਹਮਰੇ ਸ਼ੁਭ ਕਾਜੇ ॥**

**ਸਵੈਯਾ**

**ਅਨਿਰੁਧ ਕੇ ਤਾਤ ਕੋ ਪਾਦਸੁ ਪ੍ਰਥਮ ਦੂਸਰ ਥੰਭ ਜੁ ਪਾੜ ਪ੍ਰਕਾਸ਼ਯੋ ॥**
**ਆਦ ਕੋ ਅੰਨ ਵਿਹਾਇ ਸੁ ਤਾਹਿ ਕੋ ਸੇਸ਼ ਜੁ ਵਰਣ ਭਲੈ ਜੁਗ ਰਾਖਯੋ ॥**
**ਜਾ ਪਦ ਪੰਕਜ ਕੇ ਜਲ ਕੋ ਸਿਵ ਜਾਨ ਪੁਨੀਤ ਭਲੇ ਸਿਰ ਰਾਖਯੋ ॥**
**ਹਰਿਨਾਮ ਮ੍ਰਿਗੰਦ ਕਹੇ ਕਰ ਜੋਰ ਸੁਮਾਇ ਪਰੇ ਤੁਮ ਮਾਇ ਪ੍ਰਕਾਸ਼ਯੋ ॥**

ਇਕ ਕਬਿੱਤ ਭਾਈ ਕੇਸਰ ਸਿੰਘ ਜੀ ਬਾਬਾ ਜੀ ਨੂੰ ਸੁਣਾਇਆ ਕਰਦੇ ਸਨ :

**ਕਬਿੱਤ**

**ਰੋਂਵਦੀ ਹੈ ਹੀਰ ਗਲ ਲੱਗ ਕੇ ਸਹੇਲੀਆਂ ਦੇ,**
**ਬਹੁੜੀ ਨੀ ਸਹੀਓ ਕੌਣ ਪੀੜ ਨੂੰ ਵੰਡਾਏ ਨੀ ॥**
**ਆਇਕੇ ਹਾਲ ਵੇਖ ਲਵੋ ਮੇਰਾ ਤੱਤੜੀ ਦਾ,**
**ਫੇਰ ਇਨ੍ਹਾਂ ਸੂਰਤਾਂ ਨੂੰ ਰੱਬ ਹੀ ਮਿਲਾਵੇ ਨੀ ॥**
**ਰੋਵਨ ਸਹੇਲੀਆਂ ਮਿਲਾਪ ਕਰ ਹੀਰ ਨਾਲ,**
**ਹੋ ਗਈ ਨਿਮਾਣੀ ਕੈਸੇ ਬੰਨਦੀ ਸੈ ਦਾਵੇ ਨੀ ॥**
**ਜੋਰਾ ਸਿੰਘ ਰਾਂਝਣਾ ਸੁਣਾਵਦਾ ਹੈ ਹੀਰ ਤਾਂਈ,**
**ਲਿਖਿਆ ਜੋ ਲੇਖ ਸਾਈਂ ਕੌਣ ਸੋ ਮਿਟਾਵੇ ਨੀ ॥**
**ਬਾਬਾ ਜੀ ਦੇ ਹੋਰ ਬਚਨ ਸਨ,**
**ਓਂ ਕਸਕੇ ਪਗਰੀ ਕਸਕੇ ਪਗਰੀ ॥**
**ਗਿਰ ਕਿਓਂ ਨਾ ਪਰੀ ਗਿਰ ਕਿਓਂ ਨ ਪਰੀ ॥**
**ਕਸਕੇ ਪਗਰੀ ਕਸਕੇ ਪਗਰੀ ॥**

ਗਿਰ ਇਓਂ ਨ ਪਰੀ, ਗਿਰ ਇਓਂ ਨਾ ਪਰੀ॥
ਓਂ ਸ੍ਰੀ ਲਖਿਯਮੀ ਨਰ ਸਿੰਘ ਦੇਵਾਇ ਨਮਃ ਸ੍ਵਾਹਾ॥
ਯਾਰੀ ਲਾਵਣ ਤੇ ਜਾਨ ਛੁਪਾਵਣ ਏਹ ਗਲ ਬੇ ਹਸਾਬੋਂ॥
ਜੇ ਲੱਖ ਪਾਇ ਸੰਦੂਕ ਛੁਪਾਈਏ ਆਉਦ ਮੁਸ਼ਕ ਗੁਲਾਬੋ॥

ਪੰਡੋਰੀ ਨਿੱਝਰਾਂ ਵਾਲੀ ਵਾਲੇ ਸੰਤ ਮੱਲ ਸਿੰਘ ਜੀ ਬਾਬਾ ਜੀ ਦੇ ਗੁਰੂ ਸਨ। ਉਨ੍ਹਾਂ ਦਾ ਰਚਿਆ ਛੰਦ ਪ੍ਰਸਤੁਤ ਹੈ:

ਰੇਖਤਾ ਓਂ ਲੱਗੀ ਸੱਚ ਕੀ ਕਾਨੀ॥ ਛੱਡੇ ਯਾਰ ਦਿਲ ਜਾਨੀ॥
ਮੈਲਾ ਭੇਸ ਹਮ ਕੀਆ॥ ਭੂਖਨਹਾਰ ਸਭ ਤੋੜੇ॥
ਗੁਰ ਕੇ ਬਾਰ ਜਾ ਮੂਏ॥ ਮਹਰਮ ਹਾਲ ਕੇ ਹੂਏ॥
ਅਨਹਦ ਸ਼ਬਦ ਜਹਿ ਬਾਜੇ॥ ਸੁਨਕੇ ਦੂੰਦ ਭਾਜੇ॥

(ਕਵੀ ਜੋਰਾ ਸਿੰਘ ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਦੇ ਭਾਈ ਸਨ ਜਿਨ੍ਹਾਂ ਨੇ ਨਾਨਕ ਪ੍ਰਕਾਸ਼, ਸ੍ਰੀ ਗੁਰ ਪ੍ਰਤਾਪ ਸੂਰਜ ਆਦ ਗਰੰਥ ਲਿਖੇ ਸਨ।)

ਹਿੰਦ ਤੁਰਕ ਤੇ ਨਿਆਰੇ॥ ਸਿਰ ਤੇ ਭਾਰ ਸਭ ਟਾਰੇ॥
ਹਮ ਤੋਂ ਲਾਜ ਸਭ ਖੋਈ॥ ਹਮਰੀ ਜਾਤ ਨ ਕੋਈ॥
ਹਮ ਤੋਂ ਸਿੰਘ ਹੈਂ ਸੂਰੇ॥ ਸਤਿਗੁਰ ਜਿਨ੍ਹਾਂ ਕੇ ਪੂਰੇ॥
ਭਰਮ ਕਾ ਨਾਸ ਜਬ ਕੀਆ॥ ਮਾਲਕ ਕੁਲ ਕਾ ਥੀਆ॥
ਹਮ ਤੋਂ ਮੌਜ ਕੇ ਖਿਆਲੀ॥ ਕਿ ਚਲਦੇ ਹੰਸ ਕੀ ਚਾਲੀ॥
ਬੋਲੇ ਮੱਲ ਸਿੰਘ ਪਿਆਰਾ॥ ਹਮਾਰਾ ਦੇਸ਼ ਹੈ ਨਿਆਰਾ॥
ਮਹਰਮ ਹਾਲ ਕੋ ਜਾਣੈ॥ ਖੁਲਾਸੇ ਰੰਗ ਜੋ ਮਾਣੈ॥
ਬਾਬਾ ਜੀ ਦੀ ਰਸਨਾ ਤੋਂ ਹੋਰ ਬਚਨ ਕਵਿਤਾ ਦੇ ਰੂਪ ਵਿਚ।
ਪਰਬਤ ਜੇਡ ਭੁਲੇਖਾ ਪੈ ਗਿਆ, ਫਰਕ ਨਹੀਂ ਵਿਚ ਰਾਈ
ਕਰਦ ਛੁਰੀ ਵਿਚ ਭੇਦ ਨਹੀਂ ਕਹੇ ਹਲਵੈ ਹੱਦ ਬਤਾਈ॥
ਕਰਦੇ ਫੇਰ ਕਾਜੀ ਨਹੀਂ ਖਾਂਦਾ ਕਾਜੀ ਸਮਝ ਨਾ ਆਈ॥
ਗੰਗਾ ਮੱਕਾ ਧਾਮ ਬਨਾਏ ਅੰਨ੍ਹਿਆਂ ਦੇ ਗਲ ਫਾਹੀ॥
ਜਿਨ੍ਹਾਂ ਨੂੰ ਸੰਤ ਖੁਲਾਸੇ ਮਿਲ ਗਏ ਮਿਟੀ ਭਰਮ ਦੀ ਛਾਈ॥





ਪੜਦਾ ਜ਼ਾਹਰ ਹੋਇਆ॥
ਬ੍ਰਾਮਣ ਗਿਆਸ ਕਰੇ ਚਉਬੀਸਾਂ ਕਾਜੀ ਮਹਿ ਰਮਜਾਨਾ॥
ਗਿਆਰਹ ਮਾਸ ਪਾਸ ਕੈ ਰਾਖੈ ਏਕੈ ਮਾਹਿ ਨਿਧਾਨਾ॥
ਕਹਾਂ ਉਡੀਸੇ ਮਜਨ ਕੀਆ ਕਿਆ ਮਸੀਤ ਸਿਰ ਨਾਏ॥
ਜਉ ਦਿਲ ਮਹਿ ਕਪਟ ਨਿਵਾਜ ਗੁਜਾਰਹਿ ਕਿਆ ਹੱਜ ਕਾਬੈ ਜਾਏ॥

ਹਜ਼ੂਰ ਦੇ ਦਾਦਾ ਗੁਰੂ ਮੱਲ ਸਿੰਘ ਜੀ ਦਾ ਹੋਰ ਛੰਦ ਪੇਸ਼ ਹੈ:

ਐਨ ਅੰਨਿਆ ਹਿੰਦੂਆਂ ਸੂਝ ਨਾਹੀ
ਤੁਰਕਾ ਕਾਨਿਆ ਕੁਝ ਨ ਜਾਨਿਆ ਈ।
ਆਪੋ ਅਪਣੀ ਤਰਫ਼ ਨੂੰ ਖਿਚਦੇ ਨੇ
ਜਾਲ ਬੇਦ ਕਤੇਬਾਂ ਦਾ ਤਾਨਿਆ ਈ।
ਫਸਿਆ ਜਾਲ ਮੇ ਪਸੂ ਜਹਾਨ ਸਾਰਾ
ਕੈਦ ਬੰਦੀ ਮੇ ਸਭ ਰੰਝਾਨਿਆਂ ਈ॥
ਕਿੱਸੇ ਬੇ-ਨੁਮਾ ਤੋੜ ਕੇ ਮੱਲ ਸਿੰਘ
ਹਰ ਹਾਲ ਦੇ ਸ਼ੌਂਕ ਨੂੰ ਮਾਨਿਆ ਈ॥

ਇਸ ਤਰ੍ਹਾਂ ਦੇ ਅਨੇਕਾਂ ਬਚਨ ਹਜ਼ੂਰ ਕਰਦੇ ਰਹਿੰਦੇ ਸਨ।

## ੨.

## ਤੂ ਅਚਰਜੁ ਕੁਦਰਤਿ ਤੇਰੀ ਬਿਸਮਾ॥

*ਅੰਗ ੫੬੩*

ਅਸਚਰਜ ਸ਼ਬਦ ਨੇ ਮਨੁੱਖ ਦੇ ਦਿਮਾਗ਼ ਦੇ ਨਾਸਤਕਪੁਣੇ ਦੀ ਮੈਲ ਨੂੰ ਕਾਫ਼ੀ ਸੱਟ ਮਾਰੀ ਹੈ। ਪਰ ਕਈ ਇਹ ਸਭ ਕੁਝ ਅਸਚਰਜ ਦੇਖ ਕੇ ਵੀ ਹਉਮੈਂ ਦੀ ਅੱਗ ਵਿਚ ਸੜਦੇ ਹਨ। ਛੋਟੇ-ਛੋਟੇ ਆਕਾਰ ਦੇ ਜੀਵਾਂ ਵਿਚ ਦਿਲ

ਦਿਮਾਗ਼ ਪਾਏ, ਅਸਚਰਜ ਹੈ ਇਹ ਆਰਟਿਸਟ ਜਿਸ ਨੇ ਅਰਬਾਂ ਮਨੁੱਖਾਂ ਦੀ ਘੜਨ ਸਮੇਂ ਸ਼ਕਲ ਵੀ ਨਹੀਂ ਮਿਲਣ ਦਿੱਤੀ। ਜੀਵ ਦੀ ਉਤਪਤੀ ਕਰਕੇ ਉਸਦੇ ਆਹਾਰ ਲਈ ਵੱਖੋ-ਵੱਖਰੇ ਸਾਧਨ ਜੁਟਾਏ। ਕੁਦਰਤ ਤੇਰੀ ਸਮੁੰਦਰ ਵਿਚ ਪਾਣੀ ਸੜਨ ਦੇ ਕ੍ਰਿਸ਼ਮੇ, ਪਹਾੜਾਂ ਵਿਚ ਜੁਆਲਾਮੁਖੀ ਫਟਦੇ, ਚਸ਼ਮੇ ਫੁਟਦੇ, ਜਲ ਤੋਂ ਥੱਲ ਤੇ ਮਾਰੂਥਲਾਂ ਵਿਚ ਬਨਾਸਪਤੀ ਪੈਦਾ ਕਰ ਦਿੱਤੀ ਹੈ। ਪਰ ਕ੍ਰਿਸ਼ਮੇ ਪ੍ਰਤੱਖ ਵਿਖਾ ਕੇ ਵੀ ਇਨਸਾਨੀ ਸੋਚ ਨੂੰ ਮੈਂ ਦੀਆਂ ਘੁੰਮਣ ਘੇਰੀਆਂ ਵਿਚ ਪਾ ਦਿੱਤਾ। ਆਪਣੀ ਹੋਂਦ ਦੇ ਪ੍ਰਚਾਰ ਲਈ ਮਹਾਂਪੁਰਖ ਵੀ ਇਸ ਸ੍ਰਿਸ਼ਟੀ ਵਿਚ ਸਮੇਂ ਸਮੇਂ ਨਾਲ ਭੇਜੇ ਜਿਨ੍ਹਾਂ ਨੇ 'ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ' ਸਾਨੂੰ ਸਾਬਤ ਕਰ ਦਿਖਾਇਆ। ਭਾਵਨਾ ਹੈਰਾਨੀ ਪੈਦਾ ਕਰ ਦਿੰਦੀ ਹੈ ਪਰ ਪ੍ਰਤੀਤ ਮਨ ਨੂੰ ਸਥਿਰਤਾ ਨਹੀਂ ਦਿੰਦੀ। ਸਤਿਗੁਰਾਂ ਦਾ ਫ਼ੁਰਮਾਨ ਹੈ:

**ਨਾਨਕ ਬੁਝਣੁ ਪੂਰੈ ਭਾਗਿ॥**

ਭੁੱਚੋਂ ਕਲਾਂ ਦਾ ਵਾਸੀ ਵੀਰ ਸਿੰਘ ਮਾਨ ਪਿੰਡ ਵਿਚ ਬਾਬਾ ਜੀ ਦੇ ਕੌਤਕ ਸੁਣਦਾ ਰਹਿੰਦਾ ਸੀ, ਪਰ ਯਕੀਨ ਨਹੀਂ ਬੱਝਿਆ ਸੀ। ਇਕ ਦਿਨ ਵੀਰ ਸਿੰਘ ਮਾਨ ਤੇ ਉਸ ਦਾ ਸਾਥੀ ਨਹਿਰ ਦਾ ਪਾਣੀ ਲਾਉਣ ਲਈ ਦੂਰ ਖੇਤ (ਜੋ ਚਾਰ ਕਿਲੋਮੀਟਰ ਦੇ ਕਰੀਬ ਸੀ) ਗਏ। ਉਸ ਨੇ ਦੇਖਿਆ ਸਾਹਮਣੇ ਉੱਚੀ ਜਗ੍ਹਾ ਤੇ ਝਾੜਾਂ ਵਿਚ ਬਾਬਾ ਜੀ ਖੜ੍ਹੇ ਹਨ। ਉਸਨੇ ਸਾਥੀ ਨੂੰ ਦਿਖਾਇਆ। ਉਸ ਨੇ ਕਿਹਾ, "ਠੀਕ ਬਾਬਾ ਜੀ ਹਨ।" ਉਨ੍ਹਾਂ ਸੁਣਿਆ ਸੀ ਕਿ ਬਾਬਾ ਜੀ ਟਿੱਲਾ ਸਾਹਿਬ ਖਾਲੀ ਨਹੀਂ ਛੱਡਦੇ, ਹਰ ਸਮੇਂ ਉਥੇ ਹਾਜ਼ਰ ਰਹਿੰਦੇ ਹਨ। ਉਨ੍ਹਾਂ ਸੋਚਿਆ ਅੱਜ ਤਸੱਲੀ ਕਰੀਏ ਕਿ ਬਾਬਾ ਜੀ ਟਿੱਲੇ ਉਪਰ ਹੀ ਹਨ। ਉਨ੍ਹਾਂ ਕੋਲ ਊਠ ਸਵਾਰੀ ਲਈ ਸੀ। ਇੱਕ ਪਾਣੀ ਲਾਉਣ ਲੱਗ ਪਿਆ ਤੇ ਵੀਰ ਸਿੰਘ ਊਠ 'ਤੇ ਚੜ੍ਹ ਕੇ ਪਿੰਡ ਵੱਲ ਤੁਰ ਪਿਆ। ਉਸਨੇ ਊਠ ਨੂੰ ਬਹੁਤ ਤੇਜ਼ ਦੌੜਾਇਆ ਤਾਂ ਕਿ ਬਾਬਾ ਜੀ ਪਹਿਲਾਂ ਟਿੱਲੇ ਉਪਰ ਨਾ ਪਹੁੰਚ ਜਾਣ। ਬਾਬਾ ਜੀ ਦੇ ਆਸਣ (ਟਿੱਲਾ ਸਾਹਿਬ) ਨੇੜੇ ਪਹੁੰਚ ਕੇ ਉਹ ਊਠ ਕਿੱਕਰ ਦੇ ਦਰਖ਼ਤ ਨਾਲ ਬੰਨ੍ਹਣ ਹੀ ਲੱਗਾ ਸੀ ਕਿ ਟਿੱਲਾ ਸਾਹਿਬ ਤੋਂ ਬਾਬਾ ਜੀ ਨੇ ਖੰਘੂਰਾ ਮਾਰਿਆ। ਉਸ ਨੇ ਸੋਚਿਆ, "ਇਹ ਤਾਂ ਇੱਥੇ ਵੀ ਬੈਠੇ ਹਨ। ਮੈਂ ਉਥੇ ਚੱਲ ਕੇ ਫੇਰ ਦੇਖਦਾ ਹਾਂ ਕਿ ਉਥੇ ਵੀ ਹਨ।" ਬਾਬਾ ਜੀ ਨੇ ਸੇਵਕ ਨੂੰ ਹੁਕਮ ਦਿੱਤਾ, "ਜਾਉ! ਊਠ ਵਾਲੇ ਨੂੰ ਬੁਲਾ ਕੇ ਲਿਆਉ।"





ਸੇਵਕ ਨੇ ਵੀਰ ਸਿੰਘ ਨੂੰ ਬੁਲਾਇਆ। ਉਸਨੇ ਆ ਕੇ ਚਰਨਾਂ 'ਤੇ ਨਮਸਕਾਰ ਕੀਤੀ।

ਬਾਬਾ ਜੀ ਨੇ ਬਚਨ ਕੀਤਾ, "ਊਠ ਨੂੰ ਇੰਨਾ ਕਿਉਂ ਭਜਾਇਆ ਸੀ, ਫੇਰ ਕੀ ਪਹਿਲਾਂ ਆ ਗਿਆ ਹੈਂ?"

ਉਸਨੇ ਕਿਹਾ, "ਮਹਾਰਾਜ! ਮੈਨੂੰ ਮੁਆਫ਼ ਕਰ ਦਿਓ। ਤੁਸੀਂ ਤਾਂ ਹਰ ਥਾਂ 'ਤੇ ਬਿਰਾਜਮਾਨ ਹੋ, ਤੁਹਾਡੀ ਲੀਲ੍ਹਾ ਅਪਰੰਪਾਰ ਹੈ।"

ਆਗਿਆ ਲੈ ਕੇ ਵੀਰ ਸਿੰਘ ਵਾਪਸ ਚਲਾ ਗਿਆ।

(੨)

ਭੁੱਚੋ ਕਲਾਂ ਦੇ ਕੁਝ ਪਸ਼ੂ ਚਾਰਣ ਵਾਲੇ ਜੱਬੋਆਣਾ ਛੱਪੜ ਦੇ ਨਾਂ ਨਾਲ ਜਾਣੇ ਜਾਂਦੇ ਖੇਤਾਂ ਵਿਚ ਪਸ਼ੂ ਚਾਰ ਰਹੇ ਸਨ। ਉਨ੍ਹਾਂ ਨੂੰ ਇਕ ਜੰਡ ਦੇ ਦਰਖ਼ਤ ਹੇਠ ਬਾਬਾ ਜੀ ਖੜ੍ਹੇ ਨਜ਼ਰ ਆਏ। ਉਨ੍ਹਾਂ ਨੇ ਨੇੜੇ ਆ ਕੇ ਨਮਸਕਾਰ ਕੀਤੀ। ਦੋ ਆਦਮੀਆਂ ਨੇ ਜਗ੍ਹਾਂ ਬੈਠਣ ਲਈ ਸਾਫ਼ ਕਰ ਦਿੱਤੀ। ਹਜ਼ੂਰ ਬੈਠ ਗਏ। ਦਿਨ ਦੇ ਪਿਛਲੇ ਪਹਿਰ ਪਸ਼ੂ ਪਿੰਡ ਵੱਲ ਨੂੰ ਤੁਰ ਪਏ। ਚਾਰਣ ਵਾਲੇ ਵੀ ਤੁਰ ਪਏ। ਹਜ਼ੂਰ ਉਥੇ ਹੀ ਬੈਠੇ ਰਹੇ। ਇੱਕ ਪ੍ਰੇਮੀ ਫੁੰਮਣ ਸਿੰਘ ਨੇ ਬਾਕੀਆਂ ਨੂੰ ਕਿਹਾ, "ਲੋਕ ਕਹਿੰਦੇ ਹਨ, ਬਾਬਾ ਜੀ ਆਸਣ ਸੁੰਨਾਂ ਨਹੀਂ ਛੱਡਦੇ। ਅੱਜ ਟਿੱਲਾ ਸਾਹਿਬ 'ਤੇ ਚੱਲ ਕੇ ਵੇਖਦੇ ਹਾਂ।"

ਪਸ਼ੂ ਤੇ ਸਾਥੀਆਂ ਨੂੰ ਛੱਡ ਕੇ ਆਪ ਭੱਜ ਕੇ ਦੇਖਣ ਲਈ ਗਿਆ। ਜਿਸ ਵੇਲੇ ਡੇਰੇ ਪਹੁੰਚਿਆ ਤਾਂ ਬਾਬਾ ਜੀ ਹੱਸ ਕੇ ਕਹਿਣ ਲੱਗੇ, "ਲੈ ਬਈ ਤੇਰੇ ਤੋਂ ਪਹਿਲਾਂ ਹੀ ਆ ਗਏ ਹਾਂ।" ਉਹ ਸਭ ਦੇਖ ਕੇ ਹੈਰਾਨ ਹੋਇਆ ਨਮਸਕਾਰ ਕਰਕੇ ਘਰ ਆ ਗਿਆ।

(੩)

ਭੁੱਚੋ ਕਲਾਂ ਦਾ ਸੁੱਚਾ ਸਿੰਘ ਘੋਟਣਾ ਆਪਣੇ ਨੌਕਰ ਨਾਲ ਜ਼ਮੀਨ ਵਾਹੁਣ ਦੇ ਲਈ ਸਵੇਰ ਵੇਲੇ ਪਸ਼ੂ ਲੈ ਕੇ ਜਾ ਰਿਹਾ ਸੀ। ਉਸ ਨੂੰ ਸਾਹਮਣੇ ਰੂੰਮੀ ਵਾਲੇ ਖੇਤਾਂ ਵਿਚ ਟਿੱਬੇ ਉਪਰ ਖੜ੍ਹੇ ਬਾਬਾ ਜੀ ਨਜ਼ਰ ਆਏ। ਦੋਨਾਂ ਨੇ ਨਮਸਕਾਰ ਕੀਤੀ। ਸੁੱਚਾ ਸਿੰਘ ਨੇ ਨੌਕਰ ਦੇ ਕੰਨ ਵਿਚ ਕਿਹਾ, "ਤੂੰ ਚੱਲ ਮੈਂ ਠਹਿਰ ਕੇ ਤਸੱਲੀ ਕਰਕੇ ਆਉਂਦਾ ਹਾਂ ਕਿ ਬਾਬਾ ਜੀ ਟਿੱਲੇ ਉਪਰ ਵੀ ਹਨ।" ਚੰਗੀ

ਤਰ੍ਹਾਂ ਹਜ਼ੂਰ ਨੂੰ ਖੜ੍ਹਾ ਦੇਖ ਕੇ ਊਠਣੀ ਤੇ ਬੈਠ ਗਿਆ ਤੇ ਡੇਰੇ ਵੱਲ ਚੱਲ ਪਿਆ। ਊਠਣੀ ਨੂੰ ਸੋਟੀਆਂ ਮਾਰ-ਮਾਰ ਕੇ ਖੂਬ ਭਜਾਇਆ। ਪਰ ਅੱਗੇ ਕੀ ਦੇਖਦਾ ਹੈ ਕਿ ਬਾਬਾ ਜੀ ਆਸਣ ਉਪਰ ਬੈਠੇ ਹਨ।

ਹਜ਼ੂਰ ਬਾਬਾ ਜੀ ਨੇ ਦੇਖ ਕੇ ਬਚਨ ਕੀਤਾ, "ਕਿਉਂ ਇਸ ਨੂੰ ਦੁਖੀ ਕੀਤਾ। ਇਸ ਦਾ ਸਾਹ ਚੜ੍ਹਿਆ ਹੈ, ਅਸੀਂ ਤਾਂ ਇੱਥੇ ਹੀ ਬੈਠੇ ਹਾਂ।"

ਸੁੱਚਾ ਸਿੰਘ ਨੇ ਮਨ ਵਿਚ ਕਿਹਾ, "ਅਜੀਬ ਤੁਹਾਡੀ ਲੀਲ੍ਹਾ ਹੈ। ਹਰ ਥਾਂ ਬਿਰਾਜਮਾਨ ਹੋ। ਸਰਬ ਵਿਆਪੀ ਹੋ।" ਉਸ ਨੇ ਨਮਸਕਾਰ ਕੀਤਾ ਅਤੇ ਵਾਪਸ ਚਲਾ ਗਿਆ।

(ਇਹ ਬਚਨ ਵੀਰ ਸਿੰਘ ਦੇ ਭਤੀਜੇ ਬਾਬਾ ਸਿੰਘ ਮਾਨ ਤੋਂ ਮਿਲੇ ਹਨ)

## ੩.

## ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ॥

ਪੰਜ ਵਿਕਾਰਾਂ ਨੇ ਹਮੇਸ਼ਾਂ ਹੀ ਜ਼ਿੰਦਗੀ ਨੂੰ ਇਨਸਾਨੀਅਤ, ਇਖਲਾਕ, ਜ਼ਮੀਰ, ਸ੍ਰੇਸ਼ਟ ਬੁੱਧੀ, ਈਮਾਨ, ਨੇਕਨੀਤੀ ਤੋਂ ਦੂਰ ਕਰਕੇ ਖੁਦਗਰਜ਼ੀ ਦਿੱਤੀ ਹੈ। ਬੁਰੀ ਆਦਤ ਜ਼ਿੰਦਗੀ ਦੇ ਸਫ਼ਰ ਵਿਚ ਅਨਸਹੇੜੇ ਦੁੱਖਾਂ ਨੂੰ ਦਰਵਾਜ਼ੇ ਤੇ ਲਿਆ ਖੜੀ ਕਰਦੀ ਹੈ। ਆਦਤਾਂ ਤੋਂ ਬੇਬੱਸ ਇਨਸਾਨ ਦੁੱਖਾਂ ਦੀਆਂ ਜੜਾਂ ਹੋਰ ਗਹਿਰਾਈ ਵਿਚ ਪਾ ਕੇ ਪਤਾਲ ਵਿਚ ਲਾ ਲੈਂਦਾ ਹੈ ਕਿਉਂਕਿ ਇਕ ਝੂਠ ਨੂੰ ਛੁਪਾਉਣ ਲਈ ਹੋਰ ਝੂਠ ਦਾ ਸਹਾਰਾ ਲੈਣਾ ਇਨਸਾਨੀ ਮਨ ਦੀ ਕਮਜ਼ੋਰੀ ਹੈ। ਕੁਕਰਮਾਂ ਕਰਕੇ ਬੁਰਾਈਆਂ ਦੀ ਅੱਗ ਵਿਚ ਡਿੱਗਿਆ ਪਸ਼ਚਾਤਾਪ ਰੂਪੀ ਧੂੰਏ ਦਾ ਸਹਾਰਾ ਲੈ ਕੇ ਬਾਹਰ ਨਿਕਲਣ ਦੀ ਕੋਸ਼ਿਸ਼ ਕਰਦਾ ਹੋਇਆ ਬਾਹਰ ਨਹੀਂ ਨਿਕਲ ਸਕਦਾ ਤੇ ਆਖਿਰ ਸੜ ਕੇ ਸੁਆਹ ਦਾ ਢੇਰ ਬਣ ਜਾਂਦਾ ਹੈ। ਸ਼ੈਤਾਨ ਮਨ ਹਮੇਸ਼ਾਂ ਬੁਰਾਈਆਂ ਦੀਆਂ ਗੁੱਥੀਆਂ ਗੁੰਦਦਾ ਰਹਿੰਦਾ ਹੈ। ਬਦਨਾਮੀ ਉਸ ਦੀ ਰੂਹ ਦੀ ਖੁਰਾਕ ਬਣ ਕੇ ਸਰਬੱਤ ਦੇ ਭਲੇ ਤੋਂ ਦੂਰ ਰੱਖਦੀ





ਹੈ। ਇਹੋ ਜਿਹੇ ਇਨਸਾਨ ਨਾਲ ਢੁੱਕਦਾ ਹੈ ਇਹ ਪ੍ਰਸੰਗ:

ਇਕ ਦਿਨ ਸ੍ਰੀ ਬਾਬਾ ਜੀ ਮਹਾਂ ਹਰਿਨਾਮਸਿੰਘ ਜੀ ਮਹਾਰਾਜ ਆਪਣੇ ਸਾਈਂ ਦੇ ਰੰਗ ਵਿਚ ਰੱਤੇ 'ਚਰਨ ਕਮਲ ਕੀ ਮੌਜ ਮਹਿ' ਮਸਤ ਬੈਠੇ ਸਨ।

**ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ॥**

ਜਲਾਲ ਅਤੇ ਜਮਾਲ ਦੋਹਾਂ ਦੀ ਇਕੋ ਰੂਪ ਵਿਚੋਂ ਇਕ ਹੀ ਸਮੇਂ ਝਲਕ ਵੱਜ ਰਹੀ ਸੀ। 'ਕਰੀਮੁਲ ਕਮਾਲ ਹੈ ਕਿ ਹੁਸਨਲ ਜਮਾਲ ਹੈ' ਦੇ ਦਰਸ਼ਨ ਹੋ ਰਹੇ ਸਨ।

**ਸਾਧ ਰੂਪ ਅਪਨਾ ਤਨ ਧਾਰਿਆ॥**

ਪਹਿਰੇਦਾਰ ਨੇ ਹੇਠਾਂ ਤੋਂ ਆਵਾਜ਼ ਦਿੱਤੀ, "ਹਜ਼ੂਰ ਇਕ ਚਿੱਠੀ ਆਈ ਹੈ।"

ਹੁਕਮ ਹੋਇਆ, "ਚਿੱਠੀ ਅਤੇ ਚਿੱਠੀ ਲਿਆਉਣ ਵਾਲੇ ਨੂੰ ਹਾਜ਼ਰ ਕਰੋ।" ਚਿੱਠੀ ਦੇਣ ਵਾਲਾ ਉਪਰ ਚਿੱਠੀ ਦੇ ਕੇ ਨਮਸਕਾਰ ਕਰਕੇ ਵਾਪਸ ਚਲਾ ਗਿਆ। ਹੁਕਮ ਅਨੁਸਾਰ ਚਿੱਠੀ ਪੜ੍ਹੀ ਗਈ। ਚਿੱਠੀ ਜੈਤੋ (ਜ਼ਿਲ੍ਹਾ ਫਰੀਦਕੋਟ) ਤੋਂ ਆਈ ਸੀ। ਜ਼ੈਲਦਾਰ ਨੇ ਲਿਖਿਆ ਗਰੀਬ ਨਿਵਾਜ਼ ਮੇਰੇ ਕੋਲ ਸਰਕਾਰੀ ਬੰਦੇ ਆ ਕੇ ਦੱਸਦੇ ਹਨ ਕਿ ਭੁੱਚੋ ਵਾਲੇ ਸੰਤ ਉਪਰ ਸਰਕਾਰ ਸ਼ੱਕ ਕਰਦੀ ਹੈ ਕਿ ਇਨ੍ਹਾਂ ਕੋਲ ਚੋਰ ਡਾਕੂ ਆਉਂਦੇ ਹਨ ਅਤੇ ਰਹਿੰਦੇ ਵੀ ਹਨ। ਆਪ ਜੀ ਪਾਸ ਇਕ ਤੋਪ ਵੀ ਦੱਸਦੇ ਹਨ। ਜਦ ਤੱਕ ਮੇਰੇ ਵੱਸ ਦੀ ਗੱਲ ਸੀ ਮੈਂ ਆਪ ਤੱਕ ਪਹੁੰਚਣ ਨਹੀਂ ਦਿੱਤੀ। ਪਰ ਹੁਣ ਮੇਰੇ ਵੱਸ ਤੋਂ ਬੇਵੱਸ ਹੋ ਗਈ ਹੈ। ਛੋਟੇ ਅਫ਼ਸਰਾਂ ਦੀ ਤਸੱਲੀ ਮੈਂ ਆਪ ਹੀ ਕਰਵਾ ਦਿੰਦਾ ਸਾਂ। ਪਰ ਹੁਣ ਤੁਸੀਂ ਅੰਤਰਜਾਮੀ ਹੋ। ਦੁਨੀਆਂ ਦੇ ਸੰਕਟ ਟਾਲਦੇ ਹੋ ਆਪਣੇ ਤਾਂ ਨਿਵਾਰਣੇ ਹੀ ਆਪ ਵੱਸ ਹਨ। ਹੋ ਸਕਦਾ ਹੈ ਆਪ ਦੇ ਅਸਥਾਨ ਦੀ ਤਲਾਸ਼ੀ ਵੀ ਹੋਵੇ। ਸਰਕਾਰ ਆਪ ਜੀ ਨੂੰ ਸ਼ੱਕ ਦੀ ਬਿਨਾ ਤੇ ਗ੍ਰਿਫ਼ਤਾਰ ਵੀ ਕਰਨ ਦਾ ਵਿਚਾਰ ਰੱਖਦੀ ਹੈ। ਤੁਸੀਂ ਸਮਰੱਥ ਸ਼ਕਤੀਵਾਨ ਹੋ। ਆਪਣੀ ਕਲਾ ਵਰਤਾ ਕੇ ਇਹ ਸਭ ਕੁਝ ਟਾਲਣ ਦੀ ਖੇਚਲ ਕਰਨੀ। ਗਰੀਬ ਨਿਵਾਜ਼! ਮੈਂ ਆਪਣਾ ਫਰਜ਼ ਪੂਰਾ ਕੀਤਾ ਹੈ। ਗਲਤੀ ਹੋਵੇ ਤਾਂ ਮਾਫ ਕਰਨਾ।" ਆਪ ਜੀ ਦਾ ਸੇਵਕ ਜੈਲਦਾਰ ਸਿੰਘ।

ਬਾਬਾ ਜੀ ਚਿੱਠੀ ਸੁਣ ਕੇ ਚੁੱਪ ਕਰ ਰਹੇ। ਤਿੰਨ ਦਿਨ ਬਾਅਦ ਬਠਿੰਡੇ ਜ਼ਿਲ੍ਹੇ ਦੇ ਸਾਰੇ ਜ਼ੈਲਦਾਰਾਂ ਨੂੰ ਇਕੱਠੇ ਹੋਣ ਦਾ ਹੁਕਮ ਹੋਇਆ। ਉਸ ਥਾਂ ਫਿਰੋਜ਼ਪੁਰ ਤੋਂ ਐੱਸ.ਪੀ. ਪੁਲੀਸ, ਐੱਸ.ਡੀ.ਐੱਮ., ਡੀ.ਐੱਸ.ਪੀ. ਤੇ ਹੋਰ ਪੁਲਿਸ ਫੋਰਸ ਵੀ ਭੁਚੋਂ ਮੰਡੀ ਪਹੁੰਚ ਗਈ। ਉਸੇ ਜਗਾ ਹੀ ਮਹਾਰਾਜਾ ਪਟਿਆਲਾ ਅਤੇ ਫਰੀਦਕੋਟ ਵੀ ਪਹੁੰਚ ਗਈ। ਸਾਰਿਆਂ ਵਿਚ ਗੱਲਬਾਤ ਹੋਈ ਤਾਂ ਸਭ ਨੇ ਬਾਬਾ ਜੀ ਬਾਰੇ ਸਤਿਕਾਰ ਤੇ ਸਿਫ਼ਤਾਂ ਕੀਤੀਆਂ। ਸੰਗਤ ਤੋਂ ਉਸਤਤੀ ਸੁਣ ਕੇ ਐੱਸ.ਡੀ.ਐੱਮ. ਅੰਗਰੇਜ਼ ਨੇ ਕਿਹਾ, "ਹੋਰ ਸਭ ਸਾਨੂੰ ਠੀਕ-ਠਾਕ ਲੱਗਿਆ ਹੈ, ਪਰ ਤੋਪ ਦੀ ਤਸੱਲੀ ਕਰਵਾ ਦਿਓ। ਤਲਾਸ਼ੀ ਅਸੀਂ ਜ਼ਰੂਰ ਲਵਾਂਗੇ।"

ਇਹ ਦੇਖਣ ਲਈ ਕਿ ਬਾਬਾ ਜੀ ਪਾਸ ਕਿਹੜੀ ਤੋਪ ਹੈ, ਸਾਰੀ ਸੰਗਤ ਬਾਬਾ ਜੀ ਵੱਲ ਚੱਲ ਪਈ। ਕੁਝ ਨੇ ਪਹਿਲਾਂ ਜਾ ਕੇ ਬਾਬਾ ਜੀ ਨੂੰ ਬੇਨਤੀ ਕਰ ਦਿੱਤੀ, "ਗਰੀਬ ਨਿਵਾਜ! ਡੇਰੇ ਦੀ ਤਲਾਸ਼ੀ ਲੈਣ ਆ ਰਹੇ ਹਨ।

ਇਹ ਸੁਣ ਆਪ ਜੀ ਨੇ ਬਚਨ ਕੀਤਾ, "ਜਿਹੜਾ ਡੇਰੇ ਦੀ ਹੱਦ ਵਿਚ ਆਇਆ, ਸੁੱਕਾ ਨਹੀਂ ਜਾਵੇਗਾ।"

ਇਸ ਤੋਂ ਉਪਰੰਤ ਬਚਨ ਕੀਤਾ, "ਉਹ ਤਾਂ ਆਪਣੇ ਆਪ ਹੀ ਸਭ ਕੁਝ ਦੇਖ ਰਿਹਾ ਹੈ। ਉਹ ਸਾਹਮਣੇ ਦੂਰਬੀਨ ਲਾ ਕੇ ਦੇਖ ਰਿਹਾ ਹੈ। ਸਾਡੇ ਉੱਪਰ ਰੌਸ਼ਨੀ ਪੈ ਰਹੀ ਹੈ।

ਅੰਗਰੇਜ਼ ਅਫ਼ਸਰ ਨੇ ਦੂਰਬੀਨ ਲਾ ਕੇ ਦੇਖ ਕੇ ਕਿਹਾ, "ਮੈਨੂੰ ਸਭ ਕੁਝ ਨਜ਼ਰ ਆ ਗਿਆ ਹੈ। ਮਹਾਂਪੁਰਖਾਂ ਬਾਰੇ ਕਿਸੇ ਨੇ ਝੂਠੀ ਸ਼ਕਾਇਤ ਕੀਤੀ ਹੈ।"

ਜ਼ੈਲਦਾਰ ਜੈਤੋਂ ਵਾਲੇ ਨੇ ਐੱਸ.ਪੀ. ਨੂੰ ਦੱਸਿਆ, " ਬਾਬਾ ਜੀ ਮੈਨੂੰ ਤੋਪ ਬਾਰੇ ਇਸ ਤਰ੍ਹਾਂ ਸਮਝਾਇਆ ਹੈ ਕਿ ਸਾਡੀ ਕੋਠੜੀ ਵਿਚ ਆਸਣ ਕੋਲ ਇਕ ਸੁਰਾਖ (ਮੋਰੀ) ਕੰਧ ਵਿਚ ਹੈ। ਅੰਦਰੋਂ ਅਸੀਂ ਜੋ ਬਚਨ ਕਰਦੇ ਹਾਂ ਉਹ ਬਾਹਰ ਇਸ ਮੋਰੀ ਰਾਹੀਂ ਸੁਣਾਈ ਦਿੰਦਾ ਹੈ। ਲੋਕਾਂ ਵਿਚ ਇਹ ਚਰਚਾ ਹੈ ਕਿ ਅਸੀਂ ਜੋ ਬਚਨ ਮੋਰੀ ਵਿਚੋਂ ਕਰਦੇ ਹਾਂ (ਤੋਪ ਦੇ ਗੋਲੇ ਸਮਾਨ ਲੱਗਦਾ ਹੈ) ਪੂਰਾ ਹੋ ਜਾਂਦਾ ਹੈ। ਇਹ ਸਾਡੀ ਤੋਪ ਹੈ।"

ਇਹ ਸਾਰੀ ਗੱਲ ਸੁਣ ਕੇ ਅੰਗਰੇਜ਼ ਐੱਸ.ਪੀ. ਸੰਗਤਾਂ ਸਮੇਤ ਬਾਬਾ ਜੀ ਪਾਸੋਂ ਮਾਫੀ ਮੰਗਣ ਗਿਆ। ਬਾਬਾ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ,



"ਮਹਾਰਾਜ! ਮੈਂ ਉਨ੍ਹਾਂ ਨੂੰ ਸਜਾ ਦਿਵਾਊਂਗਾ ਜਿਨ੍ਹਾਂ ਨੇ ਚੁਗਲੀ ਕੀਤੀ ਹੈ।"

ਬਾਬਾ ਜੀ ਨੇ ਬਚਨ ਕੀਤਾ, "ਤੂੰ ਉਨ੍ਹਾਂ ਨੂੰ ਕੀ ਸਜ਼ਾ ਦੇਵੇਂਗਾ? ਅਕਾਲ ਪੁਰਖ ਸਜ਼ਾ ਦੇਵੇਗਾ। ਉਨ੍ਹਾਂ ਦੀਆਂ ਜੜ੍ਹਾਂ ਪੁੱਟੇਗਾ।"

ਇਸ ਤੋਂ ਉਪਰੰਤ ਅੰਗਰੇਜ਼ ਅਫ਼ਸਰ ਤੇ ਸੰਗਤਾਂ ਆਗਿਆ ਲੈ ਕੇ ਚਲੀਆਂ ਗਈਆਂ। ਜਦ ਚੁਗਲੀ ਵਾਲਿਆਂ ਨੂੰ ਪਤਾ ਲੱਗਾ, ਉਨ੍ਹਾਂ ਆ ਕੇ ਚਰਨਾਂ 'ਤੇ ਮੱਥਾ ਟੇਕਿਆ ਤੇ ਮਾਫ਼ੀ ਮੰਗਣ ਲੱਗੇ। ਪਰ ਬਾਬਾ ਜੀ ਨੇ ਬਚਨ ਕੀਤਾ, "ਤੁਸੀਂ ਗੁਰੂ ਨਾਨਕ ਦੇ ਘਰ ਦੀ ਚੁਗਲੀ ਕੀਤੀ ਹੈ। ਨੇੜੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਚੱਕਰ ਵਿਚ ਪਾਈ ਰੱਖਿਆ ਇਸ ਕਰਕੇ ਜੜ੍ਹਾਂ ਜ਼ਰੂਰ ਪੁੱਟੀਆਂ ਜਾਣਗੀਆਂ।" ਅੰਤ ਵਿਚ ਇਹ ਬਚਨ ਸੱਚ ਹੋਇਆ। ਉਨ੍ਹਾਂ ਵਿੱਚੋਂ ਕੋਈ ਵੀ ਨਾ ਬਚ ਸਕਿਆ।

ਫੇਰ ਅੰਗਰੇਜ਼ ਅਫ਼ਸਰ ਬਾਬਾ ਜੀ ਦੇ ਦਰਸ਼ਨਾਂ ਲਈ ਆਉਂਦਾ ਰਹਿੰਦਾ ਸੀ। ਇਕ ਦਿਨ ਇਸ ਨੇ ਬਚਨ ਕੀਤਾ, "ਮਹਾਰਾਜ! ਗੁਰੂ ਨਾਨਕ ਦੇ ਘਰ ਵਿਚ ਵੱਡੀਆਂ ਬਰਕਤਾਂ ਹਨ, ਕੁਝ ਬਚਨ ਸੁਣਾਓ।"

ਮਹਾਰਾਜ ਬਾਬਾ ਜੀ ਨੇ ਬਚਨ ਕੀਤਾ, "ਐੱਸ.ਪੀ. ਕੁਝ ਸਮੇਂ ਨੂੰ ਅੰਗਰੇਜ਼ਾਂ ਨਾਲ ਸਿੰਘਾਂ ਦੀ ਟੱਕਰ ਹੋਵੇਗੀ। ਬਹੁਤ ਖ਼ੂਨ ਖ਼ਰਾਬਾ ਹੋਵੇਗਾ।" (ਇਹ ਇਸ਼ਾਰਾ ਗੁਰਦੁਆਰਾ ਲਹਿਰ ਵੱਲ ਸੀ) ਐੱਸ.ਪੀ. ਨੇ ਡਰ ਨਾਲ ਹੱਥ ਜੋੜ ਲਏ।

ਫਿਰ ਬਚਨ ਕੀਤਾ, "ਗੁਰਦੁਆਰਿਆਂ ਤੋਂ ਇਹ ਲੜਾਈ ਸ਼ੁਰੂ ਹੋਵੇਗੀ, ਫ਼ਤਹਿ ਗੁਰੂ ਘਰ ਦੀ ਹੋਵੇਗੀ ਅਤੇ ਬਾਦ ਵਿਚ ਇਕ ਯੁੱਧ ਹੋਵੇਗਾ। (ਇਹ ਇਸ਼ਾਰਾ ਦੂਜੀ ਵੱਡੀ ਜੰਗ ਵੱਲ ਸੀ) ਅੰਗਰੇਜ਼ਾਂ ਦੀ ਬੁਰੀ ਹਾਲਤ ਹੋਵੇਗੀ ਅਤੇ ਚਲੇ ਜਾਣਗੇ। (ਇਹ ਇਸ਼ਾਰਾ ਉੱਨੀ ਸੌ ਸੰਤਾਲੀ ਵੱਲ ਸੀ।)"

ਇਹ ਬਚਨ ਅੱਜ ਤੋਂ ਅੰਦਾਜਾ ਇਕ ਸੌ ਪੰਜ ਸਾਲ ਪਹਿਲਾਂ ਦਾ ਸੀ।

**ਸਤਿਗੁਰ ਸੇਤੀ ਗਣਤ ਜਿ ਰਖੈ ਹਲਤੁ ਪਲਤੁ ਸਭੁ ਤਿਸ ਕਾ ਗਇਆ ॥**

**ਨਿਤ ਝਹੀਆ ਪਾਏ ਝਗੂ ਸੁਟੇ ਝਖਦਾ ਝਖਦਾ ਝੜਿ ਪਇਆ ॥**

*(ਗਉੜੀ ਵਾਰ ਮ: ੪, ਅੰਗ ੩੦੭)*

(ਇਹ ਪ੍ਰਸੰਗ ਸੰਤ ਸ੍ਰੀ ਰਾਮ ਸਿੰਘ ਜੀ ਮਲੂਕੇ ਵਾਲਿਆਂ ਤੋਂ ਸੁਣਿਆ ਅਤੇ ਸੰਤ ਬਚਿੱਤ੍ਰ ਸਿੰਘ ਜੀ ਤੋਂ ਮਿਲਿਆ।)

# ਕਰਿ ਸੰਜੋਗੁ ਬਨਾਈ ਕਾਛਿ ॥
# ਤਿਸੁ ਸੰਗਿ ਰਹਿਓ ਇਆਨਾ ਰਾਚਿ ॥
# ਪ੍ਰਤਿਪਾਰੈ ਨਿਤ ਸਾਰਿ ਸਮਾਰੈ ॥
# ਅੰਤ ਕੀ ਬਾਰ ਊਠਿ ਸਿਧਾਰੈ ॥

*ਅੰਗ ੮੯੦*

ਸੰਜੋਗ ਅਤੇ ਵਿਜੋਗ ਸਿਰਜਨਹਾਰ ਦੀ ਕਰਨੀ ਦਾ ਪ੍ਰਤੱਖ ਪ੍ਰਤੀਕ ਹੈ, ਸਵਾਸਾਂ ਦੇ ਮਣਕਿਆਂ ਦੀ ਇਹ ਮਾਲਾ ਕੀ ਆਸ ਤ੍ਰਿਸ਼ਨਾ ਦੇ ਸੂਤ ਦਾ ਧਾਗਾ ਕਦ ਟੁੱਟ ਜਾਵੇ। ਸੰਜੋਗ ਸੁੱਖ ਸ਼ਾਂਤੀ ਵਾਲਾ ਸੁਖਦਾਈ ਜੀਵਨ ਵਿਚ ਰੰਗਤ ਲਿਆਉਂਦਾ ਹੈ। ਦੁਖੀ ਸੰਜੋਗ ਮਨ ਨੂੰ ਕਲਪਣਾ ਕਰਵਾਉਂਦਾ ਹੈ। ਵਿਯੋਗ ਪਿਆਰੇ ਦਾ, ਅੱਖੀਆਂ ਵਿਚੋਂ ਨੀਰ ਵਹਾਉਂਦਾ ਹੈ। ਨੀਰ ਦਾ ਇਕ-ਇਕ ਮੋਤੀ ਸੱਚੇ ਪ੍ਰੇਮ ਦੀ ਗਵਾਹੀ ਦਿੰਦਾ ਹੈ। ਦੁਸ਼ਟ ਦਾ ਵਿਯੋਗ ਮਨ ਨੂੰ ਅਸ਼ਾਂਤੀ ਦਿੰਦਾ ਹੈ।

ਸਿਵੀਆਂ ਪਿੰਡ ਦਾ ਇਕ ਨੌਜਵਾਨ ਕਿਸੇ ਤਰੀਕੇ ਇੰਗਲੈਂਡ ਚਲਾ ਗਿਆ। ਉਥੇ ਉਸ ਨੇ ਪੱਕੀ ਰਿਹਾਇਸ਼ ਕਰ ਲਈ। ਕੁਝ ਸਮਾਂ ਰਹਿਣ ਤੋਂ ਬਾਅਦ ਉਸ ਨੇ ਇਕ ਗੋਰੀ ਔਰਤ ਨਾਲ ਸ਼ਾਦੀ ਕਰ ਲਈ। ਇਕ ਸਾਲ ਬੀਤ ਗਿਆ। ਉਸ ਘਰ ਆਉਣ ਦਾ ਮਨ ਬਣਾ ਲਿਆ। ਸਰਕਾਰੀ ਮਨਜ਼ੂਰੀ ਮਿਲਣ ਤੋਂ ਬਾਦ ਦੋਨੋਂ (ਆਪ ਅਤੇ ਮੇਮ) ਸਿਵੀਆਂ ਪਿੰਡ ਪਹੁੰਚ ਗਏ। ਘਰ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਘਰ ਦੇ ਬਾਕੀ ਮੈਂਬਰਾਂ ਨੇ ਇਨ੍ਹਾਂ ਦੀ ਸੇਵਾ ਵਿਚ ਕੋਈ ਕਮੀ ਨਾ ਆਉਣ ਦਿੱਤੀ। ਕੁਝ ਦਿਨਾਂ ਬਾਦ ਗੁਆਂਢੀ ਮੇਮ ਦੀ ਰਹਿਣੀ ਬਹਿਣੀ ਤੇ ਖਾਣ ਪੀਣ ਨੂੰ ਨਫ਼ਰਤ ਕਰਨ ਲੱਗੇ। ਪੇਂਡੂ ਲੋਕਾਂ ਨੂੰ ਅੰਗਰੇਜ਼ੀ ਸਭਿਅਤਾ ਸ਼ਰਮਸਾਰ ਕਰਦੀ ਨਜ਼ਰ ਆਉਣ ਲੱਗੀ। ਹੌਲੀ-ਹੌਲੀ ਘਰ ਦੇ ਮੈਂਬਰ ਵੀ ਮਹਿਸੂਸ ਕਰਨ ਲੱਗੇ। ਮਾਤਾ ਪਿਤਾ ਨੇ ਕਿਹਾ, "ਪੁੱਤਰ, ਤੂੰ ਇਸ ਨੂੰ ਵਾਪਿਸ ਭੇਜ ਦੇ।



ਲੋਕ ਆਪਣੇ ਨਾਲ ਵਰਤਣਾ ਛੱਡ ਗਏ ਹਨ। ਜੇ ਤੂੰ ਇਸ ਨੂੰ ਭੇਜਿਆ ਨਾ ਤਾਂ ਅਸੀਂ ਵੀ ਤੈਨੂੰ ਛੱਡ ਦੇਵਾਂਗੇ।"

ਇਕ ਦਿਨ ਉਸ ਨੇ ਮੇਮ ਨੂੰ ਬਠਿੰਡੇ ਲਿਆ ਕੇ ਆਪਣੀ ਮਜ਼ਬੂਰੀ ਦੱਸੀ।" ਮੇਰੇ ਘਰ ਵਾਲੇ ਤੇ ਪਿੰਡ ਵਾਲੇ ਤੈਨੂੰ ਚੰਗਾ ਨਹੀਂ ਸਮਝਦੇ। ਇਸ ਕਰਕੇ ਮੈਂ ਤੈਨੂੰ ਰੱਖ ਨਹੀਂ ਸਕਦਾ। ਤੂੰ ਵਾਪਿਸ ਇੰਗਲੈਂਡ ਚਲੀ ਜਾ।

ਅੰਗਰੇਜ਼ੀ ਮੇਮ ਇਹ ਸੁਣ ਫਿਰੋਜ਼ਪੁਰ ਡੀ.ਸੀ. ਦੇ ਦਫ਼ਤਰ ਚਲੀ ਗਈ। ਅੰਗਰੇਜ਼ ਡੀ.ਸੀ. ਨੇ ਉਸ ਦੀ ਫਰਿਆਦ ਸੁਣੀ ਅਤੇ ਪੁਲਿਸ ਨੂੰ ਹਦਾਇਤ ਕੀਤੀ ਕਿ ਉਸ ਆਦਮੀ ਨੂੰ ਗ੍ਰਿਫ਼ਤਾਰ ਕੀਤਾ ਜਾਵੇ।

ਉਸ ਨੌਜਵਾਨ ਨੂੰ ਵੀ ਇਹ ਖਿਆਲ ਸੀ ਕਿ ਮੇਮ ਪੁਲਿਸ ਕੋਲ ਜਾਵੇਗੀ। ਉਹ ਇਹ ਅੰਦਾਜ਼ਾ ਲਾ ਕੇ ਬਾਬਾ ਜੀ ਦੇ ਅਸਥਾਨ ਭੁੱਚੋਂ ਪਹੁੰਚ ਗਿਆ। ਆਗਿਆ ਲੈ ਕੇ ਟਿੱਲੇ ਉਪਰ ਚਲਾ ਗਿਆ। ਨਮਸਕਾਰ ਕਰਕੇ ਬੈਠ ਗਿਆ। ਬਾਬਾ ਜੀ ਦੇ ਪੁੱਛਣ ਉਪਰੰਤ ਸਾਰੀ ਵਿਥਿਆ ਸੁਣਾ ਦਿੱਤੀ। ਹਜ਼ੂਰ ਨੇ ਬੇਨਤੀ ਸੁਨਣ ਬਾਦ ਹੁਕਮ ਕੀਤਾ, "ਤੂੰ ਹੁਣ ਚਲਿਆ ਜਾ। ਪਰਸੋਂ ਮੇਮ ਨੂੰ ਨਾਲ ਲੈ ਕੇ ਆਵੀਂ।"

ਉਹ ਸਿੱਧਾ ਹੀ ਵਾਪਸ ਮੇਮ ਦੀ ਰਹਾਇਸ਼ ਬਠਿੰਡੇ ਚਲਾ ਗਿਆ। ਮੇਮ ਉਸ ਨੂੰ ਇਸ ਤਰ੍ਹਾਂ ਮਿਲੀ ਜਿਵੇਂ ਕਦੀ ਕੁਝ ਹੋਇਆ ਹੀ ਨਹੀਂ ਹੁੰਦਾ। ਕੁਝ ਦਿਨਾਂ ਬਾਦ ਪਿੰਡ ਤੋਂ ਕੁਝ ਬੰਦੇ ਅਤੇ ਮੇਮ ਨੂੰ ਲੈ ਕੇ ਬਾਬਾ ਜੀ ਪਾਸ ਪਹੁੰਚ ਗਿਆ। ਬਾਬਾ ਜੀ ਸੰਗਤ ਨੂੰ ਕੁਝ ਪ੍ਰਮਾਰਥ ਦੇ ਬਚਨ ਸੁਣਾ ਰਹੇ ਸਨ। ਸਤਿਗੁਰੂ ਦੇ ਫੁਰਮਾਨ ਅਨੁਸਾਰ, "ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ ॥" ਵਾਲਾ ਬਚਨ ਪ੍ਰਤੱਖ ਵਾਪਰ ਰਿਹਾ ਸੀ। ਨੌਜਵਾਨ ਅਤੇ ਮੇਮ ਦੋਨੋਂ ਨਮਸਕਾਰ ਕਰਕੇ ਬੈਠ ਗਏ। ਬਚਨ ਦੀ ਸਮਾਪਤੀ ਉਪਰੰਤ ਬਾਬਾ ਜੀ ਨੇ ਮੇਮ ਅਤੇ ਨੌਜਵਾਨ ਨੂੰ ਖੜੇ ਹੋਣ ਦਾ ਹੁਕਮ ਦਿੱਤਾ। ਜਦ ਉਹ ਖੜ੍ਹੇ ਹੋ ਗਏ ਤਾਂ ਆਪ ਜੀ ਨੇ ਆਸਣ ਦੇ ਹੇਠਾਂ ਤੋਂ ਕਾਗਜ਼ ਕੱਢ ਕੇ ਉਨ੍ਹਾਂ ਸਾਹਮਣੇ ਰੱਖ ਦਿੱਤੇ। ਇਹ ਕਾਗਜ਼ ਵੇਖ ਕੇ ਸਾਰੀ ਸੰਗਤ ਅਤੇ ਮੇਮ ਹੈਰਾਨ ਹੋ ਗਏ। ਹਜ਼ੂਰ ਨੇ ਹੁਕਮ ਕੀਤਾ ਕਿ, "ਅੱਗੇ ਤੋਂ ਕੋਈ ਵੀ ਗੁਰੂ ਕਾ ਸਿੱਖ ਐਸੀ ਗਲਤੀ ਨਹੀਂ ਕਰੇਗਾ। ਸਾਨੂੰ ਇੰਗਲੈਂਡ ਜਾ ਕੇ ਅਫ਼ਸਰ ਬਣ ਕੇ ਇਹ ਕਾਗਜ਼ ਲਿਆਉਣੇ ਪਏ।

ਮੇਮ ਨੇ ਮੱਥਾ ਟੇਕ ਕੇ ਕਿਹਾ, "ਆਪ ਜੀ ਵਿਚ ਇੰਨੀ ਤਾਕਤ ਹੈ ਤਾਂ ਗੁਰੂ ਨਾਨਕ ਅਤੇ ਗੋਬਿੰਦ ਵਿਚ ਕਿਤਨੀ ਹੋਵੇਗੀ।" ਮੇਮ ਨੇ ਗਲਤੀ ਦਾ ਅਹਿਸਾਸ ਕਰਕੇ ਮਾਫ਼ੀ ਮੰਗੀ ਅਤੇ ਆਗਿਆ ਲੈ ਕੇ ਇੰਗਲੈਂਡ ਚਲੀ ਗਈ। ਹਰ ਸਾਲ ਦਰਸ਼ਨ ਕਰਨ ਆਇਆ ਕਰਦੀ ਸੀ। ਸਿਵੀਆਂ ਦੀ ਸੰਗਤ ਨੂੰ ਮਿਲ ਕੇ ਰਹਿਣ ਦਾ ਉਪਦੇਸ਼ ਦਿੱਤਾ।

(ਇਹ ਪ੍ਰਸੰਗ ਸੰਤ ਬਚਿੱਤਰ ਸਿੰਘ ਭਾਗੀ ਬਾਂਦਰ ਵਾਲਿਆਂ ਨੂੰ ਸੰਤ ਸ੍ਰੀ ਰਾਮ ਸਿੰਘ ਜੀ ਨੇ ਸੁਣਾਇਆ ਸੀ ਜਿਨ੍ਹਾਂ ਅੱਗੇ ਲਿਖਾਇਆ।)

## ਸਰਬ ਕਲਿਆਣ ਕੀਏ ਗੁਰਦੇਵ ॥
## ਸੇਵਕ ਅਪਨੀ ਲਾਇਓ ਸੇਵ ॥

ਦੁਨਿਆਵੀ ਕਾਰਜਾਂ ਦੀ ਸਫ਼ਲਤਾ, ਲੋਕ ਪ੍ਰਸੰਸਾ, ਮਾਨ ਬਖ਼ਸ਼ਦੀ ਹੈ ਪਰ ਪ੍ਰਮਾਰਥੀ ਸੇਵਾ ਪ੍ਰਲੋਕ ਵਿਚ ਸਤਿਕਾਰ ਦੇਂਦੀ ਹੈ। ਇਨਸਾਨੀ ਰੂਪ ਵਿਚ ਪ੍ਰਭੂ ਦੇ ਸਰੂਪ ਮਹਾਂਪੁਰਖਾਂ ਦੀ ਸੇਵਾ ਮਿਲੇ ਤਾਂ "ਸ੍ਰਬ ਕਲਿਆਣ ਕੀਏ ਗੁਰਦੇਵ" ਦੀ ਪ੍ਰਤੱਖ ਮਿਸਾਲ ਹੈ। ਭਗਤ ਕਬੀਰ ਦੇ ਪ੍ਰਤੱਖ ਕਾਰਜ ਕੀਤੇ ਪ੍ਰਮੇਸ਼ਰ ਨੇ ਆਪ, ਧੰਨੇ ਭਗਤ ਦੀ ਹਲਟੀ ਦੀਆਂ ਟਿੰਡਾਂ ਵਿਚੋਂ ਡਿੱਗਦੇ ਪਾਣੀ ਦੀ ਆਵਾਜ਼ ਆਈ ਧੰਨ ਨਿਰੰਕਾਰ, ਧੰਨ ਨਿਰੰਕਾਰ। ਸਿਮਰਨ ਸ਼ਕਤੀ ਨੇ ਬਾਬਰ ਦੀ ਜੇਲ੍ਹ ਵਿਚ ਚੱਕੀ ਚਲਾਈ, ਨਾਮਦੇਵ ਦੀਆਂ ਗਊਆਂ ਆਪ ਚਰਾਈਆਂ। ਨਿਮਾਣਾ ਹੋ ਸੇਵਾ ਕੀਤੀ ਤਾਂ 'ਮੈਂ' ਮਨ ਦੀ ਕੋਠੜੀ ਤੋਂ ਬਾਹਰ ਹੋ ਜਾਂਦੀ ਹੈ। ਮਨ ਵਿਚ 'ਮੈਂ' ਹੋਵੇ ਤਾਂ ਸੇਵਾ ਵਿਅਰਥ ਹੈ।

ਰੂੰਮੀ ਦੇ ਅਸਥਾਨ 'ਤੇ ਬਿਰਾਜਮਾਨ ਸਮੇਂ ਸੰਤ ਬਹਾਲ ਦਾਸ ਜੀ ਸੇਵਾ ਵਿਚ ਸਨ ਤਾਂ ਉਸ ਸਮੇਂ ਕੁਝ ਸਾਧੂ ਹਜ਼ੂਰ ਦੇ ਦਰਸ਼ਨਾਂ ਲਈ ਆਏ ਸਨ। ਬਾਬਾ ਜੀ ਨੇ ਉਨ੍ਹਾਂ ਨੂੰ ਦੁੱਧ ਛਕਾਉਣ ਦਾ ਹੁਕਮ ਬਹਾਲ ਦਾਸ ਜੀ ਨੂੰ ਕੀਤਾ ਸੀ। ਦੁੱਧ ਵਾਲਾ ਬਰਤਨ ਛਕਾਉਣ ਤੋਂ ਬਾਅਦ ਵੀ ਉੱਨਾ ਹੀ ਭਰਿਆ ਸੀ। ਇਹ ਪ੍ਰਸੰਗ ਤੁਸੀਂ ਦੂਜੇ ਅਤੇ ਤੀਜੇ ਹਿੱਸੇ ਵਿਚ ਪੜ੍ਹ ਚੁੱਕੇ ਹੋ। ਇਹ ਪ੍ਰਤੱਖ ਕੌਤਕ ਦੇਖ ਕੇ ਉਹਨਾਂ ਸਾਧਊਾਂ ਵਿਚੋਂ ਇਕ ਸਾਧੂ ਸੰਪੂਰਨ ਦਾਸ ਦੇ ਮਨ ਵਿਚ ਸੇਵਾ ਕਰਨ ਦਾ ਫੁਰਨਾ ਬਣਿਆ। ਫੁਰਨਾ ਬਣਿਆ ਕਿ ਇਹੋ ਜਿਹੇ



ਮਹਾਂਪੁਰਖਾਂ ਦੀ ਸੇਵਾ ਕਰੀਏ ਤਾਂ ਲੋਕ ਪ੍ਰਲੋਕ ਦਾ ਸੁਧਾਰ ਹੋ ਜਾਵੇ।

**ਮਾਨਸ ਸੇਵਾ ਖਰੀ ਦੁਹੇਲੀ ॥ ਸਾਧ ਕੀ ਸੇਵਾ ਸਦਾ ਸੁਹੇਲੀ ॥੨॥**
**ਜੇ ਲੋੜਹਿ ਸਦਾ ਸੁਖੁ ਭਾਈ ॥ ਸਾਧੂ ਸੰਗਤਿ ਗੁਰਹਿ ਬਤਾਈ ॥**
**ਊਹਾ ਜਪੀਐ ਕੇਵਲ ਨਾਮ ॥ ਸਾਧੂ ਸੰਗਤਿ ਪਾਰਗਰਾਮ ॥੩॥**

*(ਬਸੰਤ ਮ: ੫, ਅੰਗ ੧੧੯੨)*

ਸੰਤ ਸਪੂਰਨ ਦਾਸ ਜੀ ਨੇ ਬਾਬਾ ਜੀ ਪਾਸੋਂ ਸੇਵਾ ਮੰਗੀ ਤਾਂ ਹਜ਼ੂਰ ਨੇ ਬਚਨ ਕੀਤਾ, "ਅਜੇ ਤਾਂ ਸਾਡੇ ਕੋਲ ਸੇਵਕ ਹੈ। ਤੇਰੀ ਵਾਰੀ ਫਿਰ ਆਵੇਗੀ।"

ਭੁੱਚੋ ਆਉਣ ਤੋਂ ਬਾਅਦ ਇਕ ਦਿਨ ਸੰਤ ਬਹਾਲ ਦਾਸ ਜੀ ਦਰਸ਼ਨ ਕਰਨ ਆਏ। ਬਾਬਾ ਜੀ ਨੇ ਬਚਨ ਕੀਤਾ, "ਬਹਾਲ ਦਾਸ! ਰੂੰਮੀ ਰਹਿਣ ਸਮੇਂ ਆਪਣੇ ਕੋਲ ਕੁਝ ਸਾਧੂ ਆਏ ਸਨ। ਉਨ੍ਹਾਂ ਵਿਚੋਂ ਇਕ ਸੰਪੂਰਨ ਦਾਸ ਨੇ ਸੇਵਾ ਕਰਨ ਦੀ ਆਗਿਆ ਮੰਗੀ ਸੀ। ਹੁਣ ਉਸ ਨੂੰ ਸੇਵਾ ਦੇਣੀ ਹੈ। ਉਹ ਪਿਛਲੇ ਜਨਮ ਦਾ ਤੇਰਾ ਭਰਾ ਵੀ ਹੈ। ਹੁਣ ਉਹ ਸੇਵਾ ਕਰਨ ਆ ਰਿਹਾ ਹੈ।"

ਪੰਦਰਾਂ ਕੁ ਦਿਨਾਂ ਬਾਦ ਸੰਤ ਸੰਪੂਰਨ ਦਾਸ ਜੀ ਆ ਗਏ। ਉਨ੍ਹਾਂ ਸੇਵਾ ਕਰਨੀ ਆਰੰਭ ਕਰ ਦਿੱਤੀ। ਲਗਾਤਾਰ ਦਸ ਸਾਲ ਸੇਵਾ ਨਿਭਾਈ। ਇਨ੍ਹਾਂ ਦੀ ਸੇਵਾ ਦੌਰਾਨ ਜਿਹੜਾ ਵੀ ਕੋਈ ਕੌਤਕ ਵਰਤਿਆ ਉਸਦਾ ਕੋਈ ਵੇਰਵਾ ਨਹੀਂ ਮਿਲਿਆ। ਕੁਝ ਸਮੇਂ ਬਾਦ ਸੰਪੂਰਨ ਦਾਸ ਜੀ ਦਸ ਕੁ ਦਿਨ ਦੀ ਛੁੱਟੀ ਲੈ ਕੇ ਗਏ। ਜਿਸ ਵੇਲੇ ਵਾਪਸ ਆਏ ਤਾਂ ਬਾਬਾ ਜੀ ਨੇ ਕੋਲ ਬੁਲਾ ਕੇ ਬਚਨ ਕੀਤਾ :

"ਸੰਪੂਰਨ ਦਾਸ, ਤੇਰੀ ਜੋ ਇੱਛਾ ਸੀ ਪੂਰੀ ਹੋ ਗਈ। ਪਰ ਤੂੰ ਸਾਨੂੰ ਗੁਰੂ ਨਹੀਂ ਧਾਰ ਸਕਦਾ ਕਿਉਂਕਿ ਤੂੰ ਪਹਿਲਾਂ ਗੁਰੂ ਧਾਰ ਰੱਖਿਆ ਹੈ। ਤੇਰੀ ਸੇਵਾ ਦਾ ਫਲ ਤੈਨੂੰ ਦੇ ਰਹੇ ਹਾਂ। ਤੂੰ ਤ੍ਰਿਕੁਟੀ (ਦੋਨੋਂ ਭਰਵੱਟਿਆਂ ਦੇ ਵਿਚਾਲੇ ਮਸਤਕ ਦੇ ਮੁੱਢ ਦੀ ਥਾਂ) ਦਾ ਧਿਆਨ ਕਰਕੇ ਉਸ ਵਿਚ ਗੁਰੂ ਦਾ ਦਰਸ਼ਨ ਕਰ।"

ਸੰਤ ਸੰਪੂਰਨ ਦਾਸ ਜੀ ਨੇ ਤ੍ਰਿਕੁਟੀ ਵਿਚ ਧਿਆਨ ਧਰਿਆ ਤਾਂ ਪ੍ਰਕਾਸ਼

ਹੀ ਪ੍ਰਕਾਸ਼ ਨਜ਼ਰ ਆਇਆ।

**ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ॥**

**ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ॥**

*(ਰਾਮਕਲੀ ਬੇਣੀ ੯੭੪)*

**ਤ੍ਰਿਕੁਟੀ ਛੋਰਿ ਭਰਮੁ ਭਉ ਭਾਗਾ ਲਜ ਭਾਨੀ ਮਟੁਕੀ ਮਾਟ॥**

ਰਜੋ, ਸਤੋ, ਤਮੋ, ਇਨ੍ਹਾਂ ਤਿੰਨਾ ਵਿਚ ਜੀਆ ਮਨ ਕਰਕੇ ਰਹਿੰਦਾ ਹੈ। ਭਾਵ ਮਨ ਦੀ ਅਵਸਥਾ ਇਕ ਰਸ ਨਹੀਂ ਰਹਿੰਦੀ। ਜਿਸ ਸਮੇਂ ਇਨ੍ਹਾਂ ਤਿੰਨਾਂ ਤੋਂ ਉਪਰ ਵਾਲੀ ਮਨ ਦੀ ਅਵਸਥਾ ਬਣਦੀ ਹੈ ਉਸ ਮਨ ਅਵਸਥਾ ਨੂੰ ਤ੍ਰਿਗੁਣ ਅਤੀਤ ਭਾਵ ਤਿੰਨਾਂ ਤੋਂ ਰਹਿਤ ਸਹਿਜ ਅਵਸਥਾ।

**ਤੀਨਿ ਅਵਸਥਾ ਕਹਹਿ ਵਖਿਆਨ॥**

**ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ॥**

*(ਰਾਗ ਗਉੜੀ ਮ: ੧, ਅੰਗ ੧੫੪)*

ਤਿੰਨਾ ਗੁਣਾਂ ਦੀ ਵਿਆਖਿਆ ਕੀਤੀ ਜਾ ਸਕਦੀ ਹੈ। ਪ੍ਰੰਤੂ ਗੁਣਾਂ ਤੋਂ ਰਹਿਤ ਉਪਰਲੀ ਅਵਸਥਾ ਨੂੰ ਕਹਿ ਕੇ ਨਹੀਂ ਦੱਸਿਆ ਜਾ ਸਕਦਾ। ਇਹ ਤਾਂ ਸਤਿਗੁਰੂ ਦੁਆਰਾ ਪ੍ਰਾਪਤ ਕੀਤੀ ਜਾ ਸਕਦੀ ਹੈ। ਕਹਿਣ ਕਥਨ ਤੋਂ ਰਹਿਤ ਹੈ। ਭਗਵਾਨ ਕ੍ਰਿਸ਼ਨ ਨੇ ਵੀ ਅਰਜੁਨ ਨੂੰ ਉਪਦੇਸ਼ ਕੀਤਾ, "ਹੇ ਅਰਜੁਨ! ਬੇਦ ਤਿੰਨ ਗੁਣਾਂ ਵਿਚ ਹੈ ਤੇ ਤੂੰ ਤਿੰਨ ਗੁਣਾਂ ਤੋਂ ਰਹਿਤ ਹੋ।"

**ਰਜ ਗੁਣ, ਤਮ ਗੁਣ, ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ॥**

**ਚਉਥੇ ਪਦ ਕਉ ਜੋ ਨਰ ਚੀਨੈ ਤਿਨ ਹੀ ਪਰਮਪਦੁ ਪਾਇਆ॥**

*(ਕੇਦਾਰਾ ੧੧੨੩)*

ਬਾਬਾ ਜੀ ਨੇ ਤਾਕੀਦ ਵੀ ਕੀਤੀ, "ਜੇ ਤੈਨੂੰ ਕੋਈ ਪੁੱਛੇ ਕਿ ਤੇਰਾ ਗੁਰੂ ਕੌਣ ਹੈ? ਤਾਂ ਸਾਡਾ ਨਾਮ ਨਹੀਂ ਲੈਣਾ। ਉਸ ਵੇਲੇ ਆਪਣੇ ਪਹਿਲੇ ਗੁਰੂ ਦਾ ਨਾਮ ਲੈਣਾ ਹੈ।"

ਕੁਝ ਸਮਾਂ ਚੁੱਪ ਤੋਂ ਬਾਦ ਬਚਨ ਹੋਇਆ, "ਹੁਣ ਤੂੰ ਜਾ ਸਕਦਾ ਹੈਂ। ਗੁਜਰਾਤ ਵਿਚ ਛੇਵੇਂ ਪਾਤਸ਼ਾਹ ਦਾ ਅਸਥਾਨ ਹੈ ਉਥੇ ਜਾ ਕੇ ਰਹੋ ਤੇ ਉਸ ਅਸਥਾਨ ਦੀ ਸੇਵਾ ਕਰੋ ਤੇ ਗੁਰਬਾਣੀ ਦੇ ਲੜ ਸੰਗਤਾਂ ਨੂੰ ਲਾਉ। ਗੁਰਮਤ



ਉਪਦੇਸ਼ ਦਿਉ। ਤੇਰੇ ਸਾਹਮਣੇ ਕੋਈ ਗੁਰਮਤ ਵਿਰੋਧੀ ਨਹੀਂ ਟਿਕੇਗਾ।"

ਇਸ ਤੋਂ ਉਪਰੰਤ ਸੰਤ ਸੰਪੂਰਨ ਦਾਸ ਜੀ ਆਗਿਆ ਲੈ ਕੇ ਗੁਜਰਾਤ ਚਲੇ ਗਏ।

(ਇਹ ਪ੍ਰਸੰਗ ਸੰਤ ਰਾਮ ਸਿੰਘ ਜੀ ਮਲੂਕਾ ਵਾਲਿਆਂ ਤੋਂ ਸੰਤ ਬਚਿੱਤਰ ਸਿੰਘ ਜੀ ਨੇ ਸੁਣਿਆ ਸੀ।)

## ਆਪੇ ਗੁਰੁ ਚੇਲਾ ਹੈ ਆਪੇ ਆਪੇ ਦੱਸੇ ਘਾਟੁ॥

ਚੇਲੇ ਦਾ ਆਧਾਰ ਗੁਰ ਕੇ ਚਰਨ ਜਿਵੇਂ ਧਰਤੀ ਦਾ ਆਧਾਰ ਹੈ ਸੂਰਜ। ਦਿਨ ਰਾਤ, ਰੁੱਤਾਂ ਦਾ ਬਦਲਣਾ ਸੂਰਜ ਦੀ ਰਹਿਮਤ ਉੱਤੇ ਚਰੰਜੀਵ ਹੈ। ਗੁਰੂ ਉਪਦੇਸ਼ ਦੇ ਪੂਰਨਿਆਂ ਦੀ ਪਾਲਕੀ ਚੁੱਕਣ ਵਾਲਾ ਚੇਲਾ, ਪਰਜਾ ਦੀਆਂ ਨਜ਼ਰਾਂ ਵਿਚ ਆਦਰਯੋਗ ਹੈ। ਦਰਿਆ ਦੀਆਂ ਤੂਫ਼ਾਨੀ ਲਹਿਰਾਂ ਨੂੰ ਕੱਟਦਾ ਮਲਾਹ ਆਪਣੀ ਕਿਸ਼ਤੀ ਦੇ ਸਵਾਰ ਨੂੰ ਘਾਟ ਤੇ ਲਾਉਂਦਾ ਹੈ। ਇਸੇ ਤਰ੍ਹਾਂ ਕਲਯੁਗ ਦੇ ਤੂਫ਼ਾਨਾਂ ਨਾਲ ਜੱਦੋਂ ਜਹਿਦ ਕਰਕੇ ਪੂਰਨ ਗੁਰੂ ਆਪੇ ਘਾਟ ਤੇ ਲਿਆਉਂਦੇ ਹਨ।

ਇਕ ਦਿਨ ਭੁੱਚੋਂ ਕਲਾਂ ਦੀ ਸੰਗਤ ਨੇ ਹਜ਼ੂਰ ਦੇ ਚਰਨਾਂ ਵਿਚ ਬੇਨਤੀ ਕੀਤੀ, "ਮਹਾਰਾਜ! ਆਪ ਜੀ ਲਹਿਰੇ ਖਾਨੇ ਵਾਲੇ ਸੰਤ ਵਧਾਵਾ ਸਿੰਘ ਜੀ ਪਾਸੋਂ ਸਾਧਾਰਨ ਪਾਠ ਕਰਵਾਉਂਦੇ ਹੋ। ਭੋਗ ਸਮੇਂ ਰਸਦ ਅਤੇ ਪਾਠ ਦੀ ਮਾਇਆ ਵੀ ਭੇਜਦੇ ਹੋ। ਜੇ ਹੁਕਮ ਹੋਵੇ ਤਾਂ ਪਾਠ ਲਈ ਇੱਥੇ ਹੀ ਜਗ੍ਹਾ ਬਣਾ ਦੇਈਏ। ਅੱਗੇ ਵਾਸਤੇ ਪਾਠ ਇੱਥੇ ਹੀ ਹੋ ਜਾਇਆ ਕਰਨ। ਗੁਰੂ ਗ੍ਰੰਥ ਸਾਹਿਬ ਦਾ ਸਰੂਪ ਇੱਥੇ ਲੈ ਆਈਏ।"

ਬੇਨਤੀ ਸੁਣਨ ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਇੱਥੇ ਗੁਰੂ ਗ੍ਰੰਥ ਸਾਹਿਬ ਨਹੀਂ ਰੱਖੇ ਜਾ ਸਕਦੇ ਕਿਉਂਕਿ ਸਾਡੀ ਰਹਿਣੀ ਕੁਝ ਹੋਰ ਹੈ। ਉਨ੍ਹਾਂ ਦੀ ਸੇਵਾ ਸੰਭਾਲ ਦੀ ਮਰਿਯਾਦਾ ਦਾ ਕਿਸੇ ਨੂੰ ਪਤਾ ਨਹੀਂ, ਕਿਸ ਤਰ੍ਹਾਂ ਬਿਰਾਜਮਾਨ ਕਰਨੇ ਹਨ, ਸਤਿਕਾਰ ਕਰਨਾ, ਪਾਠ ਕਰਨਾ, ਪ੍ਰਕਾਸ਼ ਕਰਨਾ ਹੈ। ਇਹ ਗੱਲਾਂ ਸਭ ਗੁਪਤ ਹਨ। ਇਕ ਮਹਾਂਪੁਰਖ ਆਏਗਾ। ਉਹ ਆਉਣ ਵਾਲੇ ਸਮੇਂ ਵਿਚ ਸੇਵਾ ਕਰਾਏਗਾ ਅਤੇ ਕਰੇਗਾ। ਜਿਵੇਂ ਪੰਜਵੇਂ ਪਾਤਸ਼ਾਹ

ਅਤੇ ਦਸਵੇਂ ਪਾਤਸ਼ਾਹ ਨੇ ਸੇਵਾ ਸੰਭਾਲ ਕਰਵਾਈ ਉਸ ਮਰਯਾਦਾ ਨੂੰ ਪ੍ਰਗਟ ਕਰੇਗਾ। ਅਜੇ ਕੁਝ ਸਮਾਂ ਲੱਗੇਗਾ। ਮਹਾਂਪੁਰਖ ਗੁਪਤ ਹੈ।"

ਇਹ ਇਸ਼ਾਰਾ ਬਾਬਾ ਅਨੰਦ ਸਿੰਘ ਜੀ ਮਹਾਰਾਜ ਕਲੇਰਾਂ ਵਾਲਿਆਂ ਵੱਲ ਸੀ। ਜਿਨ੍ਹਾਂ ਨੇ ਫਿਰ ਇਹ ਮਰਿਯਾਦਾ ਚਲਾਈ।

## ਸਾਧ ਜਨਾ ਹੋਏ ਕ੍ਰਿਪਾਲਾ ਬਿਗਸੇ ਸਭਿ ਪਰਵਾਰਿਆ॥

ਮਹਾਂਪੁਰਖ ਦੀ ਕ੍ਰਿਪਾ ਦ੍ਰਿਸ਼ਟੀ ਦੀ ਸੇਵਕ ਜਾਂ ਸ਼ਰਧਾਲੂ ਉੱਪਰ ਪਈ ਇਕ ਕਿਰਨ ਬੰਸ ਲਈ ਸੁਖਾਂ ਦੇ ਭੰਡਾਰ ਵਿਹੜੇ ਲੈ ਆਉਂਦੀ ਹੈ। ਤ੍ਰਿਸ਼ਨਾ ਅਨੁਸਾਰ ਕੀਤੀ ਇੱਛਾ ਹਰੇਕ ਦੀ ਪੂਰੀ ਹੋਈ। ਗ੍ਰਿਹਿਸਥੀ ਨੇ ਪਦਾਰਥਾਂ ਦੀ ਮੰਗ ਕੀਤੀ ਤਾਂ ਪੂਰੀ ਹੋਈ। ਭਗਤ ਨੇ ਭਗਤੀ ਮੰਗੀ ਤਾਂ ਪੂਰਨ ਗੁਰੂ ਦੀ ਕ੍ਰਿਪਾ ਨਾਲ ਪ੍ਰਭੂ ਦਾ ਦਰਸ਼ਨ ਪਾਇਆ। ਸਾਧੂ ਦੀ ਕ੍ਰਿਪਾਲਤਾ ਖੁਸ਼ੀ, ਸੁੱਖ, ਇੱਜ਼ਤ, ਮਾਨ ਇਨਸਾਨ ਦੀ ਦਲੀਜ਼ 'ਤੇ ਲਿਆ ਖੜ੍ਹਾ ਕਰਦੀ ਹੈ।

ਹਜ਼ੂਰ ਦੇ ਰੂੰਮੀ ਰਹਿਣ ਸਮੇਂ ਸੰਤ ਬਹਾਲ ਦਾਸ ਜੀ ਨਾਲ ਮਿਲ ਕੇ ਸੇਮੇ ਦਾ ਅਤਰ ਸਿੰਘ ਸੇਵਾ ਕਰਦਾ ਸੀ। ਇਨ੍ਹਾਂ ਦੇ ਇਕਲੌਤਾ ਪੁੱਤਰ ਗੁਰਦਿੱਤ ਸਿੰਘ ਸੀ। ਇਸ ਦੇ ਦੋ ਪੁੱਤਰ ਹਜ਼ੂਰ ਦੇ ਮੁਖਾਰਬਿੰਦ ਤੋਂ ਨਿਕਲੇ ਬਚਨਾਂ ਦੀ ਕ੍ਰਿਪਾ ਨਾਲ ਹੋਏ ਸਨ। ਇਹ ਸਾਖੀ ਤੁਸੀਂ ਪਿੱਛੇ ਪੜ੍ਹ ਚੁੱਕੇ ਹੋ। ਇਨ੍ਹਾਂ ਦੇ ਨਾਮ ਵੱਡਾ ਝੰਡਾ ਸਿੰਘ ਤੇ ਛੋਟਾ ਝੰਡਾ ਸਿੰਘ ਰੱਖੇ ਗਏ ਸਨ। ਸਮਾਂ ਪਾ ਕੇ ਦੋਨੋਂ ਝੰਡਾ ਸਿੰਘਾਂ ਦੀ ਸ਼ਾਦੀ ਹੋ ਗਈ। ਵਿਆਹ ਹੋਣ ਤੋਂ ਬਾਅਦ ਵੱਡਾ ਝੰਡਾ ਸਿੰਘ ਪਰਿਵਾਰ ਸਮੇਤ ਬਾਬਾ ਜੀ ਦੇ ਅਸਥਾਨ ਭੁੱਚੋਂ ਕਲਾਂ ਟਿੱਲਾ ਸਾਹਿਬ 'ਤੇ ਮੱਥਾ ਟੇਕਣ ਆਏ। ਹੁਕਮ ਅਨੁਸਾਰ ਸ਼ਰ੍ਹਾਂ ਕਰਨ ਲੱਗਿਆਂ ਨਵ-ਵਿਆਹੀ ਸੰਤ ਕੌਰ ਕੁਝ ਸ਼ਰਮਾਉਣ ਲੱਗੀ ਤਾਂ ਝੰਡਾ ਸਿੰਘ ਦੀ ਮਾਤਾ ਜੀ ਨੇ ਉਸ ਨੂੰ ਇਕ ਚਪੇੜ ਮਾਰੀ ਅਤੇ ਸ਼ਰ੍ਹਾਂ ਕਰਵਾਈ। ਸ਼ਰ੍ਹਾਂ ਕਰਕੇ ਸਾਰਾ ਪਰਿਵਾਰ ਬਾਬਾ ਜੀ ਪਾਸ ਆ ਗਏ।

ਬਾਬਾ ਜੀ ਨੇ ਝੰਡਾ ਸਿੰਘ ਦੀ ਮਾਤਾ ਨੂੰ ਪੁੱਛਿਆ, "ਤੂੰ ਇਸ ਦੇ ਚਪੇੜ ਕਿਉਂ ਮਾਰੀ ? ਇਸ ਨੂੰ ਪਿਆਰ ਨਾਲ ਸਮਝਾਉਣਾ ਸੀ। ਇਹ ਬਹੁਤ ਭਾਗਾਂ ਵਾਲੀ ਹੈ। ਇਸ ਦਾ ਪਰਿਵਾਰ ਬਹੁਤ ਵਧੇ ਫੁੱਲੇਗਾ।"



ਕੁਝ ਅਰਸੇ ਬਾਦ ਝੰਡਾ ਸਿੰਘ ਦਾ ਪਿਤਾ ਗੁਰਦਿੱਤ ਸਿੰਘ ਬੀਮਾਰ ਪੈ ਗਿਆ। ਉਨ੍ਹਾਂ ਦਿਨਾਂ ਅੰਦਰ ਹੀ ਝੰਡਾ ਸਿੰਘ ਦੇ ਘਰ ਬੱਚਾ ਹੋਣ ਵਾਲਾ ਸੀ। ਝੰਡਾ ਸਿੰਘ ਬਾਬਾ ਜੀ ਪਾਸ ਪਿਤਾ ਦੇ ਬੀਮਾਰ ਹੋਣ ਦੀ ਬੇਨਤੀ ਕਰਨ ਲਈ ਗਿਆ ਪਰ ਵਾਪਿਸ ਮੁੜ ਆਇਆ। ਦੁਬਾਰਾ ਗਿਆ ਪਰ ਫਿਰ ਮੁੜ ਆਇਆ। ਇਸ ਤਰ੍ਹਾਂ ਕਈ ਵਾਰ ਮੁੜਿਆ ਅਤੇ ਗਿਆ ਪਰ ਬੇਨਤੀ ਨਹੀਂ ਕੀਤੀ। ਗੁਰਦਿੱਤ ਸਿੰਘ ਬਹੁਤ ਬੀਮਾਰ ਹੋ ਗਿਆ ਤਾਂ ਫਿਕਰ ਕਰਨ ਲੱਗੇ। ਝੰਡਾ ਸਿੰਘ ਨੇ ਬੇਨਤੀ ਬਾਬਾ ਜੀ ਪਾਸ ਕਰ ਦਿੱਤੀ।

"ਹਜ਼ੂਰ ! ਮੇਰੇ ਪਿਤਾ ਜੀ ਬੀਮਾਰ ਹਨ।"

ਬਾਬਾ ਜੀ ਨੇ ਸੁਣ ਕੇ ਬਚਨ ਕੀਤਾ, "ਤੇਰੇ ਪਿਤਾ ਜੀ ਨੂੰ ਕੁਝ ਨਹੀਂ ਹੋਵੇਗਾ। ਜਦ ਤੇਰੇ ਘਰ ਮੁੰਡਾ ਹੋਇਆ, ਉਹ ਠੀਕ ਹੋ ਜਾਵੇਗਾ।"

ਝੰਡਾ ਸਿੰਘ ਬਚਨ ਸੁਣ ਕੇ ਘਰ ਵਾਪਸ ਚਲਾ ਗਿਆ। ਕੁਝ ਦਿਨਾਂ ਬਾਦ ਝੰਡਾ ਸਿੰਘ ਦੇ ਘਰ ਲੜਕੇ ਨੇ ਜਨਮ ਲਿਆ। ਬਚਨ ਹਜ਼ੂਰ ਦਾ ਪ੍ਰਤੱਖ ਹੋਇਆ। ਉਸ ਦਾ ਪਿਤਾ ਅਰੋਗ ਹੋ ਗਿਆ। ਗੁਰਦਿੱਤ ਸਿੰਘ ਠੀਕ ਹੋ ਕੇ ਟਿੱਲਾ ਸਾਹਿਬ 'ਤੇ ਮੱਥਾ ਟੇਕਣ ਆਇਆ ਅਤੇ ਬਾਬਾ ਜੀ ਨੂੰ ਪੋਤਰੇ ਦੀ ਖ਼ਬਰ ਦੇ ਕੇ ਉਨ੍ਹਾਂ ਦਾ ਸ਼ੁਕਰਾਨਾ ਕੀਤਾ।

ਹਜ਼ੂਰ ਨੇ ਬਚਨ ਕੀਤਾ, "ਗੁਰਦਿੱਤ ਸਿੰਘ ਇਹ ਤੇਰਾ ਪਿਤਾ ਅਤਰ ਸਿੰਘ ਮੁੜ ਕੇ ਆਇਆ।"

ਹੱਸ ਕੇ ਬੋਲੇ, "ਤੇਰੇ ਘਰ ਪੋਤਰਾ ਹੋਇਆ ਸਾਡਾ ਮੂੰਹ ਮਿੱਠਾ ਕਰਵਾ ਦੇ।"

ਗੁਰਦਿੱਤ ਸਿੰਘ "ਸਤਿ ਬਚਨ" ਕਹਿ ਕੇ ਘਰ ਚਲਾ ਗਿਆ। ਅਗਲੇ ਦਿਨ ਝੰਡਾ ਸਿੰਘ ਮਿੱਠੇ ਚੌਲਾਂ ਦੀ ਦੇਗ ਬਣਾ ਕੇ ਲੈ ਆਇਆ।

ਸੇਵਕ ਨੇ ਹੁਕਮ ਅਨੁਸਾਰ ਚੌਲਾਂ ਵਾਲਾ ਬਰਤਨ ਚੁੱਕ ਸ਼ਰ੍ਹਾਂ ਕੀਤੀ ਅਤੇ ਸੰਗਤ ਵਿਚ ਵਰਤਾ ਦਿੱਤੇ। ਬਾਬਾ ਜੀ ਨੇ ਹੱਸ ਕੇ ਬਚਨ ਕੀਤਾ, "ਤੇਰੇ ਘਰ ਮੁੰਡਾ ਹੋਇਆ ਤਾਂ ਤੂੰ ਚੌਲ ਬਣਾ ਕੇ ਲੈ ਆਇਆ। ਚੌਲਾਂ ਨੂੰ ਤਾਂ ਚਿੜੀਆਂ ਖੁਸ਼ ਹੋ ਕੇ ਖਾਂਦੀਆਂ ਹਨ।"

ਵੱਡੇ ਝੰਡਾ ਸਿੰਘ ਨੂੰ ਪੰਜ ਰੁਪਏ ਹਜ਼ੂਰ ਨੇ ਘਰ ਜਾਣ ਸਮੇਂ ਦਿੱਤੇ। ਅਗਲੇ ਦਿਨ ਵੱਡਾ ਝੰਡਾ ਸਿੰਘ ਕੜਾਹ ਪ੍ਰਸ਼ਾਦ ਬਣਾ ਕੇ ਲੈ ਆਇਆ। ਬੁੱਧਵਾਰ

ਦਾ ਦਿਨ ਸੀ। ਹਜ਼ੂਰ ਬਹੁਤ ਖੁਸ਼ ਹੋਏ ਤੇ ਹੁਕਮ ਕੀਤਾ, "ਪ੍ਰਸ਼ਾਦਿ ਸੰਗਤ ਵਿਚ ਵਰਤਾਓ।" ਹੁਕਮ ਅਨੁਸਾਰ ਦੇਗ ਵਰਤਾ ਦਿੱਤੀ। ਵੱਡਾ ਝੰਡਾ ਸਿੰਘ ਇਸ ਖਿਆਲ ਵਿਚ ਬੈਠਾ ਰਿਹਾ ਕਿ ਕੱਲ ਪੰਜ ਰੁਪਏ ਦਿੱਤੇ ਸਨ ਸ਼ਾਇਦ ਅੱਜ ਵੀ ਕੁਝ ਦੇਣ। ਬਾਬਾ ਜੀ ਹੱਸ ਕੇ ਕਹਿਣ ਲੱਗੇ, "ਤੂੰ ਹੁਣ ਜਾ, ਅਸੀਂ ਆਪਣੀ ਪਸੰਦ ਦੀ ਚੀਜ਼ ਪੈਸੇ ਦੇ ਬਣਵਾ ਲਈ ਸੀ। ਹੁਣ ਹੋਰ ਤ੍ਰਿਸ਼ਨਾ ਨਾ ਕਰ।" ਝੰਡਾ ਸਿੰਘ ਘਰ ਨੂੰ ਚਲਾ ਗਿਆ।

ਕੁਝ ਸਮੇਂ ਬਾਅਦ ਝੰਡਾ ਸਿੰਘ ਦੇ ਘਰ ਇਕ ਹੋਰ ਮੁੰਡਾ ਹੋਇਆ। ਉਸ ਨੇ ਬਾਬਾ ਜੀ ਕੋਲ ਮੁੰਡੇ ਦੀ ਖ਼ਬਰ ਦਿੱਤੀ ਤਾਂ ਹਜ਼ੂਰ ਨੇ ਬਚਨ ਕੀਤਾ, "ਇਹ ਤੇਰਾ ਚਾਚਾ ਪੋਲਾ ਸਿੰਘ ਹੈ। ਅੜਬ ਕੁੱਕੜ ਖੁੱਡੇ ਦਾ ਖਊ।"

ਸੁਭਾਵਿਕ ਨਿਕਲਿਆ ਬਚਨ ਸਮਾਂ ਪਾ ਕੇ ਸੱਚ ਸਾਬਤ ਹੋਇਆ। ਇਹ ਮੁੰਡਾ ਗਰਮ ਸੁਭਾਅ ਦਾ ਹੀ ਹੋਇਆ। ਹਜ਼ੂਰ ਨੇ ਇਸ ਪਰਿਵਾਰ ਨੂੰ ਸ਼ਗ੍ਹਾ ਕਰਕੇ ਦੋ ਰੁਪਈਏ ਦਿੱਤੇ। ਹੁਕਮ ਹੋਇਆ, "ਰੱਖਣੇ ਹਨ, ਮਾਇਆ ਬੇਅੰਤ ਆਏਗੀ।"

ਝੰਡਾ ਸਿੰਘ ਦੀ ਭੈਣ ਆਪਣੇ ਪਿਤਾ ਗੁਰਦਿੱਤ ਸਿੰਘ ਤੋਂ ਇਹ ਰੁਪਏ ਮੰਗ ਕੇ ਲੈ ਗਈ। ਪਹਿਲਾਂ ਗੁਰਦਿੱਤ ਸਿੰਘ ਨੇ ਜਵਾਬ ਦਿੱਤਾ ਪਰ ਜਦ ਉਸ ਨੇ ਕਿਹਾ, "ਤੁਸੀਂ ਬਾਬਾ ਜੀ ਤੋਂ ਹੋਰ ਲੈ ਲੈਣਾ।"

ਫਿਰ ਉਹ ਕੁਝ ਨਾ ਬੋਲ ਸਕਿਆ। ਲੜਕੀ ਇਸ ਗੱਲ ਤੋਂ ਬੇਖ਼ਬਰ ਸੀ ਕਿ ਬਖ਼ਸ਼ਿਸ਼ ਰੋਜ਼-ਰੋਜ਼ ਨਹੀਂ ਮਿਲਦੀ।

(ਇਹ ਬਚਨ ਵੱਡੇ ਝੰਡਾ ਸਿੰਘ ਨੇ ਆਪ ਲਿਖਾਇਆ ਸੀ।)

## ੮.

ਪ੍ਰਮਾਤਮਾ ਜਗਤ ਤਮਾਸ਼ਾ ਦੇਖਣ ਲਈ ਮਹਾਂਪੁਰਖ ਦੇ ਰੂਪ ਵਿਚ ਆਪਣੀ ਹੋਂਦ ਦਾ ਪ੍ਰਗਟਾਵਾ ਕਰਵਾਉਣ ਲਈ ਸੰਸਾਰ ਵਿਚ ਵਿਚਰਦੇ ਹਨ। ਕੱਚੇ ਧਾਗੇ ਦੀਆਂ ਤੰਦਾਂ ਦਾ ਉਣਿਆ ਹੋਇਆ ਇਹ ਜਗਤ ਤਾਣਾ ਪ੍ਰਮੇਸ਼ਵਰ ਆਪ ਉਲਝਾਉਂਦਾ ਹੈ। ਧਾਗਿਆਂ ਦੇ ਇਸ ਜੋੜਨ ਅਤੇ ਤੋੜਨ ਵਿਚ



ਲੱਗਿਆ ਇਨਸਾਨ ਜ਼ਿੰਦਗੀ ਦੇ ਅਸਲੀ ਗਿਆਨ ਜਾਂ ਮਕਸਦ ਤੋਂ ਕੋਸਾਂ ਦੂਰ ਚਲਿਆ ਜਾਂਦਾ ਅਤੇ ਆਖਿਰ ਆਤਮਾ ਬੁੱਤ ਨੂੰ ਅਲਵਿਦਾ ਕਹਿ ਕੇ, ਪੰਖੇਰੂ ਬਣ ਉਸ ਸੱਚੇ ਦੇ ਦਰਬਾਰ ਜਾ ਦਸਤਕ ਦਿੰਦੀ ਹੈ। ਨਿਤ ਪ੍ਰਤੀ ਕਰਤੇ ਦੀਆਂ ਕਰਨੀਆਂ ਪ੍ਰਤੱਖ ਵੇਖ ਕੇ ਵੀ ਅਗਿਆਨਤਾ ਦੇ ਝੂਲੇ ਦਾ ਆਨੰਦ ਹੀ ਅਸਲੀ ਜ਼ਿੰਦਗੀ ਦਾ ਮਕਸਦ ਸਮਝਦਾ ਹੈ। ਸਿਰਜਨਹਾਰ ਆਪਣੀ ਕੀਤੀ ਸਿਰਜਨਾ ਨੂੰ ਪਿਆਰ ਨਾਲ ਨੇੜੇ ਲਿਆਉਣ ਲਈ ਪ੍ਰੇਰਦਾ ਹੈ। ਪਰ ਇਨਸਾਨ ਗਿਆਨ ਦੀ ਵਹਿੰਦੀ ਨਦੀ ਵਿਚ ਚੀਚੀ ਵੀ ਨਹੀਂ ਡਬੋਂਦਾ। ਅਜੀਬੋ ਗਰੀਬ ਤਰੀਕਿਆਂ ਨਾਲ ਪ੍ਰਭੂ ਆਪਣੇ ਨਾਲ ਜੋੜਨ ਦਾ ਮੌਕਾ ਦਿੰਦਾ ਹੈ।

**ਕੇਤਿਆ ਦੂਖ ਭੂਖ ਸਦ ਮਾਰ॥**

ਭੁੱਚੋ ਕਲਾਂ ਦਾ ਵਾਸੀ ਮੀਹਾਂ ਸਿੰਘ ਅਕਾਲੀ ਦਾ ਲੜਕਾ ਘੁੱਕਰ ਸਿੰਘ ਕਦੇ ਕਦੇ ਸੇਵਾ ਵਿਚ ਆਇਆ ਕਰਦਾ ਸੀ। ਇਨ੍ਹਾਂ ਕੋਲ ਇਕ ਗਊ ਚੰਗੀ ਦੁੱਧ ਦੇਣ ਵਾਲੀ ਸੀ। ਦੁੱਧ ਕਾਫੀ ਦਿੰਦੀ ਸੀ ਪਰ ਅਚਾਨਕ ਹੀ ਇਸ ਦਾ ਦੁੱਧ ਖ਼ਰਾਬ ਹੋਣ ਲੱਗ ਪਿਆ। ਉਨ੍ਹਾਂ ਸੋਚਿਆ ਕਿ ਬਾਬਾ ਜੀ ਕੱਚਾ ਦੁੱਧ ਹੀ ਛੱਕਦੇ ਹਨ ਕਿਉਂ ਨਾ ਸੇਵਾ ਵਿਚ ਦੁੱਧ ਦੇ ਆਇਆ ਕਰੀਏ। ਗਰਮ ਕੀਤਾ ਹੋਇਆ ਦੁੱਧ ਫਟ ਜਾਂਦਾ ਸੀ। ਦੋਨੋਂ ਵੇਲੇ ਦੁੱਧ ਹਜ਼ੂਰ ਲਈ ਆਉਣਾ ਸ਼ੁਰੂ ਹੋ ਗਿਆ। ਇਕ ਦਿਨ ਬਾਬਾ ਜੀ ਨੇ ਪੁੱਛਿਆ, "ਮੀਹਾਂ ਸਿੰਘ, ਰੋਜ਼ ਦੋਨੋਂ ਵੇਲੇ ਦੁੱਧ ਕਿਉਂ ਲਿਆਉਂਦੇ ਹੋ।" ਉਸ ਨੇ ਉੱਤਰ ਦਿੱਤਾ, "ਮਹਾਰਾਜ ! ਗਊ ਦਾ ਦੁੱਧ ਗਰਮ ਕਰਿਆ ਫੁੱਟ ਜਾਂਦਾ ਹੈ। ਆਪ ਕੱਚਾ ਦੁੱਧ ਵਰਤਦੇ ਹੋ। ਅਸੀਂ ਸੋਚਿਆ ਸੇਵਾ ਵਿਚ ਹੀ ਦੇ ਆਇਆ ਕਰੀਏ। ਅਸੀਂ ਗ੍ਰਿਹਿਸਥੀ ਆਦਮੀ ਸਿੱਧੇ ਤੌਰ 'ਤੇ ਤਾਂ ਸੇਵਾ ਨਹੀਂ ਕਰ ਸਕਦੇ ਇਸੇ ਬਹਾਨੇ ਹੀ ਠੀਕ ਹੈ। ਪ੍ਰਵਾਨ ਕਰ ਲੈਣੀ ਆਪ ਜੀ ਦੇ ਦਰਸ਼ਨ ਭੀ ਹੋ ਜਾਂਦੇ ਹਨ। ਸ਼ਾਇਦ ਇਹੋ ਹੀ ਆਪ ਦੇ ਦਰਸ਼ਨ ਲਈ ਬਹਾਨਾ ਬਣਿਆ ਹੈ।"

ਹਜ਼ੂਰ ਬਾਬਾ ਜੀ ਨੇ ਬਚਨ ਕੀਤਾ, "ਘਰ ਜਾ ਕੇ ਆਟੇ ਦਾ ਇਕ ਪੇੜਾ ਲੈ ਆ।"

ਹੁਕਮ ਅਨੁਸਾਰ ਮੀਹਾਂ ਸਿੰਘ ਇਕ ਆਟੇ ਦਾ ਪੇੜਾ ਲੈ ਆਇਆ। ਬਾਬਾ ਜੀ ਪੇੜਾ ਹੱਥ ਵਿਚ ਲੈ ਕੇ ਤੁਰਦੇ ਫਿਰਦੇ ਰਹੇ। ਇਕ ਦੋ ਜਗ੍ਹਾ ਪੇੜਾ ਜ਼ਮੀਨ 'ਤੇ ਰੱਖਿਆ ਅਤੇ ਚੁੱਕਿਆ। ਉਪਰੰਤ ਬਚਨ ਕੀਤਾ, "ਸ਼ੁੱਧ ਹੈ ! ਲੈ ਜਾਉ।

ਪੇੜਾ ਗਊ ਨੂੰ ਖਵਾ ਦਿਓ।" ਉਨ੍ਹਾਂ ਪੇੜਾ ਗਊ ਨੂੰ ਦੇ ਦਿੱਤਾ। ਕਈ ਸਾਲ ਗਊ ਇਨ੍ਹਾਂ ਪਾਸ ਹੀ ਰਹੀ ਪਰ ਉਸ ਦਾ ਦੁੱਧ ਕਦੇ ਖ਼ਰਾਬ ਨਹੀਂ ਹੋਇਆ। ਇਹ ਡੇਰੇ ਸਾਹਿਬ ਦੇ ਨੇੜੇ ਦੇ ਛੱਪੜ ਵਿਚ ਪਾਣੀ ਪੀਣ ਜਾਂਦੀ ਸੀ ਪਰ ਉਸ ਦਿਨ ਤੋਂ ਬਾਅਦ ਛੱਪੜ ਵਿਚ ਪਾਣੀ ਨਹੀਂ ਪੀਣ ਗਈ। ਅਜਮਾਉਣ ਲਈ ਕਈ ਵਾਰ ਲੋਕਾਂ ਨੇ ਦੂਸਰੇ ਪਸ਼ੂਆਂ ਨਾਲ ਲੈ ਕੇ ਜਾਣ ਦੀ ਕੋਸ਼ਿਸ਼ ਕੀਤੀ ਪਰ ਸਭ ਬੇਅਰਥ। ਕਈ ਵਾਰ ਕੁੱਟ ਮਾਰ ਕੇ ਵੀ ਦੇਖਿਆ ਪਰ ਉਹ ਅੱਗੇ ਨਾਂ ਜਾਂਦੀ।

(ਇਹ ਬਚਨ ਘੁੱਕਰ ਸਿੰਘ ਨੇ ਆਪ ਲਿਖਵਾਏ ਹਨ।)

## ੯.

## ਖਿਨ ਮਹਿ ਬਿਨਸਿਓ ਮਹਾ ਪਰੇਤੁ ॥

ਨਿਰਭਉ, ਨਿਰਵੈਰ, ਨਿਰੰਕਾਰੀ ਜੋਤ ਅਥਾਹ ਸਮਰੱਥਾ ਰੱਖਦੀ ਹੈ। ਹਰ ਸ਼ੈਤਾਨ ਨੂੰ ਲਗਾਮ ਪਾਉਣ ਦੀ। ਭੂਤ ਪ੍ਰੇਤ ਸ਼ੈਤਾਨ ਨੇ ਪ੍ਰਮਾਤਮਾ ਦੀ ਹੋਂਦ ਨੂੰ ਉਜਾਗਰ ਕੀਤਾ। ਬਾਲਮੀਕੀ ਕਲਮ ਰਮਾਇਣ ਦੀਆਂ ਕਥਾਵਾਂ ਨਾ ਉਲੀਕਦੀ ਜੇ ਰਾਵਣ ਨਾ ਹੁੰਦਾ। ਦੁਰਯੋਧਨ ਦੇ ਕੁਕਰਮਾਂ ਨੇ ਮਹਾਂਭਾਰਤ ਦੀ ਰਚਨਾ ਕਰਾਈ। ਨਿਰੰਕਾਰੀ ਜੋਤ ਗੁਰੂ ਨਾਨਕ ਪਾਤਸ਼ਾਹ ਨੂੰ ਕੌਡੇ ਰਾਕਸ਼ ਵਰਗਿਆਂ ਪਾਪੀਆਂ ਦਾ ਉਧਾਰ ਕਰਨ ਲਈ ਇਸ ਧਰਤੀ ਉੱਪਰ ਆਉਣਾ ਪਿਆ। ਦੁੱਖ ਤੋਂ ਬਿਨਾਂ ਸੁੱਖ ਦਾ ਕੋਈ ਅਨੰਦ ਨਹੀਂ ਹੁੰਦਾ। ਧਰਤੀ ਦਾ ਸੀਨਾ ਉੱਚਾ ਨੀਵਾਂ ਨਹੀਂ ਹੁੰਦਾ ਜੇ ਨਦੀਆਂ ਨਾਲੇ ਨਹੀਂ ਹੁੰਦੇ। ਇਨਸਾਨ ਦਾ ਹਿਰਦਾ ਤਲਾਬ ਦੇ ਪਾਣੀ ਦੀ ਸਤਹ ਵਾਂਗੂ ਇਕਸਾਰ ਹੁੰਦਾ ਤਾਂ ਦੁਨੀਆਂ ਅੰਦਰ ਜ਼ੁਲਮ ਲਈ ਕੋਈ ਥਾਂ ਨਾ ਹੁੰਦੀ।

ਬਾਬਾ ਜੀ ਦੇ ਸਮੇਂ ਦਾ ਜ਼ਿਕਰ ਹੈ ਡਰੋਲੀ ਭਾਈ ਪਿੰਡ ਦਾ ਇਕ ਵਾਸੀ ਬਿਸ਼ਨ ਸਿੰਘ ਅਸਾਧ ਰੋਗ ਨਾਲ ਪੀੜਤ ਸੀ। ਦੌਰਾ ਪੈਣ ਵੇਲੇ ਘਰ ਵਾਲੇ ਵੀ ਦੁਖੀ ਹੁੰਦੇ ਸਨ ਕਿਉਂਕਿ ਇਹ ਬੇਕਾਬੂ ਹੋ ਜਾਂਦਾ ਸੀ। ਉਸ ਨੇ ਇਹੋ ਜਿਹੀਆਂ ਹਰਕਤਾਂ ਕਰਨੀਆਂ ਕਿ ਦੇਖਣ ਵਾਲਿਆਂ ਨੇ ਹੈਰਾਨ ਹੋ ਜਾਣਾ।





ਇਸੇ ਹੀ ਪਿੰਡ ਦੇ ਬਜ਼ੁਰਗ ਜੋਗਿੰਦਰ ਸਿੰਘ ਨੂੰ ਇਸ ਗੱਲ ਦਾ ਪੂਰਾ ਪਤਾ ਸੀ ਅਤੇ ਕਈ ਵਾਰ ਦੱਸਦੇ ਰਹਿੰਦੇ ਸਨ। ਉਹਨਾਂ ਦੱਸਿਆ ਕਿ ਇਨ੍ਹਾਂ ਦੀ ਰਿਸ਼ਤੇਦਾਰੀ ਪਿੰਡ ਸਭਰਾਵਾਂ ਤਹਿਸੀਲ ਪੱਟੀ ਜ਼ਿਲ੍ਹਾ ਅੰਮ੍ਰਿਤਸਰ ਹੈ। ਦਿਨ ਤਿਉਹਾਰ ਸਮੇਂ ਸਾਡੇ ਘਰ ਵਿਚ ਕੋਈ ਚੀਜ਼, ਖੀਰ, ਪ੍ਰਸ਼ਾਦ, ਮਠਿਆਈ ਆਦਿ ਬਣਾਉਣੀ ਤਾਂ ਇਹ ਆਪਣੇ ਆਪ ਪਿੰਡ ਸਭਰਾਵਾਂ ਪਹੁੰਚ ਜਾਣੀ। ਜੇ ਉਥੇ ਬਣਦੀ ਤਾਂ ਆਪਣੇ ਆਪ ਡਰੋਲੀ ਭਾਈ ਪਹੁੰਚ ਜਾਣੀ। ਇਸ ਤਰ੍ਹਾਂ ਅਣਹੋਣੀਆਂ ਵਾਪਰਦੀਆਂ ਰਹਿੰਦੀਆਂ। ਐਸੀਆਂ ਅਣਹੋਣੀਆਂ ਕਿਤੇ ਖਾਸ ਤਾਕਤ ਵਾਲੀ ਪ੍ਰੇਤ ਆਤਮਾ ਹੀ ਕਰ ਸਕਦੀ ਸੀ। ਜੋਗਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਵੇਖਣ ਦੀ ਗੱਲ ਹੈ ਕਿ ਜਦੋਂ ਉਨ੍ਹਾਂ ਅੰਦਰ ਉਹ ਪ੍ਰੇਤ ਆਤਮਾ ਪ੍ਰਵੇਸ਼ ਕਰ ਜਾਂਦੀ ਤਾਂ ਉਹ ਖੂਹ ਦੇ ਵਿਚਾਲੇ ਕਿਸੇ ਆਸਰੇ ਤੋਂ ਬਿਨਾਂ ਖੜ੍ਹ ਜਾਂਦੇ ਅਤੇ ਪੈ ਜਾਂਦੇ। ਜੇ ਕਿਸੇ ਦਰਖ਼ਤ ਤੇ ਚੜ੍ਹ ਜਾਦੇ ਤਾਂ ਪਤਲੀ ਤੋਂ ਪਤਲੀ ਟਾਹਣੀ ਉੱਤੇ ਵੀ ਬੈਠ ਜਾਂਦੇ ਪਰ ਉਹ ਟੁੱਟਦੀ ਨਹੀਂ ਸੀ। ਇਸ ਗੱਲ ਤੋਂ ਘਰ ਵਾਲੇ ਬਹੁਤ ਤੰਗ ਸਨ ਪਰ ਕੋਈ ਇਲਾਜ ਨਹੀਂ ਹੋ ਸਕਦਾ ਸੀ। ਉਨ੍ਹਾਂ ਨੂੰ ਕਿਸੇ ਨੇ ਬਾਬਾ ਜੀ ਬਾਰੇ ਦੱਸਿਆ ਅਤੇ ਤਾਕੀਦ ਕੀਤੀ ਕੇ ਤੁਸੀਂ ਇਸ ਨੂੰ ਕਿਸੇ ਢੰਗ ਨਾਲ ਭੁੱਚੋ ਲੈ ਜਾਵੋ ਤਾਂ ਇਸ ਦਾ ਇਲਾਜ ਹੋ ਸਕਦਾ ਹੈ। ਕੁਝ ਦਿਨਾਂ ਬਾਅਦ ਉਸ ਘਰ ਦੇ ਦੋ ਆਦਮੀ ਉਸ ਨੂੰ ਜਗਰਾਉਂ, ਲੁਧਿਆਣਾ, ਧੂਰੀ ਦੇ ਰੇਲ ਰਸਤੇ ਰਾਹੀਂ ਹੁੰਦੇ ਹੋਏ ਭੁੱਚੋ ਲੈ ਆਏ। ਭੁੱਚੋ ਮੰਡੀ ਤੋਂ ਬਾਬਾ ਜੀ ਦੇ ਅਸਥਾਨ ਟਿੱਲਾ ਸਾਹਿਬ ਭੁੱਚੋ ਕਲਾਂ ਆਉਂਦੇ ਹੋਏ ਉਸ ਨੂੰ ਫਿਰ ਉਹੀ ਕਸਰ ਹੋ ਗਈ। ਪਰ ਮੂੰਹੋਂ ਕੁਝ ਨਹੀਂ ਬੋਲਿਆ ਅਤੇ ਸਿੱਧਾ ਬਾਬਾ ਜੀ ਦੇ ਅਸਥਾਨ ਨੂੰ ਚੱਲ ਪਿਆ। ਅੱਗੋਂ ਬਾਬਾ ਜੀ ਨੇ ਸੇਵਕਾਂ ਨੂੰ ਹਦਾਇਤ ਕੀਤੀ ਕਿ ਸਭ ਆਸੇ ਪਾਸੇ ਹੋ ਜਾਵੋ ਕੋਈ ਇੱਥੇ ਨਾ ਠਹਿਰੇ। ਬਾਬਾ ਜੀ ਨੇ ਸ਼ਰ੍ਹਾਂ ਵਾਲੀ ਲਕੀਰ ਤੋਂ ਬਾਹਰ ਭੇਜ ਦਿੱਤੇ। ਜਦੋਂ ਉਹ ਡੇਰਾ ਸਾਹਿਬ ਪਹੁੰਚਿਆ ਤਾਂ ਉਸ ਲਕੀਰ ਤੋਂ ਪਿੱਛੇ ਹੀ ਖੜ ਗਿਆ। ਉਸ ਦੇ ਸਾਥੀਆਂ ਨੂੰ ਬਾਬਾ ਜੀ ਨੇ ਅੱਗੇ ਆਉਣ ਦੀ ਆਗਿਆ ਦੇ ਦਿੱਤੀ ਤੇ ਉਹ ਟਿੱਲਾ ਸਾਹਿਬ ਤੇ ਪਹੁੰਚ ਗਏ। ਉਹ ਲਕੀਰ ਤੋਂ ਬਾਹਰ ਖੜ੍ਹ ਕੇ ਟੱਪਿਆ-ਨੱਚਿਆ ਤੇ ਬਹੁਤ ਬੋਲਿਆ ਪਰ ਨਾ ਹੀ ਅੰਦਰ ਆ ਸਕਿਆ ਤੇ ਨਾ ਹੀ ਕਿਸੇ ਹੋਰ ਪਾਸੇ ਜਾ ਸਕਿਆ। ਅੰਤ ਬਾਬਾ ਜੀ ਨੇ ਆਪਣੇ ਦੋਹਾਂ

ਹੱਥਾਂ ਨੂੰ ਮਰੋੜ ਕੇ ਕਚੀਚੀ ਲਈ ਅਤੇ ਬਚਨ ਕੀਤਾ, "ਹੋ ਜਾ ਤਕੜਾ ਤੈਨੂੰ ਫੜ੍ਹਨ ਲੱਗੇ ਹਾਂ।" ਇਹ ਕਹਿਣ ਦੀ ਦੇਰ ਸੀ ਕਿ ਉਹ ਜ਼ਮੀਨ ਤੇ ਇਉਂ ਡਿੱਗਾ ਜਿਵੇਂ ਧੋਬੀ ਕੱਪੜੇ ਨੂੰ ਘਾਟ ਤੇ ਪਟਕਾ ਕੇ ਮਾਰਦਾ ਹੈ। ਕੋਈ ਅੰਦਾਜ਼ਾ ਦੋ ਘੰਟੇ ਬਾਅਦ ਉਹ ਉਠ ਕੇ ਬੈਠ ਗਿਆ। ਬਾਬਾ ਜੀ ਨੇ ਉਸ ਦੇ ਸਾਥੀਆਂ ਨੂੰ ਹੁਕਮ ਦਿੱਤਾ, "ਜਾਉ ਉਸ ਨੂੰ ਲੈ ਆਉ।" ਉਹ ਹੁਕਮ ਅਨੁਸਾਰ ਟਿੱਲੇ ਉਪਰ ਲੈ ਆਏ। ਬਾਬਾ ਜੀ ਨੇ ਸੇਵਕਾਂ ਨੂੰ ਸੱਦ ਕੇ ਸ਼ਰ੍ਹਾਂ ਕਰਵਾਈ ਅਤੇ ਲੰਗਰ ਛਕਾ ਕੇ ਘਰ ਨੂੰ ਵਾਪਸ ਮੋੜ ਦਿੱਤਾ।

(ਇਹ ਬਚਨ ਲੇਖਕ ਦੇ ਪਿਤਾ ਭਾਈ ਰਤਨ ਸਿੰਘ ਡਰੌਲੀ ਭਾਈ ਤੋਂ ਮਿਲੇ।)

## ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ ॥

ਨਿਰੰਤਰ ਬਾਣੀ ਵਿਚ ਲੀਨ ਮਨ ਪ੍ਰਮੇਸ਼ਰ ਤੋਂ ਪੂਰਨ ਅਧਿਆਤਮਕ ਸਕਤੀ ਗ੍ਰਹਿਣ ਕਰ ਚੁੱਕਾ ਹੁੰਦਾ ਹੈ। ਪ੍ਰਭੂ ਨਾਲ ਅਭੇਦ ਹੋ ਸਰਬ ਸ਼ਕਤੀਮਾਨ ਬਣ ਜਾਂਦਾ ਹੈ, ਫਿਰ ਦੁਨੀਆਂ ਦੇ ਕਸ਼ਟ ਨਿਵਾਰਨ ਲਈ ਇਨਸਾਨੀ ਰੂਪ ਧਾਰ ਕੇ ਪ੍ਰਲੋਕ ਤੋਂ ਲੋਕ ਵਿਚ ਆ ਪਲਕਾਂ ਖੋਲ੍ਹਦਾ ਹੈ। ਸਿਮਰਨ ਵਾਲੇ ਨੂੰ ਇਹ ਮਹਾਂਪੁਰਖ ਆਪਣੀ ਰਹਿਨੁਮਾਈ ਥੱਲੇ 'ਆਪਿ ਮੁਕਤੁ ਮੁਕਤੁ ਕਰੈ ਸੰਸਾਰੁ' ਵਾਲੀ ਪੰਗਤੀ ਨੂੰ ਸੱਚ ਕਰ ਦਿੰਦੇ ਹਨ।

ਸਿਦਕਵਾਨ, ਨਿਤਨੇਮ ਦਾ ਪ੍ਰੇਮੀ ਭਾਈ ਨਰੈਣ ਸਿੰਘ ਪਿੰਡ ਡਰੋਲੀ ਭਾਈ ਦੇ ਰਹਿਣ ਵਾਲਾ ਸੀ। ਸਿੱਖੀ ਰਹਿਤ ਰਹਿਣ ਕਰਕੇ ਇਨ੍ਹਾਂ ਦੇ ਬਜ਼ੁਰਗ ਨੂੰ 'ਸਿੱਖੜੇ' ਦੀ ਅੱਲ ਪੈਂਦੀ ਸੀ। ਇਸ ਖਾਨਦਾਨ ਵਿਚ ਇਕ ਚੰਗੇ ਮਹਾਤਮਾ ਜਗਤ ਸਿੰਘ ਜੀ ਹੋਏ ਹਨ। ਡਰੌਲੀ ਭਾਈ ਇਕ ਧਾਰਮਿਕ ਅਸਥਾਨ ਵਿਚ ਇਨ੍ਹਾਂ ਦੀ ਯਾਦਗਾਰ ਮੌਜੂਦ ਹੈ। ਭਾਈ ਨਰੈਣ ਸਿੰਘ ਹਜ਼ੂਰ ਦੀ ਸ਼ੁਹਰਤ ਸੁਣ ਕੇ ਭੁੱਚੋ ਪਹੁੰਚ ਗਿਆ। ਆਗਿਆ ਲੈ ਕੇ ਟਿੱਲਾ ਸਾਹਿਬ ਉਪਰ ਬਾਬਾ ਜੀ ਕੋਲ ਪਹੁੰਚ ਗਿਆ। ਹਜ਼ੂਰ ਨੇ ਮਰਯਾਦਾ ਅਨੁਸਾਰ ਨਾਨਕੇ, ਪਿੰਡ, ਗੋਤ,



ਜਾਤ, ਭੂਆ, ਪਿਤਾ ਮਾਤਾ ਸਭ ਬਾਰੇ ਪੁੱਛਿਆ। ਇਸ ਤੋਂ ਬਾਅਦ ਹੁਕਮ ਕੀਤਾ, "ਚਾਲੀ ਦਿਨ ਇੱਥੇ ਰਹਿਣਾ ਪਵੇਗਾ।" ਭਾਈ ਨਰੈਣ ਸਿੰਘ 'ਸਤਿ ਬਚਨ' ਕਹਿ ਕੇ ਰਹਿਣ ਲੱਗਾ। ਲੰਗਰ ਵਿਚੋਂ ਪ੍ਰਸ਼ਾਦੇ ਛੱਕ ਲੈਣੇ। ਦੁੱਧ ਹਜ਼ੂਰ ਨੇ ਨਿਗਾਹ ਕਰਕੇ ਕੱਚਾ ਹੀ ਦੇਣਾ। ਚਾਲ੍ਹੀ ਦਿਨਾਂ ਬਾਦ ਹਜ਼ੂਰ ਨੇ ਬੁਲਾ ਕੇ ਪੁੱਛਿਆ, "ਨਿਤਨੇਮ ਕੀ ਕਰਦਾ ਹੁੰਦਾ ਸੀ।"

ਭਾਈ ਨਰੈਣ ਸਿੰਘ ਨੇ ਉੱਤਰ ਦਿੱਤਾ, "ਮਹਾਰਾਜ ਪੰਜ ਗਰੰਥੀ ਪੋਥੀ ਯਾਦ ਹੈ। ਰੋਜ਼ ਹੀ ਪਾਠ ਕਰਦਾ ਹਾਂ।"

"ਕਦੇ ਦਿਨ ਖਾਲੀ ਤਾਂ ਨਹੀਂ ਗਿਆ।" ਹਜ਼ੂਰ ਨੇ ਫਿਰ ਪੁੱਛਿਆ। "ਨਹੀਂ ਮਹਾਰਾਜ।"

"ਚੰਗਾ ਫੇਰ ਸ਼ੁੱਧ ਹੈ। ਦੋ ਪਾਠ ਰੋਜ਼ ਕਰਿਆ ਕਰ। ਪੰਚ ਪਰਵਾਣ ਵਿਚ ਗਿਣਤੀ ਹੋ ਜਾਵੇਗੀ।"

ਇਸ ਨੇ 'ਸਤਿ ਬਚਨ' ਕਿਹਾ ਅਤੇ ਆਗਿਆ ਲੈ ਕੇ ਪਿੰਡ ਚਲਾ ਗਿਆ।

ਘਰ ਪਹੁੰਚ ਕੇ ਪੰਜ ਗ੍ਰੰਥੀ ਪੋਥੀ ਦੇ ਪਾਠ ਕਰਨੇ ਸ਼ੁਰੂ ਕਰ ਦਿੱਤੇ ਅਤੇ ਪਹਿਲਾਂ ਵਾਗ ਸੇਰ ਕੱਚਾ ਦੁੱਧ ਵੀ ਪੀਣਾ ਸ਼ੁਰੂ ਕਰ ਦਿੱਤਾ। ਕੁਝ ਦਿਨਾਂ ਬਾਅਦ ਸਰੀਰ ਨੂੰ ਤਕਲੀਫ਼ ਹੋਣ ਲੱਗ ਪਈ। ਪਹਿਲਾਂ ਤਾਂ ਕੋਈ ਧਿਆਨ ਨਹੀਂ ਦਿੱਤਾ ਪਰ ਜਦ ਤਕਲੀਫ ਬਾਰੇ ਦੱਸਿਆ ਤਾਂ ਹਜ਼ੂਰ ਨੇ ਬਚਨ ਕੀਤਾ, "ਤੈਨੂੰ ਪਾਠ ਕਰਨ ਲਈ ਕਿਹਾ ਸੀ ਨਾ ਕਿ ਦੁੱਧ ਪੀਣ ਲਈ। ਦੁੱਧ ਬੰਦ ਕਰ ਦਿਓ।"

"ਸਤਿ ਬਚਨ ਜੀ" ਕਹਿ ਕੇ ਹੁਕਮ ਅਨੁਸਾਰ ਘਰ ਚਲਾ ਗਿਆ। ਭਾਈ ਨਰੈਣ ਸਿੰਘ ਲੇਖਕ ਦੇ ਪਿਤਾ ਨਾਲ ਚੰਗਾ ਪ੍ਰੇਮ ਕਰਦੇ ਸਨ। ਮਾਤਾ ਪਿਤਾ ਨੇ ਜਦ ਸੇਵਾ ਕਰਦੇ ਸਮੇਂ ਕਦੇ ਘਰ ਜਾਣਾ ਤਾਂ ਨਰੈਣ ਸਿੰਘ ਨੇ ਘਰ ਮਿਲਣ ਆਉਣਾ ਅਤੇ ਕਹਿਣਾ, "ਉਹ ਪੂਰਨ ਮਹਾਂਪੁਰਖ ਹਨ। ਸੇਵਾ ਕਰਦੇ ਜਾਉ ਤੁਹਾਡੀਆਂ ਕੁਲਾਂ ਤਰ ਜਾਣਗੀਆਂ।"

(ਇਹ ਬਚਨ ਲੇਖਕ ਦੇ ਪਿਤਾ ਤੋਂ ਮਿਲੇ ਹਨ।)

# ਜਿਨਿ ਹਰਿ ਸੇਵਿਆ ਤਿਨਿ ਸੁਖ ਪਾਇਆ
# ਬਿਨੁ ਸੇਵਾ ਪਛੋਤਾਣੀ ਹੇ॥

ਸਰੀਰਕ ਸੁੱਖਾਂ ਦੀ ਤ੍ਰਿਸ਼ਨਾ ਮਨ ਵਿਚ ਉਤਾਰ ਕੇ ਆਦਮੀ ਜੀਵ ਅਤੇ ਬਨਾਸਪਤੀ ਦੀ ਸੇਵਾ ਕਰਦਾ ਹੈ। ਫਲ ਦੀ ਪ੍ਰਾਪਤੀ ਹਰ ਨਵੇਂ ਦਿਨ ਦੀ ਲੈਅ ਉਡੀਕਦਾ ਹੈ। ਜਿਨ੍ਹਾਂ ਸਿਮਰਨ ਦੀ ਬੂੰਦ-ਬੂੰਦ ਨਾਲ ਪ੍ਰਭੂ ਦੀ ਪ੍ਰਸੰਨਤਾ ਨੂੰ ਸਿੰਜਿਆ ਹੈ ਉਨ੍ਹਾਂ ਤੂਫ਼ਾਨਾਂ ਤੋਂ ਅਡੋਲ ਰਹਿ ਪ੍ਰਭੂ ਪ੍ਰਸੰਨਤਾ ਨੂੰ ਸੁੱਖਾਂ ਵਿਚ ਹਾਸਲ ਕੀਤਾ ਹੈ। 'ਜਿਨਿ ਹਰਿ ਸੇਵਿਆ ਤਿਨਿ ਸੁਖ ਪਾਇਆ॥' ਜਿਨ੍ਹਾਂ ਉਸ ਸਿਰਜਨਹਾਰ ਤੋਂ ਬੇਪਰਵਾਹ ਹੋ ਕੇ ਸੇਵਾ ਸਿਮਰਨ ਨੂੰ, ਹਉਮੈ ਵਸ ਹੋ ਕੇ, ਅੱਖੋਂ ਪਰੋਖੇ ਕੀਤਾ ਹੈ, ਉਨ੍ਹਾਂ ਆਖਿਰ ਇਹੀ ਕਿਹਾ ਹੈ, "ਬਿਨੁ ਸੇਵਾ ਪਛੋਤਾਣੀ ਹੇ।"

ਡਰੋਲੀ ਭਾਈ ਇਕ ਇਤਿਹਾਸਕ ਨਗਰ ਹੈ। ਛੇਵੇਂ ਪਾਤਸ਼ਾਹ ਦੀ ਚਰਨ ਛੋਹ ਇਸ ਧਰਤੀ ਨੂੰ ਦੋ ਵਾਰ ਪ੍ਰਾਪਤ ਹੋਈ ਹੈ। ਇੱਥੇ ਦੋ ਅਸਥਾਨ ਪੂਜਣ ਯੋਗ ਹਨ। ਇਕ ਜਨਮ ਅਸਥਾਨ ਬਾਬਾ ਗੁਰਦਿੱਤਾ ਸਾਹਿਬ ਅਤੇ ਇਕ ਅਟਾਰੀ ਗੁਰੂ ਕਾ ਲੰਗਰ, ਇਸ ਜਗ੍ਹਾ ਸਤਿਗੁਰੂ ਦੇ ਬਸਤਰ ਇਕ ਕਛਿਹਰਾ, ਇਕ ਦਸਤਾਰ, ਮਾਤਾ ਦਮੋਦਰੀ ਜੀ ਦਾ ਸਲਾਰਾ ਤੇ ਕਈ ਹੋਰ ਨਿਸ਼ਾਨੀਆਂ ਮੌਜੂਦ ਹਨ। ਇਸ ਪਿੰਡ ਦੇ ਉੱਤਰ ਵਾਲੇ ਪਾਸੇ ਨਹਿਰ ਦੇ ਕੋਲ ਮਾਤਾ ਦਮੋਦਰੀ ਜੀ ਦਾ ਦੇਹਰਾ ਸਾਹਿਬ ਵਿਚ ਮਾਤਾ ਜੀ ਦੇ ਅੰਤਮ ਸਮੇਂ ਬੈਠ ਕੇ ਕੀਰਤਨ ਕਰਨ ਦਾ ਅਸਥਾਨ ਹੈ। ਨਹਿਰ ਤੋਂ ਪਾਰ ਮਾਤਾ ਜੀ ਦਾ ਅੰਗੀਠਾ ਸਾਹਿਬ, ਮਾਤਾ ਦੀ ਭੈਣ ਮਾਈ ਰਾਮੋ ਦੇ ਪਤੀ ਸਾਂਈ ਦਾਸ ਦਾ, ਮਾਤਾ ਦਮੋਦਰੀ ਦੇ ਪਿਤਾ ਨਰੈਣ ਦਾਸ ਜੀ ਦਾ, ਪੰਜਵੀਂ ਮਾਤਾ, ਨਰੈਣ ਦਾਸ ਜੀ ਦੀ ਘਰਵਾਲੀ ਦੇ ਅੰਗੀਠੇ ਮੌਜੂਦ ਹਨ। ਦੇਹਰਾ ਸਾਹਿਬ ਦੀ ਪੁਸ਼ਤਾਂ ਤੋਂ ਸੰਭਾਲ ਕਰ ਰਹੇ ਖਾਨਦਾਨ ਵਿਚੋਂ ਭਾਈ ਰਾਮ ਸਿੰਘ ਜੀ ਮਹੰਤ ਹੋਏ ਹਨ। ਇਨ੍ਹਾਂ ਦਾ ਸਾਥ ਨਿਭਾਉਂਦੇ ਰਹੇ ਭਾਈ ਤੇਜਾ ਸਿੰਘ ਜੀ ਚਚੇਰੇ ਭਾਈ ਸਨ। ਭਾਈ ਤੇਜਾ ਸਿੰਘ



ਦੀ ਲੜਕੀ ਜੈ ਕੌਰ ਦੀ ਕਿਸੇ ਸਮੇਂ ਛੋਟੀ ਉਮਰ ਵਿਚ ਬਾਬਾ ਜੀ ਨਾਲ ਮੰਗਣੀ ਹੋਈ ਸੀ। ਬਾਬਾ ਜੀ ਦੇ ਘਰੋਂ ਚਲੇ ਜਾਣ ਅਤੇ ਕੋਈ ਪਤਾ ਨਾ ਲੱਗਣ ਤੇ ਬਾਬਾ ਜੀ ਦੇ ਭਾਈ ਨਾਲ ਸ਼ਾਦੀ ਕਰ ਦਿੱਤੀ ਸੀ। ਇਨ੍ਹਾਂ ਦੇ ਬੰਸ਼ ਵਿਚੋਂ ਭਾਈ ਸਾਧੂ ਸਿੰਘ ਦਾ ਪਰਿਵਾਰ ਟਿੰਡਾ ਵਾਲੀ (ਫਿਰੋਜ਼ਪੁਰ) ਵਿਚ ਸੀ, ਪਰ ਹੁਣ ਕੋਈ ਪਤਾ ਨਹੀਂ ਹੈ।

ਮਹੰਤ ਭਾਈ ਰਾਮ ਸਿੰਘ ਦੀ ਰਿਸ਼ਤੇਦਾਰੀ ਭਾਈ ਪ੍ਰੇਮ ਸਿੰਘ ਨਾਭਾ ਨਿਵਾਸੀ ਨਾਲ ਸੀ। ਪ੍ਰੇਮ ਸਿੰਘ ਅਤੇ ਮਹੰਤ ਰਾਮ ਸਿੰਘ ਨੇ ਨਾਭੇ ਪਹੁੰਚ ਕੇ ਮਹਾਰਾਜ ਹੀਰਾ ਸਿੰਘ ਨੂੰ ਕਥਾ ਸੁਣਾਈ। ਇਨ੍ਹਾਂ ਨੂੰ ਕਥਨੀ ਵਿਦਵਤਾ ਦੀ ਝਲਕ ਸੀ। ਕਥਾ ਤੋਂ ਪ੍ਰਭਾਵਿਤ ਹੋ ਕੇ ਮਹਾਰਾਜੇ ਹੀਰਾ ਸਿੰਘ ਨੇ ਪਰਿਵਾਰ ਸਮੇਤ ਅੰਮ੍ਰਿਤਪਾਨ ਕੀਤਾ ਅਤੇ ਸਵਾ ਲੱਖ ਰੁਪਏ ਦੀਆਂ ਮੋਹਰਾਂ ਮਹੰਤ ਸਾਹਿਬ ਨੂੰ ਭੇਂਟ ਕੀਤੀਆਂ।

ਮਹੰਤ ਰਾਮ ਸਿੰਘ ਜੀ ਨੇ ਬਾਬਾ ਜੀ ਦੀ ਸਿਫ਼ਤ ਸੁਣੀ ਤਾਂ ਪ੍ਰੇਮ ਸਿੰਘ ਨੂੰ ਨਾਲ ਲੈ ਕੇ ਦਰਸ਼ਨਾਂ ਲਈ ਪਹੁੰਚ ਗਏ। ਆਗਿਆ ਲੈ ਕੇ ਟਿੱਲਾ ਸਾਹਿਬ ਉਪਰ ਚਲੇ ਗਏ। ਮਹੰਤ ਰਾਮ ਸਿੰਘ ਜੀ ਨੇ ਬਾਬਾ ਜੀ ਨੂੰ ਇਕ ਰੁਪਿਆ ਮੱਥਾ ਟੇਕਿਆ।

ਬਾਬਾ ਜੀ ਨੇ ਬਚਨ ਕੀਤਾ, "ਆਓ ਮਹੰਤ ਸਾਹਿਬ ਰਾਮ ਸਿੰਘ, 'ਰਾਰਾ ਰਾਮ ਰਵਿਆ ਸਭ ਥਾਈ।' ਰੁਪਏ ਵੱਲ ਇਸ਼ਾਰਾ ਕਰਕੇ ਕਿਹਾ ਇਹ ਰੁਪਈਆ ਚੁੱਕ ਲੈ। ਅਸੀਂ ਨਹੀਂ ਲੈਣਾ। ਇਹ ਤੇਰੀ ਕਮਾਈ ਵਿਚੋਂ ਨਹੀਂ। ਹੀਰੇ ਦੀ ਕਮਾਈ ਹੈ। ਆਪਣੀ ਕਮਾਈ ਵਿਚੋਂ ਦੇ।

ਮਹੰਤ ਨੇ ਜੇਬ ਵਿਚ ਹੱਥ ਪਾਇਆ ਤਾਂ ਅੱਠ ਆਨੇ ਨਿਕਲੇ। ਹਜ਼ੂਰ ਨੇ ਹੁਕਮ ਕੀਤਾ, "ਪੂਰੇ ਕਰਕੇ ਦੇ।" ਜਦ ਰੁਪਿਆ ਨਾ ਨਿਕਲਿਆ ਤਾਂ ਬਾਬਾ ਜੀ ਨੇ ਕਿਹਾ, "ਅੱਛਾ ਕਿਸੇ ਸਮੇਂ ਮਹਾਂਪੁਰਖਾਂ ਨੂੰ ਤੁਹਾਡੇ ਕੋਲ ਭੇਜਾਂਗੇ। ਉਸ ਸਮੇਂ ਸੇਵਾ ਕਰ ਲੈਣੀ।" ਇਸ ਉਪਰੰਤ ਆਗਿਆ ਲੈ ਕੇ ਚਲੇ ਗਏ।

ਇਸ ਸਮੇਂ ਤੋਂ ਕੋਈ ਤੀਹ ਸਾਲ ਬਾਦ ਬਾਬਾ ਜੀ ਮਹਾਂ ਹਰਿਨਾਮਸਿੰਘ ਜੀ ਦੇ ਸਚਖੰਡ ਜਾਣ ਉਪਰੰਤ ਬਾਬਾ ਅਨੰਦ ਸਿੰਘ ਜੀ ਮਹਾਰਾਜ ਰੋਡੇ ਪਿੰਡ ਇਕੋਤਰੀ ਪਾਠਾਂ ਦੇ ਭੋਗ ਤੇ ਪਹੁੰਚਣ ਸਮੇਂ ਕੁਝ ਸੰਗਤ ਨਾਲ ਡਰੌਲੀ ਪਹੁੰਚੇ।

ਸੰਗਤ ਵਿਚ ਸ. ਰਤਨ ਸਿੰਘ, ਰਾਗੀ ਬਿਹੰਗਮ ਸੰਤ ਸੁਜਾਨ ਸਿੰਘ ਜੀ ਦੇ ਪਿਤਾ ਭਾਈ ਗਿਆਨ ਸਿੰਘ ਜੀ ਅਤੇ ਚਾਚਾ ਜੀਵਨ ਸਿੰਘ, ਭਾਈ ਰਤਨ ਸਿੰਘ ਡਰੌਲੀ ਵੀ ਨਾਲ ਸੀ। ਪਿੰਡ ਵਿਚ ਪਹੁੰਚਣ ਤੋਂ ਪਹਿਲਾਂ ਬਾਬਾ ਗੁਰਦਿੱਤਾ ਜੀ ਦੇ ਜਨਮ ਅਸਥਾਨ 'ਤੇ ਠਹਿਰੇ ਅਤੇ ਮਾਤਾ ਦਮੋਦਮੀ ਦੇ ਦੇਹਰੇ ਪਹੁੰਚੇ। ਭਾਈ ਰਾਮ ਸਿੰਘ ਦੇ ਪਰਿਵਾਰ ਨੇ ਸੇਵਾ ਵਿਚ ਕੋਈ ਦਿਲਚਸਪੀ ਨਹੀਂ ਦਿਖਾਈ। ਬਲਕਿ ਮਹੰਤ ਸਾਹਿਬ ਦੇ ਲੜਕੇ ਭਾਈ ਕਰਤਾਰ ਸਿੰਘ ਨੇ ਰਿਸ਼ਤੇਦਾਰੀ ਸਮਝ ਕੇ ਕੁਝ ਮਖੌਲ ਦੇ ਲਹਿਜੇ ਵਿਚ ਬੋਲ-ਬੋਲੇ ਜੋ ਲਿਖਣਯੋਗ ਨਹੀਂ। ਉਪਰੰਤ ਭਾਈ ਤੇਜਾ ਸਿੰਘ ਦੇ ਪਰਿਵਾਰ ਨੇ ਥੋੜ੍ਹੀ ਜਿਹੀ ਸੇਵਾ ਕੀਤੀ। ਮਹੰਤ ਰਾਮ ਸਿੰਘ ਨੇ ਭਾਈ ਰਤਨ ਸਿੰਘ ਡਰੋਲੀ ਨੂੰ ਇਕ ਪਾਸੇ ਕਰਕੇ ਕੋਈ ਗੁਪਤ ਗੱਲ ਕਹੀ। ਅੰਤਰਜਾਮੀ ਬਾਬਾ ਜੀ ਨੇ ਉਸ ਸਮੇਂ ਨਮਸਕਾਰ ਕਰਕੇ ਵਾਪਸੀ ਕਰ ਦਿੱਤੀ। ਰਸਤੇ ਵਿਚ ਬਾਬਾ ਜੀ ਮਹਾਰਾਜ ਨੇ ਭਾਈ ਡਰੋਲੀ ਤੋਂ ਪੁੱਛਿਆ ਕਿ ਮਹੰਤ ਕੀ ਕਹਿੰਦੇ ਸਨ। ਜਵਾਬ ਵਿਚ ਭਾਈ ਡਰੋਲੀ ਨੇ ਇੰਨਾ ਹੀ ਕਿਹਾ, "ਹਜ਼ੂਰ! ਆਪ ਜੀ ਸਭ ਕੁਝ ਜਾਣਦੇ ਹੋ।"

ਬਾਬਾ ਜੀ ਮਹਾਰਾਜ ਅਨੰਦ ਸਿੰਘ ਜੀ ਨੇ ਬਚਨ ਕੀਤਾ, "ਅਸੀਂ ਸੰਗਤ ਸਮੇਤ ਭੁੱਚੋ ਵਾਲੇ ਮਹਾਰਾਜ ਬਾਬਾ ਜੀ ਦੇ ਹੁਕਮ ਅਨੁਸਾਰ ਆਏ ਸਾਂ। ਇਨ੍ਹਾਂ ਸੰਗਤ ਨੂੰ ਪਾਣੀ ਵੀ ਨਹੀਂ ਪਿਲਾਇਆ। ਚਲੋ ਠੀਕ ਹੈ ਜਿੰਨੀ ਕੁ ਇਨ੍ਹਾਂ ਦੀ ਬੁੱਧੀ ਹੈ।

**ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ॥**

**ਨਾਮੁ ਦਾਨੁ ਇਸਨਾਨੁ ਨ ਮਨਮੁਖਿ ਤਿਤੁ ਤਨਿ ਧੂੜਿ ਧੁਮਾਈ॥**

*(ਧਨਾਸਰੀ ਭਗਤ ਨਾਮਦੇਵ ਸੋਰਠਿ ਮ: ੧)*

(ਇਹ ਪ੍ਰਸੰਗ ਰਾਮ ਸਿੰਘ ਦੇ ਪੋਤਰੇ ਭਾਈ ਸੇਵਾ ਸਿੰਘ ਭਾਈ ਰਤਨ ਸਿੰਘ ਡਰੋਲੀ ਨੇ ਸੁਣਾਇਆ ਹੈ।)



# ਰਵਿਦਾਸ ਭਣੈ ਜੋ ਜਾਣੈ ਸੋ ਜਾਣੁ॥ ਸੰਤ ਅਨੰਤਹਿ ਅੰਤਰੁ ਨਾਹੀ॥

"ਆਤਮਾ ਅਮਰ ਰਹਿੰਦੀ ਹੈ।" ਇਹ ਮਹਾਂਪੁਰਖਾਂ ਦਾ ਕਥਨ ਹੈ। ਇਕ ਸਰੀਰ ਨੂੰ ਅਲਵਿਦਾ ਕਹਿ ਦੂਸਰੇ ਵਿਚ ਪ੍ਰਵੇਸ਼ ਕਰਨਾ ਇਸ ਦਾ ਮੁੱਖ ਮੰਤਵ ਹੈ। ਖਿਆਲੀ ਸੁਪਨੇ ਸਾਕਾਰ ਕਰਨ ਲਈ ਕੂੜੇ ਸੰਸਾਰ ਵਿਚ ਵਿਚਰਦਾ ਮਨੁੱਖ, ਪ੍ਰਭੂ ਤੋਂ ਬੇਖ਼ਬਰ, ਪਾਪ ਕਮਾਉਂਦਾ ਇਕ ਦਿਨ ਸੁਪਨਿਆਂ ਵਾਲੀ ਨੀਂਦ ਸਦਾ ਲਈ ਸੌਂ ਜਾਂਦਾ ਹੈ ਅਤੇ ਆਤਮਾ ਬੁੱਤ ਨੂੰ ਅਹਿਲ ਖੰਡਰਾਂ ਦਾ ਰੂਪ ਦੇ ਜਾਂਦੀ ਹੈ। ਇਸ ਆਤਮਾ ਦੀ ਕਿਰਿਆ ਨੂੰ ਮਹਾਂਪੁਰਖ ਸਰਬਸ਼ਕਤੀਮਾਨ ਹੀ ਜਾਣ ਸਕਦੇ ਹਨ, ਆਮ ਆਦਮੀ ਨੂੰ ਸਮਝ ਨਹੀਂ ਹੁੰਦੀ। ਇਸ ਸਾਖੀ ਵਿਚ ਅੰਤਰਜਾਮੀ ਮਹਾਂਪੁਰਖ ਬਾਬਾ ਜੀ ਹਜ਼ੂਰ ਹੀ ਜਾਣਦੇ ਸਨ।

ਜੈ ਸਿੰਘ ਵਾਲਾ ਪਿੰਡ ਦੇ ਰਹਿਣ ਵਾਲਾ ਸ. ਰਾਮ ਸਿੰਘ ਕਦੇ ਕਦੇ ਬਾਬਾ ਜੀ ਦੇ ਦਰਸ਼ਨਾਂ ਲਈ ਆਇਆ ਕਰਦਾ ਸੀ। ਉਸ ਨੇ ਕਈ ਕਈ ਦਿਨ ਰਹਿਣਾ, ਬਾਬਾ ਜੀ ਨੇ ਉਸ ਤੋਂ ਕੋਈ ਸੇਵਾ ਨਾ ਲੈਣੀ ਪਰ ਆਪ ਇਕ ਸੇਵਾਦਾਰ ਨੂੰ ਹੁਕਮ ਦੇਣਾ, "ਇਸ ਦੀ ਸੇਵਾ ਕਰੋ।"

ਘਿਉ ਖੰਡ ਪਾ ਕੇ ਖਵਾਉ, ਜਿੰਨਾਂ ਵੀ ਖਾ ਸਕਦਾ ਹੋਵੇ। ਸਾਹਮਣੇ ਬਿਠਾ ਕੇ ਖਵਾਉਣਾ ਅਤੇ ਨਾਲ ਹੀ ਹੱਸਦੇ ਰਹਿੰਦੇ ਸਨ। ਕਈ ਦਿਨ ਆਗਿਆ ਨਾ ਦੇਣੀ। ਇਕ ਸੇਵਕ ਨੇ ਬੇਨਤੀ ਕੀਤੀ, "ਮਹਾਰਾਜ! ਇਹ ਸਿੰਘ ਕੋਈ ਸੰਤ ਨਹੀਂ, ਸਾਧ ਨਹੀਂ। ਆਪ ਇਸ ਦੀ ਬਹੁਤ ਸੇਵਾ ਕਰਦੇ ਹੋ। ਕ੍ਰਿਪਾ ਕਰਕੇ ਸਾਡੇ ਵੀ ਸ਼ੰਕੇ ਦੂਰ ਕਰੋ।"

ਹਜ਼ੂਰ ਨੇ ਉੱਤਰ ਦਿੱਤਾ, "ਤੈਨੂੰ ਕੀ ਪਤਾ ਹੈ ਕਿ ਇਸ ਨੇ ਜੈ ਸਿੰਘ ਵਾਲਾ ਪਿੰਡ ਬੰਨ੍ਹਿਆ ਸੀ। ਫਿਰ ਜਨਮ ਲੈ ਕੇ ਉਸੇ ਪਿੰਡ ਵਿਚ ਆਇਆ ਹੈ। ਹੁਣ ਘਿਉ ਖੰਡ ਖਵਾ ਕੇ ਇਸ ਦਾ ਉਧਾਰ ਕਰਨਾ ਹੈ।"

(ਇਹ ਬਚਨ ਵੱਡੇ ਝੰਡਾ ਸਿੰਘ ਸੇਮਾ ਤੋਂ ਮਿਲੇ)

## ੨

ਪਿੰਡ ਕੋਟਫੱਤੇ ਦਾ ਦਰਜੀ ਸਿੱਖ ਧੰਨਾ ਸਿੰਘ ਸੀ। ਇਸ ਦਾ ਪ੍ਰਸੰਗ ਪਿੱਛੇ ਆ ਚੁੱਕਾ ਹੈ। ਇਸ ਨੇ ਬਾਬਾ ਜੀ ਦੀ ਹਜ਼ੂਰੀ ਅੰਦਰ ਬੜੀ ਨਿਮਰਤਾ ਅਤੇ ਸਹਿਨਸ਼ੀਲਤਾ ਨਾਲ ਸੇਵਾ ਨਿਭਾਈ। ਹਮੇਸ਼ਾਂ ਸਤਿ ਬਚਨ ਦਾ ਅਧਿਕਾਰੀ ਬਣ ਕੇ ਰਿਹਾ। ਬਾਬਾ ਜੀ ਇਸ ਦੀ ਸੇਵਾ ਤੇ ਬੜੇ ਪ੍ਰਸੰਨ ਸਨ। ਰੋਟੀ ਦਾ ਖਰਚ ਵੀ ਆਪਣੇ ਘਰ ਤੋਂ ਲਿਆਉਂਦਾ ਸੀ। ਬਿਨਾਂ ਛਾਣੇ ਆਟੇ ਦੀ ਖਾਂਦਾ ਸੀ। ਕੁਝ ਸਮੇਂ ਬਾਅਦ ਬਾਬਾ ਜੀ ਨੇ ਆਗਿਆ ਦੇ ਦਿੱਤੀ ਕਿ ਘਰੇ ਚਲੇ ਜਾਉ, ਘਰ ਜਾ ਕੇ ਕੁਝ ਬੀਮਾਰ ਹੋ ਗਿਆ। ਕੁਝ ਕੁ ਦਿਨਾਂ ਵਿਚ ਹੀ ਪ੍ਰਮਾਤਮਾ ਨੂੰ ਪਿਆਰਾ ਹੋ ਗਿਆ।

ਇਕ ਦਿਨ ਕਿਸੇ ਨੇ ਆ ਕੇ ਹਜ਼ੂਰ ਨੂੰ ਦੱਸਿਆ, "ਮਹਾਰਾਜ ! ਰਾਜਾ ਭੁਪਿੰਦਰ ਸਿੰਘ ਦੇ ਘਰ ਟਿੱਕੇ ਨੇ ਜਨਮ ਲਿਆ ਹੈ।"

ਹਜ਼ੂਰ ਨੇ ਬਚਨ ਕੀਤਾ, "ਇਹ ਉਹੀ ਧੰਨਾ ਸਿੰਘ ਕੋਟ ਫੱਤੇ ਵਾਲਾ ਹੈ।

ਉਸ ਸਮੇਂ ਗੁਰਦਿੱਤ ਸਿੰਘ ਸੇਮਾ ਅਤੇ ਕਾਕੜ ਸਿੰਘ ਹਜ਼ੂਰ ਦੀ ਹਜ਼ੂਰੀ ਵਿਚ ਬੈਠੇ ਸਨ। ਇੰਨਾ ਇਹ ਬਚਨ ਪੱਲੇ ਬੰਨ ਲਏ ਕਿ ਆਪਾਂ ਟਿੱਕਾ ਦੇਖ ਕੇ ਆਵਾਂਗੇ ਤੇ ਆਪਾਂ ਨੂੰ ਪਛਾਣ ਲਵੇਗਾ ਜੇ ਉਹ ਧੰਨਾ ਸਿੰਘ ਹੋਇਆ। ਕੁਝ ਸਾਲਾਂ ਬਾਦ ਪਟਿਆਲੇ ਮਹਿਲਾਂ ਵਿਚ ਜਾਣ ਦੀ ਕੋਸ਼ਿਸ਼ ਕਰਨ ਲੱਗੇ ਤਾਂ ਪੁਲਿਸ ਨੇ ਫੜ ਲਏ। ਬੜੀ ਮੁਸ਼ਕਿਲ ਨਾਲ ਵਾਪਿਸ ਆਏ। ਬਾਬਾ ਜੀ ਕੋਲ ਪਹੁੰਚ ਕੇ ਸਾਰੀ ਵਿਥਿਆ ਸੁਣਾਈ। ਆਪ ਜੀ ਨੇ ਸੁਣ ਕੇ ਬਚਨ ਕੀਤਾ, "ਤੁਸੀਂ ਸਾਡੇ ਪੁੱਛੇ ਬਿਨਾਂ ਕਿਉਂ ਗਏ। ਟਿਕੇ ਨੂੰ ਆਪਣੇ ਪਿਛਲੇ ਜਨਮ ਦਾ ਕੋਈ ਧਿਆਨ ਨਹੀਂ ਹੈ। ਉਹ ਤੁਹਾਨੂੰ ਕਿਵੇਂ ਪਛਾਣ ਲਵੇਗਾ ?" ਵੱਡਾ ਝੰਡਾ ਸਿੰਘ ਨੇ ਦੱਸਿਆ ਕਿ ਬਾਬਾ ਜੀ ਮਹਾਰਾਜ ਕਈ ਵਾਰ ਇਹ ਵਾਰਦਾਤ ਦੀ ਗੱਲ ਕਰਕੇ ਬੜੇ ਹੱਸਦੇ ਸਨ।



# ੧੩. ਸੇਵਾ ਥੋਰੀ ਮਾਂਗਨੁ ਬਹੁਤ ॥

ਇਨਸਾਨ ਫਲ ਦੀ ਪ੍ਰਾਪਤੀ ਲਈ ਹਰ ਉਸ ਦੀ ਸੇਵਾ ਕਰਦਾ ਹੈ ਜੋ ਇਸ ਦੀ ਲੋੜ ਪੂਰੀ ਕਰਦਾ ਹੈ। ਆਪਣੀ ਸਮਰੱਥਾ ਮੁਤਾਬਕ ਹੀ ਉਹ ਫਲ ਦੇਵੇਗਾ। ਪਰ ਮਹਾਂਪੁਰਖਾਂ ਦੀ ਸੇਵਾ ਜਿੰਨੀ ਵੀ ਕਰ ਸਕੇ ਉੱਨਾ ਹੀ ਫਲ ਮਿਲੇਗਾ। ਜੇ ਸੇਵਾ ਘੱਟ ਹੋਵੇ ਤੇ ਮੰਗੇ ਬਹੁਤਾ, ਇਹ ਮਰਿਯਾਦਾ ਦੇ ਉਲਟ ਹੈ।

ਬਠਿੰਡੇ ਸ਼ਹਿਰ ਦਾ ਇਕ ਸੇਠ ਸੀ ਜੋ ਕਿਸੇ ਸਮੇਂ ਬਹੁਤ ਅਮੀਰ ਸੀ ਹੁਣ ਕੁਝ ਹਾਲਤ ਪਤਲੀ ਸੀ। ਸਭ ਦਿਨ ਹੋਤ ਨਾ ਏਕ ਸਮਾਨ, ਅਮੀਰ ਤੋਂ ਗਰੀਬ, ਗਰੀਬ ਤੋਂ ਅਮੀਰ ਇਹ ਅਦਲਾ ਬਦਲੀ ਕੁਦਰਤ ਦਾ ਨਿਯਮ ਹੈ।

**ਤ੍ਰਿਣ ਤੰ ਮੇਰੰ ਸਹਕੰ ਤ ਹਰੀਅੰ ॥ ਬੂਡੰ ਤ ਤਰੀਅੰ ਊਣੰ ਤ ਭਰੀਅੰ ॥**

*(ਸਹਿਸ ਕ੍ਰਿਤੀ ੧੩੬੦)*

ਸਮੇਂ ਦੇ ਫੇਰ ਨਾਲ ਆਦਮੀ ਦੇ ਦਿਨ ਵੀ ਬਦਲਦੇ ਰਹਿੰਦੇ ਹਨ। ਕਦੇ ਖੁਸ਼ੀਆਂ ਕਦੇ ਗਮੀਆਂ, ਕਦੀ ਰੁੱਤਾਂ ਵਾਂਗ ਅਮੀਰੀਆਂ ਕਦੀ ਕੰਗਾਲੀਆ। ਇਹ ਉਹ ਸੱਚੇ ਦੀ ਹੀ ਖੇਡ ਹੈ ਜੋ ਚਿੜੀ ਬਿੱਲੇ ਦੀ ਤਰ੍ਹਾਂ ਹੈ, ਕਦੀ ਚਿੜੀ ਅਸਮਾਨ ਨੂੰ ਛੋਹਣ ਜਾਂਦੀ ਹੈ ਕਦੀ ਧਰਤੀ 'ਤੇ ਡਿੱਗ ਪੈਂਦੀ ਹੈ। ਪਰ ਸਹਾਰੇ ਬਿਨਾਂ ਧਰਤੀ ਤੋਂ ਨਹੀਂ ਉੱਠਦੀ। ਇਸ ਤਰ੍ਹਾਂ ਨਾਮ ਦੇ ਸਹਾਰੇ ਨਾਲ ਆਦਮੀ ਤਰੱਕੀ ਦਾ ਰਾਹ ਫੜਦਾ ਹੈ। ਕਮਜ਼ੋਰੀ ਸਮੇਂ ਬਾਣੀ ਹੀ ਆਦਮੀ ਨੂੰ ਸਹਾਰਾ ਦਿੰਦੀ ਹੈ। ਮਨ ਨਹੀਂ ਡੋਲਦਾ। ਚੜ੍ਹਦੇ ਸੂਰਜ ਨੂੰ ਸਲਾਮਾਂ, ਡੁੱਬਦੇ ਦਾ ਦਰਸ਼ਨ ਵੀ ਨਹੀਂ ਲੋਚਦੇ। ਕਮਜ਼ੋਰੀ ਆਪਣਿਆਂ ਨੂੰ ਪਰਾਏ ਬਣਾ ਦਿੰਦੀ ਹੈ। ਅਮੀਰੀ ਬੁਰਾਈਆਂ ਅਤੇ ਕੁਕਰਮਾਂ ਤੇ ਪੜਦੇ ਦਾ ਕੰਮ ਕਰਦੀ ਹੈ। ਇਹ ਦੁਨੀਆਦਾਰਾ ਦਾ ਦਸਤੂਰ ਹੈ। ਖੜਸੁਕ ਹੋਈ ਆਪਣੀ ਹੀ ਟਾਹਣੀ ਦੇ ਟੁੱਟਣ ਤੇ ਬ੍ਰਿਛ ਵੀ ਹੰਝੂ ਨਹੀਂ ਕੇਰਦਾ।

**ਨਿਰਧਨ ਆਦਰੁ ਕੋਈ ਨ ਦੇਇ ॥ ਲਾਖ ਜਤਨ ਕਰੈ ਓਹੁ ਚਿਤਿ ਨ ਧਰੇਇ ॥**

ਪੰਗਤੀ ਵਾਲੀ ਗੱਲ ਸੇਠ ਨਾਲ ਹੋਈ। ਅੰਤ ਬਾਬਾ ਜੀ ਦੀ ਸਰੋਤ ਸੁਣ ਕੇ ਆਇਆ। ਆਗਿਆ ਲੈ ਕੇ ਟਿੱਲੇ ਉਪਰ ਪਹੁੰਚ ਗਿਆ ਤੇ ਨਮਸਕਾਰ ਕੀਤੀ।

ਹਜ਼ੂਰ ਨੇ ਪੁੱਛਿਆ, "ਕਿਵੇਂ ਆਏ ਹੋ ?"

"ਮਹਾਰਾਜ ! ਮੇਰੇ 'ਤੇ ਕ੍ਰਿਪਾ ਕਰੋ। ਕਦੇ ਮੇਰਾ ਕਾਰੋਬਾਰ ਬਹੁਤ ਚੰਗਾ ਸੀ, ਪਰ ਹੁਣ ਰੋਟੀ ਵੀ ਨਸੀਬ ਨਹੀਂ ਹੁੰਦੀ।" ਸੇਠ ਨੇ ਹੰਝੂ ਭਰਿਆ ਤਰਲਾ ਕੀਤਾ।

"ਕੋਈ ਸੇਵਾ ਕਰੇਂਗਾ ?" ਹਜ਼ੂਰ ਬਾਬਾ ਜੀ ਨੇ ਬਚਨ ਕੀਤਾ।

"ਹੁਕਮ ਦਿਓ ਹਜ਼ੂਰ।" ਸੇਠ ਨੇ ਬੇਨਤੀ ਕੀਤੀ।

"ਚੰਗਾ ਫਿਰ ਆਵੀਂ।" ਬਚਨ ਹੋਇਆ।

ਸੇਠ ਘਰ ਚਲਾ ਗਿਆ। ਕੁਝ ਸਮੇਂ ਬਾਦ ਫਿਰ ਆਇਆ ਤੇ ਬੇਨਤੀ ਕੀਤੀ। ਬਾਬਾ ਜੀ ਦੇ ਮੌਜੂਦ ਆਸਣ ਵਾਲੀ ਜਗ੍ਹਾ ਕੱਚੀ ਸੀ। ਇਸ ਦੀ ਹਾਲਤ ਨਾਜ਼ੁਕ ਸੀ। ਸੇਠ ਨੇ ਉਸ ਦਾ ਵੇਰਵਾ ਦੇ ਕੇ ਸੇਵਾ ਆਪ ਹੀ ਮੰਗ ਲਈ। ਆਗਿਆ ਮੰਗੀ ਜੇ ਹੁਕਮ ਹੋਵੇ ਤਾਂ ਇਹ ਪੱਕੀ ਕਰ ਦਿਆਂ।

ਬਾਬਾ ਜੀ ਨੇ ਬਚਨ ਕੀਤਾ, "ਸੋਚ ਸਮਝ ਕੇ ਭਾਰ ਚੁੱਕੀਂ। ਜੋ ਕਹਿ ਰਿਹਾ ਹੈਂ ਕਰਨਾ ਪਵੇਗਾ।"

"ਨਹੀਂ ਮਹਾਰਾਜ ! ਮੈਂ ਜ਼ਰੂਰ ਸੇਵਾ ਕਰਾਂਗਾ।" ਸੇਠ ਨੇ ਉੱਤਰ ਦਿੱਤਾ।

"ਚੰਗਾ ਫੇਰ ਸ਼ੁੱਧ ਹੈਂ" ਹਜ਼ੂਰ ਨੇ ਬਚਨ ਕੀਤਾ।

ਸੇਵਾ ਆਰੰਭ ਹੋ ਗਈ। ਖਰਚ ਵੱਧ ਹੋਣ ਲੱਗਾ ਤਾਂ ਉਸਾਰੀ ਗਲੇਫੀ (ਅੰਦਰੋਂ ਕੱਚੀ ਬਾਹਰੋਂ ਪੱਕੀ) ਸ਼ੁਰੂ ਕਰ ਦਿੱਤੀ। ਸੇਵਕ ਨੇ ਦੇਖ ਕੇ ਬੇਨਤੀ ਕਰ ਦਿੱਤੀ। "ਮਹਾਰਾਜ ! ਉਥੇ ਤਾਂ ਗਲੇਫੀ ਵਾਲਾ ਕੰਮ ਹੋ ਰਿਹਾ ਹੈ।"

ਹਜ਼ੂਰ ਨੇ ਬਚਨ ਕੀਤਾ, "ਸਾਂਈ ਲੋਕਾ ਚੁੱਪ ਰਹੁ। ਜੇ ਸੇਵਾ ਗਲੇਫੀ ਵਾਲੀ ਹੈ ਤਾਂ ਇਸ ਦਾ ਫਲ ਵੀ ਗਲੇਫੀ ਹੋਵੇਗਾ।"

ਉਸਾਰੀ ਮੁਕੰਮਲ ਹੋਣ ਤੇ ਅੰਦਰ ਕਾਲੀ ਕੂਚੀ ਫੇਰ ਦਿੱਤੀ। ਬਾਬਾ ਜੀ ਕੋਲ ਆ ਕੇ ਦੱਸਿਆ, "ਮਹਾਰਾਜ ! ਜਗ੍ਹਾ ਬਣ ਗਈ ਹੈ। ਚਲੋ ਚੱਲ ਕੇ ਦੇਖੋ।"

ਬਾਬਾ ਜੀ ਟਿੱਲੇ ਤੋਂ ਹੇਠਾਂ ਆ ਗਏ ਅਤੇ ਕੋਠੀ ਦੇਖ ਕੇ ਬਚਨ ਕੀਤਾ, "ਗਲੇਫੀ ਹੈ।"

ਸੇਠ ਨੇ 'ਹਾਂ' ਵਿਚ ਉੱਤਰ ਦਿੱਤਾ।



ਬਚਨ ਹੋਇਆ, "ਸ਼ੁੱਧ ਹੈ ਤੇਰਾ ਕੰਮ ਵੀ ਗਲੇਫੀ।"

ਸੇਠ ਦਾ ਕਾਰੋਬਾਰ ਤਾਂ ਠੀਕ ਹੋ ਗਿਆ ਪਰ ਸ਼ਾਹੂਕਾਰਾਂ ਨਾਲ ਨਹੀਂ ਰਲਿਆ।

**ਸੇਵਾ ਥੋਰੀ ਮਾਂਗਨ ਬਹੁਤਾ॥ ਮਹਲੁ ਨ ਪਾਵੈ ਕਹਤੋ ਪਹੁਤਾ॥**

ਵਾਲਾ ਬਚਨ ਹੋਇਆ।

(ਜੋਗਿੰਦਰ ਸਿੰਘ ਢਿੱਲੋਂ ਨੇ ਇਹ ਬਚਨ ਦੱਸਿਆ)

## ੧੪. ਸਤਿਗੁਰ ਬਚਨ ਤੁਮਾਰੇ॥ ਨਿਰਗੁਣ ਨਿਸਤਾਰੇ॥

ਪੂਰਨ ਮਹਾਂਪੁਰਖ ਦੇ ਬਚਨ ਪ੍ਰਸੰਨਤਾ ਦੇ ਹੋਣ ਤਾਂ ਜਨਮ ਜਨਮਾਂਤ੍ਰਾਂ ਦਾ ਉਧਾਰ ਕਰ ਦਿੰਦੇ ਹਨ। ਪਾਪੀਆਂ, ਸੱਜਣ ਵਰਗਿਆਂ ਦੀ ਬ੍ਰਿਤੀ ਬਦਲ ਦਿੰਦੇ ਹਨ। ਗੰਨਿਆਂ ਵਿਚ ਅੰਮ੍ਰਿਤ ਵਰਗਾ ਮਿੱਠਾ ਰਸ ਭਰਨਾ ਇਹ ਬਚਨ ਦੀ ਕਲਾ ਹੈ।

ਭੁੱਚੋ ਦਾ ਨਿਵਾਸੀ ਸੇਠ ਕਾਹਨਾ ਰਾਮ ਮਹੇਸ਼ਵਰੀ ਸੀ। ਉਸ ਦੀ ਪਤਨੀ ਦਾ ਨਾਮ ਬੀਰੋ ਸੀ। ਉਸ ਦੇ ਪੰਜ ਪੁੱਤਰ ਦੂਨੀ ਚੰਦ, ਝੰਡਾ ਰਾਮ, ਹਰਧਨ, ਬਿਹਾਰੀ ਲਾਲ, ਪਿਆਰੇ ਲਾਲ ਸਨ। ਇਨ੍ਹਾਂ ਦੇ ਪਰਿਵਾਰ ਨੇ ਜਿਸ ਸਮੇਂ ਦਰਸ਼ਨ ਕਰਨ ਲਈ ਆਉਣਾ, ਸਭ ਨੇ ਨਮਸਕਾਰ ਮੱਥਾ ਟੇਕ ਕੇ ਕਰਨੀ। ਪਰ ਬਾਬਾ ਜੀ, ਪਿਆਰਾ ਲਾਲ ਤੇ ਮਾਈ ਬੀਰੋ ਨੂੰ ਮੱਥਾ ਨਹੀਂ ਟੇਕਣ ਦਿੰਦੇ ਸਨ। ਬਚਨ ਕਰਦੇ ਸਨ ਕਿ, "ਪਿਆਰਾ ਲਾਲ ਕਿਸੇ ਜਨਮ ਵਿਚ ਸਾਡਾ ਗੁਰੂ ਸੀ ਅਤੇ ਮਾਈ ਬੀਰੋ ਸਾਡੇ ਗੁਰੂ ਦੀ ਮਾਂ ਹੈ। ਇਸ ਲਈ ਅਸੀਂ ਮੱਥਾ ਨਹੀਂ ਟੇਕਣ ਦਿੰਦੇ। ਜਿਸ ਵੇਲੇ ਪਿਆਰਾ ਲਾਲ ਦੀ ਸ਼ਾਦੀ ਹੋਈ ਤਾਂ ਬਾਬਾ ਜੀ ਨੇ ਦੋਹਾਂ ਨੂੰ ਡੇਰੇ ਬੁਲਾਇਆ। ਪਿਆਰਾ ਲਾਲ ਦੀ ਮਾਈ ਨੇ ਸੋਚਿਆ ਕਿ ਇਹ ਨਵੀਂ ਆਈ ਹੈ ਮਰਯਾਦਾ ਨਹੀਂ ਜਾਣਦੀ। ਬਾਬਾ ਜੀ ਨੇ ਸ਼ਰ੍ਹਾ ਕਰਵਾਉਣੀ ਹੈ। ਜੇ ਇਸ ਨੇ ਬਚਨ ਨਾ ਮੰਨਿਆ ਤਾਂ ਬਾਬਾ ਜੀ ਕਿਧਰੇ ਮਾੜਾ ਬਚਨ ਨਾ ਕਰ ਦੇਣ। ਉਸ ਨੇ ਡਰਦੀ ਨੇ ਆਉਣ ਨਹੀਂ ਦਿੱਤਾ।

ਕੁਝ ਦਿਨਾਂ ਬਾਦ ਬਾਬਾ ਜੀ ਨੇ ਇਕ ਮੁੰਦਰੀ ਤੇ ਦੋ ਰੁਪਏ (ਚਾਂਦੀ ਦੇ) ਸੇਵਾਦਾਰ ਨੂੰ ਦੇ ਕੇ ਘਰ ਭੇਜਿਆ ਅਤੇ ਹੁਕਮ ਕੀਤਾ, "ਇਹ ਚੀਜ਼ਾਂ ਸਾਂਭ ਕੇ ਰੱਖਣੀਆਂ ਹਨ।"

ਪਿਆਰਾ ਲਾਲ ਸੰਤ ਸੇਵੀ ਅਤੇ ਸਤਿਸੰਗੀ ਸੁਭਾਅ ਦਾ ਸੀ। ਉਸ ਨੇ ਸਾਰੀ ਉਮਰ ਸਤਿਸੰਗੀ ਅਤੇ ਪੁੰਨ ਦਾਨ ਕਰਦਿਆਂ ਲੰਘਾਈ। ਬਾਬਾ ਜੀ ਦੇ ਦਰਸ਼ਨ ਕਰਨ ਰੋਜ਼ ਆਉਂਦਾ ਸੀ। ਇਸ ਦੇ ਹਮੇਸ਼ਾਂ ਇਕ ਗਊ ਹੁੰਦੀ ਸੀ, ਜਿਸ ਦਾ ਦੁੱਧ ਉਸ ਨੇ ਆਪ ਕੱਢਣਾ ਅਤੇ ਆਪ ਹੀ ਪੀਣਾ, ਬਚਿਆ ਦੁੱਧ ਦਾਨ ਕਰ ਦੇਣਾ। ਪਿਆਰਾ ਲਾਲ ਦੇ ਪੰਜ ਪੁੱਤਰ ਹੋਏ। ਨੇਕ ਸੁਭਾ ਦੇ ਮਾਲਕ ਹਨ। ਅੱਜ ਤੱਕ ਇਕੱਠੇ ਹਨ, ਚੰਗੇ ਕਾਰੋਬਾਰ ਕਰਦੇ ਹਨ।

ਹਜ਼ੂਰ ਨੇ ਜਿਹੜੀ ਅੰਗੂਠੀ ਬਖ਼ਸ਼ੀ ਸੀ ਉਹ ਇਸ ਘਰ ਦੀ ਇਕ ਮਾਈ ਸ਼ਾਮੋ ਨੇ ਆਪਣੀ ਲੜਕੀ ਕੋਲ ਭੇਜ ਦਿੱਤੀ ਕਿ ਇਸ ਦੇ ਘਰ ਵਾਧਾ ਹੋਵੇ ਸੁੱਖ ਹੋਵੇ। ਹਜ਼ੂਰ ਬਾਬਾ ਜੀ ਦੇ ਬਚਨ ਭੁੱਲ ਗਈ ਕਿ, "ਸਾਂਭ ਕੇ ਰੱਖਣੀਆਂ ਹਨ" ਧੀ ਦੇ ਪਿਆਰ ਅੰਦਰ। ਉਹ ਅੰਗੂਠੀ ਲੜਕੀ ਦੇ ਘਰ ਵੀ ਨਹੀਂ ਪਹੁੰਚੀ। ਰਸਤੇ ਵਿਚ ਕਿਧਰੇ ਗੁੰਮ ਹੋ ਗਈ।

(੩) ਇਕ ਸੇਠ ਨੇ ਬਾਬਾ ਜੀ ਦੇ ਦਰ 'ਤੇ ਆ ਕੇ ਧਨ ਅਤੇ ਪੁੱਤਰ ਦੀ ਮੰਗ ਕੀਤੀ। ਬਾਬਾ ਜੀ ਨੇ ਬਚਨ ਕੀਤਾ, "ਸਾਨੂੰ ਹਰਮੋਨੀਅਮ (ਵਾਜਾ) ਲਿਆ ਦੇ। ਤੇਰਾ ਸ਼ੁੱਧ ਹੋ ਜਾਊ ਅਤੇ ਸਾਡਾ ਵੀ।" ਸੇਠ 'ਸਤਿ ਬਚਨ' ਕਹਿ ਕੇ ਘਰ ਵਾਪਸ ਚਲਾ ਗਿਆ। ਕੁਝ ਦਿਨਾਂ ਬਾਅਦ ਸੇਠ ਬਾਬਾ ਜੀ ਲਈ ਹਾਰਮੋਨੀਅਮ ਲੈ ਕੇ ਆ ਗਿਆ। ਬਾਬਾ ਜੀ ਨੇ ਵਾਜਾ ਦੇਖ ਕੇ ਸੇਵਕ ਨੂੰ ਹੁਕਮ ਦਿੱਤਾ, "ਪਿਆਰਾ ਲਾਲ ਨੂੰ ਬੁਲਾਓ। ਜ਼ਰੂਰੀ ਕੰਮ ਹੈ।"

ਸੇਵਕ ਹੁਕਮ ਅਨੁਸਾਰ ਬੁਲਾਉਣ ਚਲਾ ਗਿਆ। ਪਿਆਰਾ ਲਾਲ ਦੀ ਮਾਤਾ ਅਚਾਨਕ ਬੁਲਾਉਣ ਤੇ ਕੁਝ ਡਰ ਜਿਹੀ ਗਈ ਕਿ ਇੰਨਾ ਜ਼ਰੂਰੀ ਕੰਮ ਕੀ ਹੋਇਆ। ਮੈਂ ਵੀ ਨਾਲ ਚੱਲ ਕੇ ਦੇਖਦੀ ਹਾਂ। ਮਾਈ ਅਤੇ ਪਿਆਰਾ ਲਾਲ ਨੇ ਹਜ਼ੂਰ ਦੇ ਆਸਣ ਉੱਤੇ ਆ ਨਮਸਕਾਰ ਕੀਤੀ ਤੇ ਬੋਲੇ, "ਕੀ ਹੁਕਮ ਹੈ ਪਾਤਸ਼ਾਹੋ।" ਵਾਜਾ ਕੋਲ ਹੀ ਪਿਆ ਸੀ। ਹਜ਼ੂਰ ਨੇ ਬਚਨ ਕੀਤਾ, "ਪਿਆਰਾ ਲਾਲ ਇਹ ਵਾਜਾ ਚੁੱਕ ਲੈ, ਇਸ ਨੂੰ ਵਜਾ ਕੇ ਦੇਖ ਅਤੇ ਬੋਲ ਵੀ।"

ਉਸ ਨੇ ਹੁਕਮ ਮੰਨ ਕੇ ਵਾਜਾ ਚੁੱਕ ਲਿਆ, ਵਜਾਇਆ ਅਤੇ ਗਾਇਆ। ਸ਼ਹਿਨਸ਼ਾਹਾਂ ਦੇ ਸ਼ਾਹ ਮੁਖੋਂ ਬਚਨ ਕੀਤਾ, "ਸ਼ੁੱਧ ਹੈ, ਇਸ ਨੂੰ ਲੈ ਜਾਉ। ਵਜਾਇਆ ਕਰੋ, ਤੁਰਦੇ ਫਿਰਦੇ, ਬੈਠੇ ਹਰ ਵੇਲੇ ਜਦੋਂ ਸਮਾਂ ਮਿਲੇ।"

ਸੇਠ ਨੂੰ ਬਾਬਾ ਜੀ ਨੇ ਹੁਕਮ ਕੀਤਾ, "ਜਾਉ, ਤੇਰਾ ਕੰਮ ਬਣ ਗਿਆ ਅਤੇ ਇਸ ਦਾ ਵੀ।"



ਬਚਨ ਮੰਨ ਕੇ ਸੇਠ ਚਲਾ ਗਿਆ। ਪਿਆਰਾ ਲਾਲ ਨੇ ਵਾਜਾ ਗੱਲ ਵਿਚ ਪਾ ਕੇ ਗਲੀਆਂ ਵਿਚ ਵਜਾਉਂਦੇ ਫਿਰਨਾ। ਜੇ ਪਿੰਡ ਦੇ ਕਿਸੇ ਆਦਮੀ ਨੇ ਪਿਆਰਾ ਲਾਲ ਦੇ ਘਰ ਵਾਲੇ ਪਾਸੇ ਤੋਂ ਦਰਸ਼ਨਾਂ ਲਈ ਆਉਣਾ ਤਾਂ ਬਾਬਾ ਜੀ ਨੇ ਪੁੱਛਣਾ, "ਪਿਆਰਾ ਲਾਲ ਵਾਜਾ ਵਜਾ ਰਿਹਾ ਸੀ?"

ਉਸ ਨੇ ਦੇਖਿਆ ਹੁੰਦਾ ਤਾਂ ਕਹਿਣਾ, "ਜੀ ਹਾਂ, ਵਜਾ ਰਿਹਾ ਸੀ।" ਤਾਂ ਬਚਨ ਕਰਨਾ, "ਸ਼ੁੱਧ ਹੈ, ਦੋਹਾਂ ਦਾ ਕੰਮ ਚਲ ਗਿਆ।"

ਪਿਆਰਾ ਲਾਲ ਦੀ ਐਸੀ ਬਿਰਤੀ ਸੀ ਕਿ ਮਰਨ ਤੋਂ ਵੀਹ ਕੁ ਦਿਨ ਪਹਿਲਾਂ ਆਪਣੀ ਗਊ ਬਾਕੀ ਪਸ਼ੂਆਂ ਵਿਚ ਬੰਨ੍ਹ ਦਿੱਤੀ ਕਿ ਹੁਣ ਆਪੇ ਸਾਂਭਣਗੇ। ਤੀਹ ਹਜ਼ਾਰ ਰੁਪਈਆ ਭਰਾਵਾਂ ਵਿਚ ਵੰਡ ਦਿੱਤਾ। ਪਰਿਵਾਰ ਨੂੰ ਤਾਕੀਦ ਕੀਤੀ ਕਿ ਬਾਬਾ ਜੀ ਦਾ ਦਰ ਨਹੀਂ ਛੱਡਣਾ, ਸਦਾ ਉਨ੍ਹਾਂ ਦੀ ਓਟ ਰੱਖਣੀ, ਹਾਜ਼ਰੀ ਭਰਦੇ ਰਹਿਣਾ। ਹੁਕਮ ਅਨੁਸਾਰ ਅੱਜ ਤੱਕ ਇਹ ਪਰਿਵਾਰ ਸੇਵਾ ਕਰ ਰਿਹਾ ਹੈ। ਭਗਤ ਕਬੀਰ ਜੀ ਦਾ ਕਥਨ ਹੈ:

**ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ॥**
**ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ॥**

(ਇਹ ਬਚਨ ਜੋਗਿੰਦਰ ਸਿੰਘ ਢਿੱਲੋਂ ਨੇ ਸੁਣਾਏ।)

## ਦੇਖਿ ਸਰੂਪੁ ਪੂਰਨੁ ਭਈ ਆਸਾ
## ਦਰਸਨੁ ਭੇਟਤ ਉਤਰੀ ਭੁਖ॥

ਪ੍ਰਭੂ ਨਾਲ ਅਭੇਦ ਮਹਾਂਪੁਰਖ ਦੇ ਦਰਸ਼ਨਾ ਵਿਚ ਰੱਬ ਦੀ ਝਲਕ ਮਿਲਦੀ ਹੈ। ਮਹਾਂਪੁਰਖ ਦੇ ਦਰਸ਼ਨ ਕਰਨ ਨਾਲ ਮਨ ਨੂੰ ਸ਼ਾਂਤੀ ਮਿਲਦੀ ਹੈ। ਦੋ ਘੜੀਆਂ ਦੀ ਸੰਗਤ ਜ਼ਿੰਦਗੀ ਦੇ ਅਸਲੀ ਮਕਸਦ ਦਾ ਅਹਿਸਾਸ ਕਰਾਉਂਦੀ ਹੈ। ਆਸਾ ਅਤੇ ਤ੍ਰਿਸ਼ਨਾ ਦੇ ਜਾਲ ਵਿਚ ਫਸਿਆ ਮਨੁੱਖ ਜਿਉਂ ਜਿਉਂ ਇਸ ਤੋਂ ਛੁਟਕਾਰਾ ਪਾਉਣ ਦੀ ਕੋਸ਼ਿਸ਼ ਕਰਦਾ ਹੈ, ਉਵੇਂ ਉਵੇਂ ਲਾਭ ਲਾਲਚ ਦੀਆਂ ਗੰਢਾਂ ਪੀਡੀਆਂ ਜਾਂਦੀਆਂ ਹਨ। ਅੰਤ ਸ਼ਿਕਾਰੀ ਜਮਾਂ ਦੀ ਭੇਟਾ ਚੜ੍ਹ ਜਾਂਦਾ ਹੈ। ਜੇ ਪੂਰਨ ਮਹਾਂਪੁਰਖ ਦੀ ਸੰਗਤ ਮਿਲ ਜਾਵੇ ਤੇ ਨਿਤਨੇਮ ਨਾਲ ਉਨ੍ਹਾਂ ਦੇ ਦੁਰਲਭ ਦਰਸ਼ਨ ਮਿਲ ਜਾਣ ਤਾਂ ਮਨ ਦੀ ਸਾਰੀ ਭੁੱਖ ਇਉਂ ਦੂਰ ਹੋ ਜਾਂਦੀ ਹੈ, ਜਿਸ ਤਰ੍ਹਾਂ ਧਰਤੀ

ਹਨੇਰੇ ਨਾਲ ਅਲੋਪ ਹੋਈ ਸੂਰਜ ਦੇ ਦਰਸ਼ਨਾਂ ਨਾਲ ਚਮਕ ਉੱਠਦੀ ਹੈ।

ਬਾਬਾ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ ਆਪਣੇ ਆਸਣ 'ਤੇ ਬਿਰਾਜਮਾਨ ਹੋਏ ਸੰਸਾਰੀ ਜੀਵਾਂ ਨੂੰ ਮੁਕਤ-ਜੁਗਤ-ਭੁਗਤ ਦੇ ਭੰਡਾਰੇ ਵਰਤਾ ਰਹੇ ਹਨ। ਕਿਸੇ ਦਾ ਮਨ ਪ੍ਰੇਰ ਕੇ ਆਪਣੇ ਪਾਸ ਬੁਲਾ ਕੇ ਕਿਸੇ ਨੂੰ ਘਰ ਬੈਠੇ ਨੂੰ ਨਿਹਾਲ ਕਰਦੇ। ਜਿਵੇਂ ਵੀ ਕੋਈ ਆਇਆ ਕਿਰਤਾਰਥ ਕੀਤਾ। ਨਿੱਤ ਕੋਈ ਨਾ ਕੋਈ ਨਵਾਂ ਕੌਤਕ ਰਚਦੇ ਸਨ।

**ਅਪੁਨੇ ਚਲਿਤ ਆਪਿ ਕਰਣੈਹਾਰ॥ ਕਉਤਕ ਕਰੈ ਰੰਗ ਅਪਾਰ॥**

ਦੇ ਦਰਸ਼ਨਾਂ ਲਈ ਯੋਗੀ, ਸਿੱਧ, ਤਪੱਸਵੀ ਆਉਂਦੇ ਹਨ ਅਤੇ ਨਿਹਾਲ ਹੋ ਕੇ ਜਾਂਦੇ ਹਨ। ਦਰਸ਼ਨ ਕਰਨ ਲਈ ਧਿਆਨ ਧਰਦੇ ਰਹੇ, "**ਮਹਾਂਦੇਵ ਅਉ ਧੂਤ ਹੋਇ ਨਮੋ ਨਮੋ ਕਰ ਧਿਆਨ ਨਾ ਆਇਆ।**" ਮਹਾਂਪੁਰਖਾਂ ਦੇ ਹਿਰਦੇ 'ਤੇ ਵੀ '**ਸੰਤ ਰਸਨ ਕੋ ਬਸਹੀਅਉ**' ਪ੍ਰਤੱਖ ਹਰਿ ਮੂਰਤ ਰੂਪ ਸੰਸਾਰ ਵਿਚ ਬੈਠ ਰਹੇ ਹਨ।

ਇਕ ਨਿਹੰਗ ਸਿੰਘ ਸ਼ਸਤਰਧਾਰੀ ਘੋੜੇ ਤੇ ਚੜ੍ਹਿਆ ਹੀ ਡੇਰਾ ਸਾਹਿਬ ਵਿਚ ਪ੍ਰਸ਼ਾਦਾ ਛੱਕਣ ਆ ਗਿਆ। ਸੇਵਕ ਨੂੰ ਕਹਿ ਕੇ ਆਗਿਆ ਮੰਗੀ। ਹੁਕਮ ਹੋਇਆ, "ਘੋੜੇ ਦੇ ਉਪਰ ਸਵਾਰ ਹੋਇਆ ਹੀ ਆਵੇ।" ਹੁਕਮ ਦੀ ਪਾਲਣਾ ਕਰਦਾ ਹੋਇਆ ਘੋੜੇ ਤੇ ਸਵਾਰ ਹੋਇਆ ਤੇ ਟਿੱਲੇ ਸਾਹਿਬ ਵਾਲੇ ਅਸਥਾਨ 'ਤੇ ਚੜ੍ਹ ਗਿਆ। ਘੋੜਾ ਥੋੜਾ ਪਿੱਛੇ ਰੁੱਕ ਗਿਆ। ਹਜ਼ੂਰ ਨੇ ਇਕ ਹੋਰ ਸੇਵਕ ਨੂੰ ਹੁਕਮ ਦਿੱਤਾ, "ਨਿਹੰਗ ਸਿੰਘ ਨੂੰ ਉਪਰ ਆਉਣ ਦਿਉ ਤੇ ਤੂੰ ਘੋੜੇ ਦਾ ਖਰਖਰਾ ਕਰੀਂ, ਚਾਦਰ ਨਾਲ ਸਾਫ਼ ਕਰੀਂ। ਫਿਰ ਘੋੜੇ ਦੇ ਪੈਰੀਂ ਹੱਥ ਲਾਈਂ।" ਹੁਕਮ ਅਨੁਸਾਰ ਨਿਹੰਗ ਟਿੱਲੇ 'ਤੇ ਜਾ ਪਹੁੰਚਿਆ। ਕਦੇ ਲੋਹਾ ਮੱਥੇ ਨਹੀਂ ਲਾਉਣਾ, ਅੱਜ ਸ਼ਸਤਰਾਂ ਸਮੇਤ ਹਜ਼ੂਰੀ ਵਿਚ ਸੱਦਿਆ। ਸੈਂਸਣ ਵਾਲੀ ਸੋਟੀ ਹੇਠ ਲੋਹਾ ਲਗਿਆ ਸੀ। ਨਿਹੰਗ ਸਿੰਘ ਨੂੰ ਕੋਲ ਬਿਠਾ ਕੇ ਬਚਨ ਕੀਤਾ, "ਤੂੰ ਇਕ ਦਿਨ ਪਹਿਲਾਂ ਹੀ ਆ ਗਿਆ, ਆਉਣਾ ਤਾਂ ਸਵੇਰੇ ਸੀ।' ਨਿਹੰਗ ਸਿੰਘ ਨੇ ਨਥਾਣੇ ਪੂਹਲੇ ਵਿਚੋਂ ਲੰਘ ਕੇ ਸੇਮੇ ਪਿੰਡ ਰਾਤ ਕੱਟ ਕੇ ਅੱਗੇ ਜਾਣਾ ਸੀ। ਪਰ ਸੇਮੇ ਬਾਬਾ ਜੀ ਦੀ ਸਰੋਤ ਸੁਣ ਕੇ ਇੱਥੇ ਹੀ ਆ ਗਿਆ। ਇੱਥੇ ਉਸ ਨੇ ਮਨ ਦੇ ਗੁਪਤ ਫੁਰਨੇ ਦਾ ਵਰਨਣ ਕੀਤਾ। ਲੰਗਰ ਬਣ ਕੇ ਆ ਗਿਆ। ਸ਼ਰ੍ਹਾਂ ਹੋਣ ਉਪਰੰਤ ਹੁਕਮ ਕੀਤਾ, "ਲੰਗਰ ਵਿਚੋਂ ਪ੍ਰਸ਼ਾਦਾ ਛੱਕ ਕੇ ਆਉ। ਫਿਰ ਅਗਲੀ ਗੱਲ ਕਰਾਂਗੇ।"

ਨਿਹੰਗ ਪ੍ਰਸ਼ਾਦਾ ਛੱਕ ਕੇ ਆਇਆ ਤਾਂ ਉਸ ਦੇ ਗੋਤ, ਨਾਨਕੇ ਆਦਿ ਪੁੱਛ ਕੇ ਲਿਖਵਾਇਆ। ਬਚਨ ਕੀਤਾ, "ਤੂੰ ਤੀਰਥ ਯਾਤਰਾ ਅਤੇ ਤਪੱਸਿਆ



ਕਰਕੇ ਬਹੁਤ ਕਮਾਈ ਕੀਤੀ ਹੈ। ਤੀਰਥ ਯਾਤਰਾ ਅਤੇ ਤਪੱਸਿਆ ਕਰਨ ਦਾ ਫਲ ਰਾਜ ਭਾਗ ਮਿਲਣਾ, ਇਸ ਦੇ ਕਰਨ ਸਮੇਂ ਕਸ਼ਟ ਬਹੁਤਾ ਫਲ ਥੋੜ੍ਹਾ।

**ਤੀਰਥੁ ਤਪੁ ਦਇਆ ਦਤੁ ਦਾਨੁ॥ ਜੇ ਕੋ ਪਾਵੈ ਤਿਲ ਕਾ ਮਾਨੁ॥**

ਜਨਮ ਮਰਨ ਨਹੀਂ ਮਿਟਦਾ। ਜੇ ਤਾਂ ਜਨਮ ਲੈਣਾ ਹੈ ਤਾਂ ਇਹ ਕਰੀ ਜਾਉ। ਜੇ ਜਨਮ ਮਰਨ ਤੋਂ ਰਹਿਤ ਹੋਣਾ ਤਾਂ ਇਕ ਥਾਂ ਤੇ ਆਸਣ ਲਾ ਕੇ ਬੈਠੋ ਅਤੇ ਨਾਮ ਜਪੋ।

ਇਨ੍ਹਾਂ ਗੱਲਾਂ ਦਾ ਨਿਹੰਗ ਤੇ ਬਹੁਤ ਅਸਰ ਹੋਇਆ ਅਤੇ ਸਤਿ ਬਚਨ ਕਹਿ ਕੇ ਹੁਕਮ ਮੰਨਿਆ। ਉਸ ਨੇ ਆਗਿਆ ਮੰਗੀ ਤਾਂ ਹੁਕਮ ਹੋਇਆ, "ਨਾਮ ਜਪਣਾ ਦੱਸ ਕੇ ਚੌਥੇ ਦਿਨ ਤੋਰਾਂਗੇ।" ਨਾਮ ਜਪਣ ਦੀ ਯੁਕਤੀ ਗੁਪਤ ਤੌਰ 'ਤੇ ਹੀ ਦੱਸੀ। ਇਹ ਤਾਂ "ਗੁਰਮੁਖ ਅਕਥ ਕਹਾਣੀ" ਵਾਲਾ ਬਚਨ ਹੈ।

ਉਸ ਨਿਹੰਗ ਨੇ ਬਾਕੀ ਸਾਰੀ ਉਮਰ ਦਮਦਮਾ ਸਾਹਿਬ ਬੈਠ ਕੇ ਲੰਘਾਈ।

**ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ॥**
**ਅਗਮੁ ਅਗੋਚਰੁ ਅਤਿ ਵਡਾ ਅਤੁਲੁ ਨ ਤੁਲਿਆ ਜਾਇ॥**
**ਕੀਮਤਿ ਕਿਨੈ ਨ ਪਾਈਆ ਕਿਤੈ ਨ ਲਇਆ ਜਾਇ॥**
**ਗੁਰ ਕੈ ਸਬਦਿ ਭੇਦਿਆ ਇਨ ਬਿਧਿ ਵਸਿਆ ਮਨਿ ਆਇ॥**
**ਨਾਨਕ ਆਪਿ ਅਮੇਉ ਹੈ ਗੁਰ ਕਿਰਪਾ ਤੇ ਰਹਿਆ ਸਮਾਇ॥**
**ਆਪੇ ਮਿਲਿਆ ਮਿਲਿ ਰਹਿਆ ਆਪੇ ਮਿਲਿਆ ਆਇ॥੧॥**

*(ਬਿਹਾਗੜੇ ਕੀ ਵਾਰ ਅੰਗ ੫੫੫)*

(ਇਹ ਬਚਨ ਜੋਗਿੰਦਰ ਸਿੰਘ ਢਿੱਲੋਂ ਤੋਂ ਮਿਲਿਆ ਹੈ।)

# ਗੁਰੂ ਬਿਨਾ ਮੈ ਨਾਹੀ ਹੋਰੁ॥

ਹਰ ਜੀਵ ਦੀ ਜਨਮ ਸਮੇਂ ਬੁੱਧੀ ਕੋਰੇ ਕਾਗਜ਼ ਦੇ ਸਮਾਨ ਹੈ। ਜਿਵੇਂ ਹੀ ਮਾਤਾ ਪਿਤਾ ਤੋਂ ਸਿੱਖਿਆ ਬੋਲਣ, ਬੈਠਣ ਤੁਰਨ ਪੜ੍ਹਨ ਦੀ ਜਾਚ ਬੱਚਾ ਸਿੱਖਦਾ ਹੈ। ਫਿਰ ਤਰ੍ਹਾਂ-ਤਰ੍ਹਾਂ ਦੇ ਕੰਮ ਕਰਨ ਲਈ ਗੁਰੂ ਗ੍ਰਹਿਣ ਕਰਦਾ ਹੈ। ਪ੍ਰਮਾਰਥ ਦਾ ਗਿਆਨ ਪ੍ਰਾਪਤ ਕਰਨ ਲਈ ਸਮਰੱਥ ਗੁਰੂ ਹੀ ਕਿਨਾਰੇ ਲਾ ਸਕਦਾ ਹੈ। ਮੁਰਸ਼ਦ ਦਾ ਦ੍ਰਿੜ ਸੰਕਲਪ ਗੁਰੂ ਉਪਦੇਸ਼ ਦੇ ਪੂਰਨਿਆਂ ਦਾ ਮਾਰਗ ਤੁਰ ਕੇ ਪੱਥਰ ਦੀਆਂ ਮੂਰਤੀਆਂ ਤੋਂ ਭਗਵਾਨ ਦੇ ਦਰਸ਼ਨ ਕਰਦਾ ਹੈ।

"ਗਿਆਨ ਅੰਜਨ ਗੁਰ ਦੀਆ॥" ਅਗਿਆਨਤਾ ਦੇ ਨੇਤ੍ਰ ਖੁੱਲ੍ਹੇ ਵੀ ਰਾਤ ਦੇ ਹਨੇਰੇ ਵਾਂਗ ਹਨ। ਗਿਆਨਤਾ ਦੇ ਦੀਪਕ ਦੀ ਲੋਅ ਜ਼ਿੰਦਗੀ ਦੇ ਕਮਰੇ ਨੂੰ ਰੌਸ਼ਨੀਆਂ ਦਿੰਦੀ ਹੈ, ਪਰ ਅਗਿਆਨ ਬੁੱਧੀ ਮੱਸਿਆ ਦੀ ਰਾਤ ਹੈ। ਗੁਰੂਆਂ ਗਿਆਨ ਪ੍ਰਾਪਤੀ ਦਾ ਮਾਰਗ ਦਰਸਾਇਆ ਹੈ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕਰਕੇ। ਜਿਸ ਦੀ ਖੋਜ ਕਰੀਏ ਤਾਂ ਪਤਾਲਾ ਪਤਾਲ ਅਤੇ ਆਕਾਸ਼ਾ ਆਕਾਸ਼ ਤੱਕ ਵੀ ਅੰਤ ਨਹੀਂ ਪਾਇਆ। ਸੱਚ ਦਾ ਗਿਆਨ ਹੈ ਤਾਂ ਗੁਰੂ ਗ੍ਰੰਥ ਸਾਹਿਬ ਜਿਸ ਦੇ ਹਰ ਪ੍ਰਮਾਣ ਦਾ ਉਦਾਹਰਣ ਵਜੋਂ ਜਵਾਬ ਹੈ। ਇਕ ਇਕ ਅੱਖਰ ਦੀ ਤਾਰਿਆਂ ਜਿਹੀ ਚਮਕ ਹੈ।

**ਕਿਨਕਾ ਏਕ ਜਿਸੁ ਜੀਅ ਬਸਾਵੈ॥ ਤਾ ਕੀ ਮਹਿਮਾ ਗਨੀ ਨ ਆਵੈ॥**

ਇਕ ਅੱਖਰ ਹੀ ਮਨ ਵਿਚ ਵਸਿਆ "ਰਾਮ, ਰਾਮ" ਗਨਕਾ ਦੇ ਪਰਦੇ ਕੱਜ ਦਿੰਦਾ ਹੈ।

ਮਾਝੇ ਦੇ ਇਲਾਕੇ ਦੇ ਦੋ ਭਰਾ ਸ. ਖੁਸ਼ਹਾਲ ਸਿੰਘ ਅਤੇ ਸ. ਸੁਰੈਣ ਸਿੰਘ ਬਾਬਾ ਜੀ ਮਹਾਰਾਜ ਅਨੰਦ ਸਿੰਘ ਜੀ ਦੇ ਅਨਿਨ ਸੇਵਕ ਸਨ। ਇਨ੍ਹਾਂ ਨੇ ਹੜੱਪੇ ਬਾਬਾ ਜੀ ਦੇ ਰਹਿਣ ਸਮੇਂ ਸੇਵਾ ਨਿਭਾਈ ਸੀ, ਪਾਠਕ ਪੜ੍ਹ ਚੁੱਕੇ ਹਨ। ਇਕ ਵਾਰ ਸ. ਖੁਸ਼ਹਾਲ ਸਿੰਘ ਦਾ ਲੜਕਾ ਬਹੁਤ ਬੀਮਾਰ ਹੋ ਗਿਆ, ਜ਼ਿੰਦਗੀ ਬੇਆਸ ਹੋ ਗਈ। ਸ. ਖੁਸ਼ਹਾਲ ਸਿੰਘ ਨੇ ਲੜਕੇ ਦੀ ਹਾਲਤ ਬਾਰੇ ਬਾਬਾ ਜੀ ਅਨੰਦ ਸਿੰਘ ਜੀ ਪਾਸ ਬੇਨਤੀ ਕੀਤੀ। ਬਾਬਾ ਜੀ ਨੇ ਬੇਨਤੀ ਪ੍ਰਵਾਨ ਕਰਕੇ ਹੁਕਮ ਦਿੱਤਾ, "ਬੱਚੇ ਨੂੰ ਸਾਡੇ ਗੁਰੂਆਂ ਪਾਸ ਭੁੱਚੋ ਲੈ ਜਾਉ।"

ਬਾਬਾ ਜੀ ਭੁੱਚੋ ਵਾਲਿਆਂ ਦੀ ਮੌਜੂਦਗੀ ਸਮੇਂ ਬਾਬਾ ਜੀ ਅਨੰਦ ਸਿੰਘ ਜੀ ਦੀ ਇਹੀ ਮਰਯਾਦਾ ਰਹੀ ਹੈ ਕਿ ਕੋਈ ਵੀ ਕਮਾਈ ਵਾਲਾ ਪੁਰਸ਼ ਆਉਂਦਾ ਜਾਂ ਲੋੜਵੰਦ ਆਉਂਦਾ ਬਾਬਾ ਜੀ ਭੁੱਚੋ ਵਾਲਿਆਂ ਦੇ ਚਰਨਾਂ ਵਿਚ ਭੇਜਦੇ ਸਨ।

ਇਕ ਨਵਾਬ ਅਬਦੁੱਲਾ ਖਾਂ ਜਲੰਧਰ ਨਿਵਾਸੀ ਦਿੱਲੀ ਤੋਂ ਲਾਹੌਰ ਫੌਜਾਂ ਸਮੇਤ ਆ ਰਿਹਾ ਸੀ। ਗੋਇੰਦਵਾਲ ਦੇ ਨੇੜੇ ਦਰਿਆ ਪਾਰ ਕਰਨਾ ਸੀ। ਅਚਾਨਕ ਦਰਿਆ ਵਿਚ ਹੜ ਆ ਜਾਣ ਕਰਕੇ ਪਾਣੀ ਵੱਧ ਗਿਆ। ਮਲਾਹਾਂ ਨੇ ਪਾਣੀ ਤੋਂ ਡਰਦੇ ਕੁਝ ਠਹਿਰ ਕੇ ਜਾਣ ਦੀ ਸਲਾਹ ਦਿੱਤੀ। ਉੱਚੀ ਜਗ੍ਹਾ ਦੇਖ ਕੇ ਨਵਾਬ ਦੀਆਂ ਫ਼ੌਜਾਂ ਨੇ ਤੰਬੂ ਲਗਾ ਦਿੱਤੇ ਸਵੇਰੇ ਦਿਨ ਚੜ੍ਹਿਆ,



ਨਵਾਬ ਬਾਹਰ ਆ ਕੇ ਖੜ੍ਹਿਆ ਤਾਂ ਕੀ ਵੇਖਦਾ ਹੈ ਕਿ ਘੋੜੀ ਸਵਾਰ ਦਰਿਆ ਵਿਚੋਂ ਇਉਂ ਲੰਘ ਰਿਹਾ ਹੈ ਜਿਵੇਂ ਸੁੱਕੀ ਥਾਂ ਤੋਂ ਜਾ ਰਿਹਾ ਹੋਵੇ। ਨਵਾਬ ਦੇਖ ਕੇ ਹੈਰਾਨ ਹੋ ਗਿਆ ਕਿ ਇਹ ਕਾਮਲ ਪੁਰਖ ਕਿਸੇ ਵੱਡੀ ਅਜਮਤ ਦਾ ਮਾਲਕ ਹੈ। ਫਿਰ ਸੋਚਿਆ ਕਿ ਇਹ ਤਾਂ ਲੰਘ ਗਿਆ ਹੈ ਮੈਂ ਤਾਂ ਦਰਸ਼ਨ ਵੀ ਨਹੀਂ ਕਰ ਸਕਿਆ। ਉਸ ਨੂੰ ਵੇਖ ਰਹੇ ਸਨ ਕਿ ਇਹ ਸੇਵਾਦਾਰ ਲਗਦਾ ਹੈ ਪਰ ਸ਼ਾਨ ਸ਼ੌਕਤ ਦੇਖ ਕੇ ਸੰਤ ਲਗਦਾ ਹੈ। ਇਹ ਸੋਚਦੇ ਨਵਾਬ ਨੇ ਖੁਦਾ ਅੱਗੇ ਫਰਿਆਦ ਕਰੀ, "ਹੇ ਖੁਦਾਵੰਦ ਕਰੀਮ, ਇਹ ਪਿਆਰੇ ਦੇ ਦਰਸ਼ਨ ਕਰਵਾ ਦਿਓ।"

ਉਸ ਦੇ ਵਾਪਸ ਮੁੜਨ ਦੀ ਤਮੰਨਾ ਮਨ ਵਿਚ ਲੈ ਕੇ ਉਡੀਕ ਵਿਚ ਸੇਵਕਾਂ ਨਾਲ ਬੈਠ ਗਿਆ। ਜਦ ਸ਼ਾਮ ਨੂੰ ਉਸੇ ਤਰ੍ਹਾਂ ਘੋੜੀ ਤੇ ਸਵਾਰ ਹੋਇਆ ਆਉਂਦਾ ਗੁਰਸਿੱਖ ਦੇਖਿਆ ਤਾਂ ਮਨ ਨੂੰ ਕੁਝ ਆਸਰਾ ਹੋਇਆ। ਅੱਗੇ ਹੋ ਕੇ ਪਾਣੀ ਵਿਚ ਖੜ ਨਵਾਬ ਨੇ ਹੱਥ ਜੋੜ ਬੇਨਤੀ ਕੀਤੀ, "ਗੁਰਮੁਖਾ ਆਪਣੀ ਤਰੀਫ਼ ਦੱਸ ਕੇ ਜਾਉ।"

ਇਹ ਭਾਈ "ਪਾਰੋ" ਭੱਲੇ ਨਗਰ ਦਾ ਨਿਵਾਸੀ ਸੀ ਜਿਨ੍ਹਾਂ ਨੂੰ ਭਾਈ ਗੁਰਦਾਸ ਜੀ ਨੇ "ਪਰਮ ਹੰਸ" ਗੁਰਸਿੱਖ ਕਹਿ ਕੇ ਮਾਨ ਬਖ਼ਸ਼ਿਆ ਹੈ। ਭਾਈ ਸਾਹਿਬ ਨੇ ਘੋੜੀ ਰੋਕ ਲਈ ਤਾਂ ਨਵਾਬ ਚਰਨੀਂ ਹੱਥ ਲਾਉਣ ਲਈ ਅੱਗੇ ਵਧਿਆ ਤਾਂ ਉਨ੍ਹਾਂ ਰੋਕ ਦਿੱਤਾ। ਮਨ ਦੀ ਵੈਰਾਗ ਮਈ ਅਵਸਥਾ ਦੇਖ ਭਾਈ ਸਾਹਿਬ ਜੀ ਸਵੇਰੇ ਮਿਲਣ ਦਾ ਬਚਨ ਕਰਕੇ ਅੱਗੇ ਚਲੇ ਗਏ। ਆਪ ਰੋਜ਼ ਗੋਇੰਦਵਾਲ ਸਾਹਿਬ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਜਾਂਦੇ ਸਨ। ਨਵਾਬ ਨੂੰ ਨਾਲ ਜਾਣ ਲਈ ਤਾਕੀਦ ਕਰ ਗਏ। ਅਗਲੇ ਦਿਨ "ਭਾਈ ਪਾਰੋ" ਜੀ ਆਏ ਤਾਂ ਨਵਾਬ ਨੇ ਸ਼ਾਹੀ ਪੁਸ਼ਾਕ, ਸ਼ਸਤਰ ਅਤੇ ਹੱਥ ਲਿਖਤ ਪੱਤਰ ਆਪਣੇ ਪੁੱਤਰ ਦੇ ਹੱਥ ਫੜਾ ਕੇ ਕਿਹਾ, "ਬਾਦਸ਼ਾਹ ਮੇਰੀ ਜਗ੍ਹਾ ਤੈਨੂੰ ਨੌਕਰੀ ਰੱਖ ਲਵੇਗਾ। ਮੈਂ ਗੁਰਾਂ ਦੇ ਦਰਸ਼ਨਾਂ ਲਈ ਜਾ ਰਿਹਾ ਹਾਂ। ਸ਼ਾਇਦ ਮੁੜ ਕੇ ਨਾ ਹੀ ਆਵਾਂ।" ਭਾਈ ਪਾਰੋ ਦੇ ਨਾਲ ਨਵਾਬ ਚਲਾ ਗਿਆ। ਗੁਰੂ ਚਰਨਾਂ ਵਿਚ ਮੱਥਾ ਟੇਕਿਆ ਤੇ ਸਤਿਗੁਰੂ ਪਾਸੋਂ ਸਿੱਖੀ ਦਾਤ ਮੰਗ ਕੇ, ਪ੍ਰਾਪਤ ਕਰਕੇ ਗਿਆਨ ਅਵਸਥਾ ਨੂੰ ਪਹੁੰਚ ਗਿਆ। ਇਸ ਤਰ੍ਹਾਂ ਦੇ ਬੇਅੰਤ ਪ੍ਰਸੰਗ ਇਤਿਹਾਸ ਵਿਚ ਅੰਕਿਤ ਹਨ। ਇਸੇ ਤਰ੍ਹਾਂ ਬਾਬਾ ਅਨੰਦ ਸਿੰਘ ਜੀ ਮਹਾਰਾਜ ਨੇ ਭੁੱਚੋ ਵਾਲੇ ਬਾਬਾ ਜੀ ਦੇ ਸਤਿਕਾਰ ਵਜੋਂ ਜੋ ਵੀ ਫਰਿਆਦ ਲੈ ਕੇ ਆਇਆ ਉਸ ਨੂੰ ਭੁੱਚੋ ਭੇਜਿਆ। ਭੁੱਚੋ ਵਾਲੇ ਬਾਬਾ ਜੀ ਮਹਾਰਾਜ ਦੇ ਸਰੀਰ ਕਰਕੇ ਸੰਸਾਰ

ਵਿਚ ਹੁੰਦੇ ਸਮੇਂ ਬਾਬਾ ਅਨੰਦ ਸਿੰਘ ਜੀ ਨੇ ਕੋਈ ਜਾਹਰਾ ਸ਼ਕਤੀ ਨਹੀਂ ਦਿਖਾਈ। ਸਭ ਕੁਝ ਮਿਲ ਚੁੱਕਿਆ ਸੀ ਪਰ ਗੁਰੂਆਂ ਦੇ ਹੁੰਦਿਆਂ ਆਪਾ ਨਹੀਂ ਜਿਤਾਇਆ। ਇਸੇ ਕਾਰਨ ਸ. ਖੁਸ਼ਹਾਲ ਸਿੰਘ ਦੇ ਲੜਕੇ ਨੂੰ ਭੁੱਚੋ ਭੇਜਿਆ। ਸ. ਖੁਸ਼ਹਾਲ ਸਿੰਘ ਦੱਸੇ ਅਨੁਸਾਰ ਬਾਬਾ ਜੀ ਦੇ ਅਸਥਾਨ 'ਤੇ ਪਹੁੰਚਿਆ। ਪਹਿਰੇਦਾਰ ਦੇ ਹੁਕਮ ਮਿਲਨ ਤੇ ਅੰਦਰ ਆਇਆ। ਇੱਥੇ ਦੀ ਮਰਿਯਾਦਾ ਅਤੇ ਰਹਿਤ ਦੇਖ ਕੇ ਅਸਚਰਜ ਜਿਹਾ ਹੋਇਆ। ਬਾਬਾ ਜੀ ਪਾਸ ਪਹੁੰਚ ਕੇ ਬੇਨਤੀ ਕੀਤੀ, "ਜੀ ਮੈਂ ਕਲੇਰਾਂ ਵਾਲੇ ਰਿਖੀ ਜੀ ਦੇ ਗੁਰੂਆਂ ਨੂੰ ਮਿਲਣਾ ਹੈ।"

ਹਜ਼ੂਰ ਨੇ ਹੱਸ ਕੇ ਉੱਤਰ ਦਿੱਤਾ, "ਦੱਸੋ ਕੀ ਹੁਕਮ ਹੈ ? ਅਸੀਂ ਹੀ ਹਾਂ।"

ਰਹਿਤ ਦੇਖ ਕੇ ਮਨ ਨੂੰ ਸ਼ੰਕਾ ਪੈਦਾ ਹੋਈ ਕਿ ਮੈਂ ਕਿਧਰੇ ਗਲਤ ਤਾਂ ਨਹੀਂ ਆ ਗਿਆ। ਜਿਨ੍ਹਾਂ ਦੀਆਂ ਸਿਫ਼ਤਾਂ ਬਾਬਾ ਜੀ ਦੇ ਮੁੱਖ ਤੋਂ ਸੁਣਦੇ ਹਾਂ ਇਹ ਉਹੀ ਹਨ ? ਮਨ ਵਿਚ ਕਈ ਉਤਰਾਅ ਚੜ੍ਹਾਅ ਆ ਰਹੇ ਸਨ। ਉਧਰ ਬਾਬਾ ਜੀ ਅੰਤਰ ਦੇ ਭਾਵ ਪੜ੍ਹ ਰਹੇ ਸਨ।

**ਅੰਤਰਜਾਮੀ ਸਭੁ ਕਿਛੁ ਜਾਨੈ ਉਸ ਤੇ ਕਹਾ ਛਪਾਇਆ॥**

ਖੁਸ਼ਹਾਲ ਸਿੰਘ ਬਾਬਾ ਅਨੰਦ ਸਿੰਘ ਜੀ ਤੋਂ ਜੋ ਬਚਨ ਸੁਣਦਾ ਸੀ ਉਹ ਯਾਦ ਆਏ ਤੇ ਭਰਮ ਕੁਝ ਦੂਰ ਹੋਣ ਲੱਗਾ।

**ਮੇਰੇ ਰਾਮ ਰਾਇ ਜਿਉ ਰਾਖਹਿ ਤਿਉ ਰਹੀਐ॥**

**ਤੁਧੁ ਭਾਵੈ ਤਾ ਨਾਮ ਜਪਾਵਹਿ ਸੁਖੁ ਤੇਰਾ ਦਿਤਾ ਲਹੀਐ॥**

ਹਜ਼ੂਰ ਬਾਬਾ ਜੀ ਨੇ ਭਾਈ ਕੇਸਰ ਸਿੰਘ ਨੂੰ ਸੰਬੋਧਨ ਕਰਕੇ ਆਵਾਜ਼ ਦਿੱਤੀ, "ਕੇਸਰਾ! ਇਹ ਸਰਦਾਰ ਮਾਝੇ ਤੋਂ ਆਇਆ ਹੈ ਕਲੇਰਾਂ ਵਾਲੇ ਰਿਖੀਆਂ ਨੇ ਭੇਜਿਆ ਹੈ। ਇਨ੍ਹਾਂ ਦਾ ਮੁੰਡਾ ਬੀਮਾਰ ਹੈ। ਇਨ੍ਹਾਂ ਦੇ ਘਰ ਜਾ ਕੇ ਮੁੰਡੇ ਦਾ ਹਾਲ ਚਾਲ ਦੇਖ ਆ। ਨਹੀਂ ਤਾਂ ਇਹ ਭੱਜਣ ਲਈ ਤਿਆਰ ਬੈਠਾ ਹੈ।"

ਇਹ ਸਭ ਕੁਝ ਸੁਣ ਕੇ ਸ. ਖੁਸ਼ਹਾਲ ਸਿੰਘ ਹੈਰਾਨ ਹੋਣ ਲੱਗਾ ਕਿ ਬਿਨਾਂ ਦੱਸੇ ਹੀ ਸਭ ਕੁਝ ਦੱਸ ਦਿੱਤਾ ਹੈ।

ਭਾਈ ਕੇਸਰ ਸਿੰਘ ਨੇ ਰਜਾਈ ਦੀ ਬੁੱਕਲ ਮਾਰ ਲਈ ਤੇ ਲੰਮਾ ਪੈ ਗਿਆ। ਖੜ੍ਹੇ ਪਾਣੀ ਦਾ ਧੱਕਾ ਲੱਗੇ ਤਾਂ ਇੱਕ ਵਾਰੀ ਕਿਨਾਰੇ ਤੋੜਨ ਨੂੰ ਜਾਂਦਾ ਹੈ।





ਇਸੇ ਤਰ੍ਹਾਂ ਖੁਸ਼ਹਾਲ ਸਿੰਘ ਦੇ ਟਿਕੇ ਮਨ ਨੂੰ ਫਿਰ ਧੱਕਾ ਲੱਗਾ ਕਿ ਮੈਂ ਕਿਧਰੇ ਮਜਮਾ ਲਾਉਣ ਵਾਲਿਆਂ ਕੋਲ ਤਾਂ ਨਹੀਂ ਆ ਗਿਆ। ਇਕ ਘੜੀ ਬਾਅਦ ਭਾਈ ਕੇਸਰ ਸਿੰਘ ਜੀ ਉਠ ਖਲੋਤੇ ਅਤੇ ਬੋਲੇ "ਮਹਾਰਾਜ ਜੀ! ਸਰਦਾਰ ਦੇ ਪਿੰਡ ਜਾ ਆਇਆ ਹਾਂ।"

"ਅੱਛਾ ਫੇਰ ਦੱਸ ਸਾਰੀ ਗੱਲਬਾਤ" ਹਜ਼ੂਰ ਨੇ ਫੁਰਮਾਇਆ। "ਮਹਾਰਾਜ ਜੀ ਇਨ੍ਹਾਂ ਦੇ ਘਰ ਦਾ ਦਰਵਾਜ਼ਾ ਛਿਪਦੇ ਵੱਲ ਹੈ। ਅੰਦਰ ਲੰਘਦੇ ਹੀ ਖੱਬੇ ਪਾਸੇ ਕਣਕ ਦੀਆਂ ਬੋਰੀਆਂ ਪਈਆਂ ਹਨ। ਦਲਾਨ ਵਿਚਾਲੇ ਨਾਲੀ ਹੈ ਵਿਹੜੇ ਦਾ ਪਾਣੀ ਕੱਢਣ ਲਈ, ਮੁੰਡਾ ਉਥੇ ਖੇਡਦਾ ਹੈ, ਹੱਥਾਂ ਵਿਚ ਸੋਨੇ ਦੇ ਕੜੇ ਪਾਏ ਹੋਏ ਹਨ। ਸਿਰ ਗੁੰਦਿਆ ਹੋਇਆ ਹੈ। ਮੁੰਡਾ ਠੀਕ ਠਾਕ ਹੈ।" ਭਾਈ ਕੇਸਰ ਸਿੰਘ ਨੇ ਸਾਰੀਆਂ ਨਿਸ਼ਾਨੀਆਂ ਦੱਸ ਦਿੱਤੀਆਂ।

ਹਜ਼ੂਰ ਨੇ ਪੁੱਛਿਆ, "ਤੈਨੂੰ ਕੌਣ ਮਿਲਿਆ ਸੀ ?"

"ਸਰਦਾਰ ਦੀ ਘਰਵਾਲੀ ਮਿਲੀ ਸੀ।" ਕੇਸਰ ਸਿੰਘ ਦਾ ਉੱਤਰ ਸੀ।

ਹਜ਼ੂਰ ਨੇ ਬਚਨ ਕੀਤਾ, "ਲੈ ਬਈ! ਸਮਾਂ ਨੋਟ ਕਰ ਲੈ। ਘਰ ਜਾ ਕੇ ਪੁੱਛੀਂ ਕਿ ਇਸ ਵੇਲੇ ਕੋਈ ਆਇਆ ਸੀ। ਭਾਈ ਕੇਸਰ ਸਿੰਘ ਵੱਲ ਇਸ਼ਾਰਾ ਕਰਕੇ, ਇਸ ਦੇ ਕੱਪੜੇ ਤੇ ਚਿਹਨ ਚੱਕਰ ਦੇਖ ਲੈ। ਫਿਰ ਘਰ ਪੁੱਛ ਕੇ ਮਿਲਾ ਲਈਂ।

ਸ. ਖੁਸ਼ਹਾਲ ਸਿੰਘ ਰਾਤ ਠਹਿਰਿਆ। ਸਵੇਰੇ ਮਰਿਯਾਦਾ ਅਨੁਸਾਰ ਨਾਮ, ਪਤਾ, ਗੋਤ, ਨਾਨਕੇ ਆਦਿ ਲਿਖਾ ਕੇ ਆਗਿਆ ਲੈ ਕੇ ਪ੍ਰਸੰਨਤਾ ਨਾਲ ਗਿਆ।

ਘਰ ਪਹੁੰਚ ਕੇ ਮੁੰਡੇ ਦਾ ਹਾਲ ਚਾਲ ਦੇਖ ਕੇ ਪੁੱਛਣ ਲੱਗਾ, "ਆਪਣੇ ਘਰ ਕੱਲ ਕੋਈ ਆਇਆ ਸੀ ?"

"ਜੀ ਹਾਂ।" ਹੁਲੀਆ ਦੱਸਿਆ ਤਾਂ ਉਹ ਸਭ ਕੁਝ ਸਮਾਂ ਆਦਿਕ ਵੀ ਮਿਲ ਗਿਆ। ਹੈਰਾਨੀ ਦੀ ਕੋਈ ਹੱਦ ਨਾ ਰਹੀ। ਮਨ ਨੂੰ ਉਸ ਸਮੇਂ ਦੇ ਬਣੇ ਸ਼ੰਕਿਆ ਉਪਰ ਲਾਹਨਤ ਪਾਣ ਲੱਗਾ।

ਬਾਬਾ ਅਨੰਦ ਸਿੰਘ ਜੀ ਦੀ ਹਜ਼ੂਰੀ ਵਿਚ ਜਾ ਨਮਸਕਾਰ ਕੀਤੀ। ਭੁੱਚੋ ਵਾਲਿਆਂ ਦੀ ਸਾਰੀ ਵਿਥਿਆ ਸੁਣਾਈ। ਉਪਰੰਤ ਬੇਨਤੀ ਕੀਤੀ, "ਗਰੀਬ

ਨਿਵਾਜ ! ਰਹਿਣੀ ਬਹਿਣੀ ਦੇਖ ਕੇ ਹੈਰਾਨੀ ਹੁੰਦੀ ਹੈ। ਆਪ ਜੀ ਅਤੇ ਉਨ੍ਹਾਂ ਵਿਚ ਅੰਤਰ ਸਮਝਾਉਣ ਦੀ ਕ੍ਰਿਪਾ ਕਰੋ। ਉਹ ਇਤਨੀ ਸਮਰੱਥਾ ਦੇ ਮਾਲਕ ਹੋ ਕੇ ਇਉਂ ਰਹਿੰਦੇ ਹਨ। ਆਪ ਸਮਰੱਥ ਹੋ ਕੇ ਉਧਰ ਭੇਜਦੇ ਹੋ।"

**ਕਉਣੁ ਜਾਣੈ ਚਲਤ ਤੇਰੇ ਅੰਧਿਆਰੇ ਮਹਿ ਦੀਪ॥**

**ਤੁਝ ਕੋ ਖੁਦਾ ਕਹੂੰ ਕਿ ਉਨ ਕੋ ਖੁਦਾ ਕਹੂੰ॥**

**ਦੋਨੋਂ ਕੀ ਸ਼ਕਲ ਏਕ ਹੈ ਕਿਸ ਕੋ ਜੁਦਾ ਕਹੂੰ॥**

(ਇਹ ਬਚਨ ਸ. ਜੋਗਿੰਦਰ ਸਿੰਘ ਜੈਲਦਾਰ ਗਾਲਿਬ ਕਲਾਂ ਤੋਂ ਮਿਲਿਆ।)

## ੧੭. ਸਾਧੂ ਸੰਗੁ ਮਸਕਤੇ ਤੂਠੈ ਪਾਵਾ ਦੇਵ॥

ਪ੍ਰਮੇਸ਼ਰ ਦੀ ਅਰਾਧਨਾ ਕਰਨ ਵਾਲੇ ਮਹਾਂਪੁਰਖਾਂ ਦੀ ਮੁਸ਼ੱਕਤ ਕੀਤੀ, ਮੁਕਤੀ ਮਾਰਗ ਤੇ ਲੈ ਜਾਂਦੀ ਹੈ। ਮਾਇਆ, ਦੁਨਿਆਵੀ ਪਦਾਰਥਾਂ ਤੇ ਸੁੱਖਾਂ ਦੀ ਪ੍ਰਾਪਤੀ ਲਈ ਨਿਤ ਨਵੇਂ ਦਿਨ ਦੀ ਉਡੀਕ, ਸਦਾ ਲਈ ਹਨੇਰੀ ਹੋ ਰਹੀ ਜ਼ਿੰਦਗੀ ਨੂੰ, ਬ੍ਰਹਮ ਰੋਸ਼ਨੀ ਤੋਂ ਦੂਰ ਰੱਖਦੀ ਹੈ। ਇਸ ਅੰਨ੍ਹੇ ਸੰਸਾਰ ਵਿਚ ਥੋੜ੍ਹਾ ਸਮਾਂ ਵੀ ਅਲੌਕਿਕ ਨੇਤ੍ਰਾਂ ਵਾਲੇ ਦੀ ਉਂਗਲ ਫੜ੍ਹ ਲਈ ਜਾਵੇ ਤਾਂ ਮੁਕਤੀ ਮਾਰਗ ਦੀ ਭਿਨਖ ਪੈ ਜਾਂਦੀ ਹੈ। ਮਹਾਂਪੁਰਖ ਦੇ ਮਨ ਵਿਚ ਮਿਹਰ ਪੈ ਜਾਵੇ ਤਾਂ ਆਪਣੀ ਸੂਰਜ ਵਰਗੀ ਰੌਸ਼ਨੀ ਕੋਰੇ ਚੰਦ ਤਾਰਿਆਂ ਵਰਗੇ ਮਨਾਂ ਵਿਚ ਵੀ ਚਾਨਣੀ ਭਰ ਦਿੰਦੀ ਹੈ।

ਬਾਬਾ ਅਨੰਦ ਸਿੰਘ ਜੀ ਮਹਾਰਾਜ ਮਾਝੇ ਦੇ ਇਲਾਕੇ ਦੀ ਤਹਿਸੀਲ ਚੂਨੀਆ (ਜੋ ਅੱਜ ਕੱਲ੍ਹ ਪਾਕਿਸਤਾਨ ਹੈ) ਵਿਚ ਬਿਰਾਜਮਾਨ ਹਨ। ਸਤਸੰਗੀ ਦਰਸ਼ਨ ਕਰਕੇ, ਸੇਵਾ ਕਰਕੇ, ਨਾਮ ਜਪ ਕੇ ਜਨਮ ਸਫ਼ਲ ਕਰ ਰਹੇ ਹਨ।

"**ਨਾਮ ਕੀ ਮਹਿੰਮਾ ਸੰਤ ਰਿਦ ਬਸੈ॥**" ਦੇ ਬਚਨ ਅਨੁਸਾਰ ਜੋ ਵੀ ਦਰਸ਼ਨ ਕਰਦਾ ਹੈ ਉਸ ਦੇ ਮਨ ਵਿਚ ਸੇਵਾ ਭਾਵਨਾ ਉਠਦੀ ਹੈ ਅਤੇ ਨਾਮ ਜਪਣ ਨੂੰ ਮਨ ਲੋਚਦਾ ਹੈ ਕਿਉਂਕਿ "**ਸੰਤ ਪ੍ਰਤਾਪ ਦੂਰਤ ਸਭ ਨਸੈ।**"



ਮਹਾਂਪੁਰਖਾਂ ਦੇ ਦਰਸ਼ਨ ਨਾਲ ਮਨ ਦੇ ਪਾਪ ਦੂਰ ਹੁੰਦੇ ਹਨ। ਨਿਰਮਲ ਹੋਇਆ ਮਨ ਸੇਵਾ ਦੀ ਤਮੰਨਾ ਕਰਦਾ ਹੈ। ਮਹਾਂਪੁਰਖਾਂ ਵਿਚੋਂ ਨਾਮ ਦੀ ਖੁਸ਼ਬੂ ਆਉਂਦੀ ਹੈ। ਇਸ ਖੁਸ਼ਬੂ ਨੂੰ ਲੈਣ ਲਈ ਦੀਵਾਨਾ ਭੌਰਾ ਤਰਲੇ ਕਰੇਗਾ ਫਿਰ ਸੇਵਾ ਕਰਨ ਨੂੰ ਮਨ ਕਰੇਗਾ।

**ਸੰਤ ਕਾ ਸੰਗੁ ਵਡਭਾਈ ਪਾਈਐ॥ ਸੰਤ ਕੀ ਸੇਵਾ ਨਾਮੁ ਧਿਆਈਐ॥**

ਨਰਾਇਣ ਦਾਸ ਚੂਨੀਆ ਸ਼ਹਿਰ ਦਾ ਰਹਿਣ ਵਾਲਾ ਇਕ ਪ੍ਰੇਮੀ ਸੀ। ਟਾਂਗਾ ਚਲਾਉਣ ਦਾ ਕੰਮ ਕਰਦਾ ਸੀ। ਨੇਕ, ਧਰਮੀ, ਪੁਰਸ਼ ਹੋਣ ਕਰਕੇ ਆਮ ਲੋਕ ਨਰੈਣ ਭਗਤ ਕਹਿੰਦੇ ਸਨ। ਇਕ ਦਿਨ ਉਸ ਦੇ ਮਨ ਵਿਚ ਆਇਆ ਕਿ ਮੈਂ ਅਨਪੜ੍ਹ ਹਾਂ, ਨਾਮ ਜਪ ਨਹੀਂ ਸਕਦਾ, ਬਾਬਾ ਜੀ ਦੇ ਦਰ ਦੀ ਕੋਈ ਸੇਵਾ ਮਿਲ ਜਾਵੇ ਤਾਂ ਚੰਗੀ ਬਖ਼ਸ਼ਿਸ਼ ਹੋ ਜਾਵੇ। ਨਰੈਣ ਭਗਤ ਨੇ ਡਰਦੇ ਡਰਦੇ ਸੇਵਾ ਲਈ ਬੇਨਤੀ ਕਰ ਦਿੱਤੀ। ਬਾਬਾ ਜੀ ਨੇ ਬਚਨ ਕੀਤੇ, "ਨਰੈਣ ਭਗਤ ਸੇਵਾ ਕਰਨੀ ਔਖੀ ਹੈ।"

ਕੁਝ ਦਿਨਾਂ ਬਾਅਦ ਫਿਰ ਬੇਨਤੀ ਕਰ ਦਿੱਤੀ। ਬਾਬਾ ਜੀ ਨੇ ਬਚਨ ਕੀਤਾ, "ਤੂੰ ਟਾਂਗਾ ਚਲਾਉਂਦਾ ਹੈਂ। ਗੁਰਸਿੱਖ ਸਵਾਰੀ ਤੋਂ ਬਣਦੇ ਪੈਸਿਆਂ ਤੋਂ ਘੱਟ ਲੈ ਲਿਆ ਕਰ। ਉਨ੍ਹਾਂ ਪੈਸਿਆਂ ਦੀ ਕਣਕ ਖਰੀਦ ਕਰਨੀ ਹੈ। ਕਣਕ ਉਸ ਜ਼ਿਮੀਂਦਾਰ ਤੋਂ ਲੈਣੀ ਹੈ ਜਿਸ ਨੇ ਕਿਸੇ ਦਾ ਪਾਣੀ ਨਾ ਲਾਇਆ ਹੋਵੇ, ਕੱਢਣ ਸਮੇਂ ਕਿਸੇ ਦਾ ਦਾਣਾ ਨਾਲ ਨਾ ਰਲਣ ਦਿੱਤਾ ਹੋਵੇ। ਇਕ ਇਕ ਦਾਣਾ ਵਾਹਿਗੁਰੂ ਵਾਹਿਗੁਰੂ ਬੋਲ ਕੇ ਚੁਗਣਾ ਹੈ। ਫਿਰ ਧੋ ਕੇ ਨਾਮ ਜਪਦੇ ਹੀ ਆਟਾ ਪੀਸਣਾ ਅਤੇ ਪਕਾਉਣਾ ਹੈ। ਜੇ ਇਹ ਸੇਵਾ ਕਰ ਸਕਦਾ ਤਾਂ ਕਰ ਲਉ।"

ਨਰੈਣ ਭਗਤ ਨੇ ਸੇਵਾ ਕਰਨ ਦੀ ਮਨਜ਼ੂਰੀ ਸਤਿ ਬਚਨ ਕਹਿ ਕੇ ਲੈ ਲਈ।

ਇਸ ਦੇ ਕੋਲ ਟਾਂਗਾ ਇਕ ਅਤੇ ਘੋੜੇ ਦੋ ਸਨ। ਅੱਧਾ ਦਿਨ ਇਕ ਘੋੜਾ ਚਲਾਉਣਾ ਅਤੇ ਪਿਛਲੇ ਪਹਿਰ ਦੂਜਾ ਚਲਾਉਣਾ। ਅਗਲੇ ਦਿਨ ਟਾਂਗਾ ਅੱਡੇ ਵਿਚ ਲੈ ਕੇ ਗਿਆ। ਸਵਾਰੀਆਂ ਆਈਆਂ ਪਰ ਇਸ ਨੇ ਜਵਾਬ ਦੇ ਦਿੱਤਾ ਕਿਉਂਕਿ ਸਵਾਰੀ ਗੁਰਸਿੱਖ ਨਹੀਂ ਸਨ। ਟਾਂਗਿਆਂ ਵਾਲੇ ਹੈਰਾਨ ਸਨ ਕਿ ਇਸ ਨੂੰ ਸਵਾਰੀਆਂ ਮਿਲਦੀਆਂ ਹਨ ਇਹ ਲੈ ਕੇ ਨਹੀਂ ਜਾਂਦਾ, ਅਸੀਂ ਵਿਹਲੇ ਖੜ੍ਹੇ

ਹਾਂ। ਸਾਥੀਆਂ ਨੇ ਸਵਾਰੀ ਨਾ ਬਠਾਉਣ ਦਾ ਕਾਰਨ ਪੁੱਛਿਆ ਤਾਂ ਨਰੈਣ ਭਗਤ ਨੇ ਕਿਹਾ, "ਮੈਨੂੰ ਹੁਕਮ ਨਹੀਂ ਹੈ।" ਇਸ ਤਰ੍ਹਾਂ ਦੁਪਹਿਰ ਹੋ ਗਈ ਘਰ ਘੋੜਾ ਬਦਲਣ ਚਲਾ ਗਿਆ। ਵਾਪਸ ਆਇਆ ਫਿਰ ਕੋਈ ਗੁਰਸਿੱਖ ਸਵਾਰੀ ਦੇਖਦਾ ਰਿਹਾ ਤਾਂ ਦਿਨ ਛਿਪਣ ਵਾਲਾ ਹੋ ਗਿਆ। ਇੰਨੇ ਨੂੰ ਚਾਰ ਗੁਰਸਿੱਖ ਆ ਗਏ। ਉਨ੍ਹਾਂ ਨੇ ਨਰੈਣ ਭਗਤ ਨੂੰ ਛਾਂਗੇ ਮਾਂਗੇ ਜਾਣ ਲਈ ਕਿਹਾ। ਭਗਤ ਨੇ ਆਪਣੇ ਚੰਗੇ ਕਰਮ ਸਮਝੇ। ਝਟਪਟ ਟਾਂਗਾ ਲੈ ਕੇ ਤੁਰ ਪਿਆ। ਰਸਤੇ ਵਿਚ ਜਾਂਦੇ ਸਮੇਂ ਗੁਰਸਿੱਖਾਂ ਨੇ ਗੁਰਬਾਣੀ ਅਤੇ ਇਤਿਹਾਸ ਦੇ ਪ੍ਰਸੰਗ ਸੁਣਨੇ ਅਤੇ ਸੁਣਾਉਣੇ ਸ਼ੁਰੂ ਕਰ ਦਿੱਤੇ। ਹਰ ਕਥਾ ਤੇ ਹਰਜਸ ਸੁਣਦੇ-ਸੁਣਦੇ ਟਾਂਗਾ ਛਾਂਗੇ ਮਾਂਗੇ ਪਹੁੰਚ ਗਿਆ। ਉਨ੍ਹਾਂ ਕਰਾਇਆ ਦਿੱਤਾ ਭਗਤ ਨੇ ਦੇਖਿਆ ਕਿ ਵੱਧ ਦਿੰਦੇ ਹਨ। ਉਸ ਨੇ ਕਰਾਇਆ ਘੱਟ ਲੈਣ ਲਈ ਕਿਹਾ। ਉਹ ਗੁਰਸਿੱਖ ਵੱਧ ਦੇਣ। ਉਹ ਘੱਟ ਮੰਗੇ। ਰੌਲਾ ਪੈਂਦਾ ਵੇਖ ਲੋਕ ਇਕੱਠੇ ਹੋ ਗਏ। ਸਭ ਨੇ ਦੇਖਿਆ ਤੇ ਹੈਰਾਨ ਹੋ ਗਏ ਕਿ ਇਹ ਠੀਕ ਆਦਮੀ ਹੈ। ਉਹ ਵੱਧ ਕਰਾਇਆ ਦਿੰਦੇ ਹਨ ਇਹ ਲੈਂਦਾ ਨਹੀਂ। ਆਖਰ ਕਰਾਇਆ ਘੱਟ ਹੀ ਲਿਆ। ਘਰ ਆ ਕੇ ਕਣਕ ਦੀ ਭਾਲ ਕਰਨ ਲੱਗਾ। ਇਕ ਜ਼ਿਮੀਂਦਾਰ ਮਿਲ ਗਿਆ, ਪਰ ਉਸ ਨੇ ਪੈਸੇ ਵੱਧ ਮੰਗੇ। ਨਰੈਣ ਭਗਤ ਨੇ ਬਾਬਾ ਜੀ ਪਾਸ ਬੇਨਤੀ ਕੀਤੀ, "ਗਰੀਬ ਨਿਵਾਜ ! ਜਿਹੜੇ ਚਾਰ ਸਿੱਖ ਟਾਂਗੇ ਵਿਚ ਬੈਠੇ ਸਨ ਉਨ੍ਹਾਂ ਦੀ ਆਵਾਜ਼ ਬੜੀ ਮਿੱਠੀ ਸੀ। ਉਨ੍ਹਾਂ ਦੇ ਸਰੀਰ ਅਤੇ ਚਿਹਰੇ ਉੱਤੇ ਨਿਗਾਹ ਨਹੀਂ ਟਿੱਕਦੀ ਸੀ।" ਬਾਬਾ ਜੀ ਅਨੰਦ ਸਿੰਘ ਜੀ ਨੇ ਫੁਰਮਾਇਆ, "ਨਰੈਣ ਭਗਤ ਉਹ ਚਾਰ ਸਿੱਖਾਂ ਦੇ ਭੇਸ ਵਿਚ ਚਾਰੇ ਸਾਹਿਬਜ਼ਾਦੇ ਸਨ।"

ਕਣਕ ਦੇ ਬਾਰੇ ਕਿਹਾ, "ਮੋਤੀ ਮਹਿੰਗੇ ਹੀ ਹੁੰਦੇ ਹਨ।" ਨਰੈਣ ਭਗਤ ਨੇ ਸਤਿ ਬਚਨ ਆਖ ਕਣਕ ਖਰੀਦ ਲਈ। ਹੁਕਮ ਅਨੁਸਾਰ ਧੋ, ਸੁਕਾ ਕੇ ਪੀਸ ਕੇ ਤਿਆਰ ਕੀਤੇ ਆਟੇ ਦਾ ਇਕ ਤੋਲਾ ਲੈ ਕੇ ਪ੍ਰਸ਼ਾਦਾ ਤਿਆਰ ਕੀਤਾ। ਪ੍ਰਸ਼ਾਦਾ ਬਾਬਾ ਜੀ ਦੇ ਹਾਜ਼ਰ ਕੀਤਾ। ਸੇਵਾ ਆਰੰਭ ਹੋ ਗਈ। ਇਕ ਤੋਲਾ ਅੰਨ ਦਾ ਆਧਾਰ ਸੀ। ਇਹ ਉਨ੍ਹਾਂ ਦੀ ਹੀ ਲੀਲ੍ਹਾ ਸੀ। ਇਕ ਦਿਨ ਭਗਤ ਨੇ ਸੋਚ ਕੇ ਕਿ ਇਕ ਤੋਲਾ ਵੀ ਕੋਈ ਆਧਾਰ ਹੈ, ਡੇਢ ਤੋਲੇ ਦਾ ਪ੍ਰਸ਼ਾਦਾ ਤਿਆਰ ਕਰ ਲਿਆ। ਹਜ਼ੂਰੀ ਅੰਦਰ ਪ੍ਰਸ਼ਾਦਾ ਪਹੁੰਚਿਆ ਤਾਂ ਮੋੜ ਦਿੱਤਾ।



ਪ੍ਰਸ਼ਾਦਾ ਮੋੜਨ ਦਾ ਕਾਰਨ ਨਰੈਣ ਭਗਤ ਨੇ ਪੁੱਛਿਆ। "ਸਾਨੂੰ ਵੱਧ ਖਵਾਉਣਾ ਚਾਹੁੰਦਾ ਹੈਂ।" ਬਾਬਾ ਜੀ ਨੇ ਬਚਨ ਕੀਤਾ। ਭਗਤ ਨੇ ਗਲਤੀ ਦੀ ਮਾਫੀ ਮੰਗੀ।

ਨਰੈਣ ਭਗਤ ਦੇ ਘਰ ਮੁੰਡਾ ਹੋਇਆ। ਬਾਬਾ ਜੀ ਪਾਸ ਬੇਨਤੀ ਕੀਤੀ, "ਮਹਾਰਾਜ ! ਘਰ ਵਿਚ ਸੂਤਕ ਹੋ ਗਿਆ ਹੈ।"

ਬਾਬਾ ਜੀ ਨੇ ਫੁਰਮਾਇਆ, "ਵਹਿਮ ਕਰਨ ਦੀ ਲੋੜ ਨਹੀਂ। ਬੀਬੀ ਇਸ਼ਨਾਨ ਕਰਕੇ ਵਾਹਿਗੁਰੂ ਵਾਹਿਗੁਰੂ ਕਰਦੀ ਪ੍ਰਸ਼ਾਦਾ ਤਿਆਰ ਕਰੇ, ਸਭ ਠੀਕ ਹੈ।" ਇਸ ਤਰ੍ਹਾਂ ਇਕ ਸਾਲ ਸੇਵਾ ਨਿਰੰਤਰ ਚੱਲਦੀ ਰਹੀ। ਨਰੈਣ ਭਗਤ ਨੂੰ ਨੇੜੇ ਰਹਿ ਕੇ ਸੇਵਾ ਕਰਨ ਅਤੇ ਸੰਗਤ ਕਰਨ ਦਾ ਕਾਫ਼ੀ ਮੌਕਾ ਮਿਲਿਆ। ਹੁਕਮ ਅਨੁਸਾਰ ਸੇਵਾ ਕੀਤੀ। ਜੋ ਸੁਣਦਾ ਸੀ ਬਾਬਾ ਜੀ ਦੀ ਵਡਿਆਈ, "**ਸੁਣਿ ਵੱਡਾ ਆਖੈ ਸਭੁ ਕੋਇ**" ਤੋਂ ਅੱਗੇ ਲੰਘ ਕੇ "**ਕੇਵਡ ਵਡਾ ਡੀਠਾ ਹੋਇ**" ਵਾਲੀ ਮਿਸਾਲ ਬਣ ਗਈ।

**ਪ੍ਰਭ ਤੇ ਜਨ ਜਾਨੀਜੈ ਜਨ ਤੇ ਸੁਆਮੀ॥**

ਸਾਹਿਬ ਅਤੇ ਸੇਵਕ ਅੰਤਰ ਆਤਮੇ ਇਕ ਹੀ ਹਨ। ਸਾਹਿਬ ਦੀ ਵਡਿਆਈ ਸੇਵਕ ਦੁਆਰਾ ਹੀ ਪ੍ਰਗਟ ਹੁੰਦੀ ਹੈ। ਸੇਵਕ ਦੀ ਸੇਵਾ ਕਰਕੇ ਸਾਹਿਬ ਦੇ ਦਰਸ਼ਨ ਹੁੰਦੇ ਹਨ। ਸਾਹਿਬ ਦੀ ਪ੍ਰਸੰਨਤਾ ਮਿਲਦੀ ਹੈ। ਸੇਵਕ ਦੇ ਦਰਸ਼ਨ ਕਰਕੇ ਸਾਹਿਬ ਚਿਤ ਆਂਵਦਾ ਹੈ।

**ਆਵੈ ਸਾਹਿਬ ਚਿਤਿ ਤੇਰਿਆ ਭਗਤਾ ਡਿਠਿਆ॥**

ਇਕ ਵਾਰ ਨਰੈਣ ਭਗਤ ਬਾਬਾ ਜੀ ਤੋਂ ਆਗਿਆ ਲੈ ਕੇ ਭੁੱਚੋ ਵਾਲੇ ਮਹਾਰਾਜ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੇ ਦਰਸ਼ਨ ਕਰਨ ਲਈ ਆਇਆ। ਹਜ਼ੂਰ ਨੇ ਬੜੀ ਪ੍ਰਸੰਨਤਾ ਬਖ਼ਸ਼ੀ। ਮਰਯਾਦਾ ਅਨੁਸਾਰ ਨਾਮ, ਗੋਤ ਨਾਨਕੇ ਆਦਿ ਸਭ ਦੇ ਨਾਮ ਲਿਖੇ। ਕੁਝ ਦਿਨ ਠਹਿਰਿਆ, ਖੁਸ਼ੀਆਂ ਪ੍ਰਾਪਤ ਕਰਦਾ ਰਿਹਾ। ਇਕ ਦਿਨ ਉਸ ਨੇ ਬਾਬਾ ਜੀ ਪਾਸ ਬੇਨਤੀ ਕੀਤੀ, "ਮਹਾਰਾਜ ਜੀ ! ਕਲੇਰਾਂ ਵਾਲੇ ਬਾਬਾ ਜੀ ਤੁਹਾਡੇ ਕੋਲ ਕਦੋਂ ਦੇ ਆਉਂਦੇ ਹਨ ?"

ਹਜ਼ੂਰ ਨੇ ਫੁਰਮਾਇਆ, "ਭਗਤ ! ਕਲੇਰਾਂ ਵਾਲੇ ਤਾਂ ਸਾਡੇ ਕੋਲ ਤ੍ਰੇਤਾ ਯੁੱਗ ਦੇ ਆਉਂਦੇ ਹਨ।"

ਨਰੈਣ ਭਗਤ ਨੇ ਹੈਰਾਨ ਹੋ ਕੇ ਪੁੱਛਿਆ, "ਉਹ ਕਿਸ ਤਰ੍ਹਾਂ ਮਹਾਰਾਜ।"

ਫਿਰ ਬਚਨ ਕੀਤਾ, "ਅਸੀਂ ਤ੍ਰੇਤੇ ਯੁੱਗ ਵਿਚ ਰਾਮ ਚੰਦਰ ਦੇ ਰੂਪ ਵਿਚ ਸੀ ਅਤੇ ਕਲੇਰਾਂ ਵਾਲੇ ਸਾਡੇ ਭਰਾ ਭਰਤ ਦੇ ਰੂਪ ਵਿਚ ਸਨ। ਅਸੀਂ ਚੌਦਾਂ ਸਾਲ ਬਨਵਾਸ ਕੱਟਿਆ ਤਾਂ ਇਨ੍ਹਾਂ ਨੇ ਸਾਡੀਆਂ ਖੜਾਵਾਂ ਸਿੰਘਾਸਨ 'ਤੇ ਰੱਖ ਕੇ, ਆਪ ਸਾਹਮਣੇ ਨੀਵੇਂ ਥਾਂ ਟੋਆ ਪੁੱਟ ਕੇ ਬੈਠਦੇ ਸਨ। ਪੁਰਾਣੀ ਆਦਤ ਮੁਤਾਬਕ ਹੁਣ ਵੀ ਨੀਵੇ ਥਾਂ ਬੈਠਦੇ ਹਨ। ਦੋ ਚਾਰ ਸਾਲ ਦੀ ਕਮਾਈ ਨਾਲ ਕੁਝ ਨਹੀਂ ਬਣਦਾ। ਇਹ ਯੁੱਗਾਂ ਯੁਗੰਤਰਾਂ ਦੀ ਕਮਾਈ ਨਾਲ ਹੀ ਬਨਿਆ ਜਾਂਦਾ ਹੈ।

**ਤਉ ਪਰਵਾਹ ਕੇਹੀ ਕਿਆ ਕੀਜੈ ॥**

**ਜਨਮਿ ਜਨਮਿ ਕਿਛੁ ਲੀਜੀ ਲੀਜੈ ॥**

*(ਆਸਾ ਮ: ੧, ਅੰਗ ੩੫੧)*

ਕੁਝ ਚਿਰ ਚੁੱਪ ਰਹਿਣ ਤੋਂ ਬਾਦ ਫਿਰ ਬਚਨ ਕੀਤਾ, "ਅੱਗੇ ਤੋਂ ਵੀ ਰਿਖੀ ਜੀ ਸਾਡੇ ਨਾਲ ਰਹਿਣਗੇ।"

ਇਹ ਬਚਨ ਸੁਣ ਕੇ ਨਰੈਣ ਭਗਤ ਨੇ ਬੇਨਤੀ ਕੀਤੀ, "ਗਰੀਬ ਨਿਵਾਜ! ਅੱਗੇ ਵੀ ਦੱਸੋ ਕ੍ਰਿਪਾ ਕਰੋ।"

ਫਿਰ ਬਾਬਾ ਜੀ ਨੇ ਮੁਨਸ਼ੀ ਸ੍ਰੀ ਹਰਦਿੱਤ ਸਿੰਘ ਨੂੰ ਸੱਦ ਕੇ ਭਵਿੱਖਤ ਬਚਨ ਲਿਖਵਾਏ। ਮੁਨਸ਼ੀ ਜੀ ਦਾ ਲਿਖਿਆ ਕਾਗਜ਼ ਬਾਬਾ ਜੀ ਖੇਮ ਸਿੰਘ ਜੀ (ਮੌਜੂਦਾ ਸੰਤ) ਨੇ ਆਪ ਪੜ੍ਹਿਆ ਹੈ। ਕੁਝ ਅੰਸ਼ ਆਪ ਦੀ ਨਜ਼ਰ ਹਨ :

"ਅਸੀਂ ਆਵਾਂਗੇ। ਉਸ ਵੇਲੇ ਸਾਡੇ ਨਾਲ ਪੰਜ ਮਹਾਂਪੁਰਖ ਹੋਣਗੇ। ਬਾਬਾ ਅਨੰਦ ਸਿੰਘ ਜੀ ਕਲੇਰਾਂ ਵਾਲੇ, ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ, ਸੰਤ ਵਧਾਵਾ ਸਿੰਘ ਜੀ ਲਹਿਰ ਖਾਨੇ ਵਾਲੇ, ਸੰਤ ਚੰਦਾ ਸਿੰਘ ਜੀ ਕੱਟੂ ਵਾਲੇ ਅਤੇ ਸੰਤ ਬਾਬਾ ਐਚਲ ਸਿੰਘ ਜੀ ਚਕਾ ਵਾਲੇ।" ਇਹ ਪ੍ਰਸੰਗ ਨਰੈਣ ਭਗਤ ਨੇ ਵੀ ਸੁਣਾਇਆ ਸੀ।

ਹੋਰ ਭਵਿੱਖਤ ਬਚਨ ਨਰੈਣ ਭਗਤ ਨੂੰ ਲਿਖਾਏ ਜੋ ਫਿਰ ਕਿਸੇ ਸਮੇਂ ਸੰਗਤਾਂ ਲਈ ਹਾਜ਼ਰ ਕੀਤੇ ਜਾਣਗੇ। ਫਿਰ ਨਰੈਣ ਭਗਤ ਨੂੰ ਪ੍ਰਸੰਨਤਾ ਬਖ਼ਸ਼ ਕੇ ਆਗਿਆ ਦੇ ਦਿੱਤੀ ਤੇ ਨਾਲ ਹੀ ਤਾਕੀਦ ਕੀਤੀ, "ਮਹਾਂਪੁਰਖਾਂ ਦੀ ਸੰਗਤ ਨਹੀਂ ਛੱਡਣੀ, ਕਰਦੇ ਰਹਿਣਾ।"



"ਸਤਿ ਬਚਨ" ਕਹਿ ਕੇ ਭਗਤ ਨੇ ਨਮਸਕਾਰ ਕੀਤੀ ਅਤੇ ਚੂਨੀਆਂ ਨੂੰ ਚਲਾ ਗਿਆ।

ਸੰਨ ੧੯੪੩ ਵਿਚ ਅੰਤ ਸਮੇਂ ਬਾਬਾ ਜੀ ਦੇਹਰਾਦੂਨ ਤੋਂ ਉਪਰ ਧੌਂਦੇ ਠਾਠ ਵਾਲੀ ਜਗ੍ਹਾ 'ਤੇ ਬਿਰਾਜਦੇ ਸਨ। ਨਰੈਣ ਭਗਤ ਉਥੇ ਦਰਸ਼ਨ ਕਰਨ ਗਿਆ। ਬਾਬਾ ਜੀ ਦਾ ਸ਼ੁਕਰਾਨਾ ਕਰਦਾ ਕਹਿਣ ਲੱਗਾ, "ਆਪ ਜੀ ਨੇ ਟਾਂਗਾ ਬਖ਼ਸ਼ਿਆ ਸੀ। ਹੁਣ ਆਪ ਜੀ ਦੀ ਕ੍ਰਿਪਾ ਨਾਲ ਬੱਚਿਆਂ ਨੇ ਬੱਸ ਲੈ ਲਈ ਹੈ।

ਬਾਬਾ ਜੀ ਨੇ ਬਚਨ ਕੀਤਾ, "ਹੁਣ ਬੱਸ ਵਿਚ ਬਿਠਾ ਕੇ ਸਾਰੇ ਪਰਿਵਾਰ ਨੂੰ ਲੈ ਆਵੀਂ। ਅਸੀਂ ਅੰਮ੍ਰਿਤ ਤਿਆਰ ਕਰਵਾਉਣਾ ਹੈ, ਤੂੰ ਛੱਕ ਕੇ ਸਾਰੇ ਪਰਿਵਾਰ ਸਮੇਤ, ਗੁਰੂ ਕੇ ਜਹਾਜ਼ 'ਤੇ ਚੜ੍ਹ ਕੇ ਪਾਰ ਹੋ ਜਾਓ।"

ਪੂਰਨਮਾਸ਼ੀ ਵਾਲੇ ਦਿਨ ਸਮੇਤ ਪਰਿਵਾਰ ਤੇ ਹੋਰ ਸੰਗੀਆਂ ਸ. ਨਰਿੰਦਰ ਸਿੰਘ ਪੁਲਿਸ ਕਪਤਾਨ ਤੇ ਪਰਿਵਾਰ, ਸ. ਭੰਗਾ ਸਿੰਘ ਤੇ ਪਰਿਵਾਰ ਅਤੇ ਹੋਰ ਕਈ ਸੱਜਣਾਂ ਸਮੇਤ ਨਰੈਣ ਭਗਤ ਬੱਸ ਲੈ ਕੇ ਆਇਆ। ਸਭ ਨੇ ਅੰਮ੍ਰਿਤਪਾਨ ਕੀਤਾ। ਅੰਮ੍ਰਿਤਪਾਨ ਕਰਕੇ ਸੰਗਤ ਬਾਬਾ ਜੀ ਪਾਸ ਠਾਠ ਵਿਚ ਪਹੁੰਚੀ ਤੇ ਅਰਦਾਸ ਕਰਨ ਉਪਰੰਤ ਹੁਕਮਨਾਮਾ ਲਿਆ :

**ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ ॥**

*(ਸੋਰਠਿ ਮ: ੩, ਅੰਗ ੬੩੮)*

ਬਾਬਾ ਅਨੰਦ ਸਿੰਘ ਜੀ ਦੇ ਸਮੇਂ ਤੋਂ ਅੰਮ੍ਰਿਤ ਛਕਾਉਣ ਦੀ ਮਰਯਾਦਾ ਇੱਥੇ ਚੱਲ ਰਹੀ ਹੈ। ਇਸ ਹੁਕਮਨਾਮੇ ਨੂੰ ਸੁਣ ਕੇ ਬਾਬਾ ਜੀ ਅਤਿਅੰਤ ਪ੍ਰਸੰਨ ਹੋਏ।

(ਇਹ ਪ੍ਰਸੰਗ ਸਾਰਾ ਸੰਤ ਬਾਬਾ ਖੇਮ ਸਿੰਘ ਜੀ ਮਹਾਰਾਜ ਪਾਸੋਂ ਸ੍ਰਵਣ ਕੀਤਾ ਹੈ)

## ਅਵਰਿ ਉਪਾਵ ਸਭਿ ਤਿਆਗਿਆ ਦਾਰੂ ਨਾਮੁ ਲਇਆ॥

ਪੰਜ ਤੱਤਾਂ ਦੀ ਜੜਤ ਦੇ ਤਿਆਰ ਸਰੀਰ ਵਿਚ ਕਦੇ ਕੋਈ ਵਿਘਨ ਪੈ ਜਾਂਦਾ ਹੈ। ਸਰੀਰ ਦੇ ਨਾਲ ਦੋ ਚੀਜ਼ਾਂ ਨੇ ਜਨਮ ਲਿਆ ਹੈ, ਸੁੱਖ ਅਤੇ ਦੁੱਖ। ਅਰੋਗ ਸਰੀਰ ਸਾਰੇ ਅਨੰਦ ਮਾਣਦਾ ਹੈ ਪਰ ਰੋਗੀ ਸਰੀਰ ਦੇ ਅੱਗੇ ਰੱਖੇ ਪਦਾਰਥ ਮਿੱਟੀ ਦੇ ਸਮਾਨ ਹਨ। ਦੁੱਖ ਤਿੰਨ ਪ੍ਰਕਾਰ ਦੇ ਹਨ:

੧. ਆਧਿ ੨. ਬਿਆਧਿ ੩. ਉਪਾਧਿ

੧. ਆਧਿ ਦੁੱਖ ਹੈ ਮਾਤਾ ਦੇ ਪੇਟ ਵਿਚ ਹੀ ਰੋਗ ਲੱਗ ਜਾਣਾ ਅਤੇ ਰੋਗ ਸਮੇਤ ਹੀ ਜਨਮ ਲੈਣਾ।

੨. ਬਿਆਧਿ: ਜਨਮ ਲੈਣ ਸਮੇਂ ਜਾਂ ਉਸ ਤੋਂ ਬਾਅਦ ਰੋਗ ਲੱਗਣਾ।

੩. ਉਪਾਧਿ: ਲੜਾਈ ਹੋ ਕੇ ਜਾਂ ਕਿਸੇ ਹੋਰ ਦੁਰਘਟਨਾ ਹੋਣ ਕਰਕੇ ਸਰੀਰ ਰੋਗੀ ਹੋ ਜਾਣਾ।

ਦੁੱਖ ਤਾਂ ਹੋਰ ਵੀ ਕਈ ਕਿਸਮ ਦੇ ਹਨ ਪਰ ਮੁੱਢ ਇਹ ਤਿੰਨ ਹੀ ਹਨ। ਡਾਕਟਰ, ਵੈਦ ਇਸ ਦਾ ਇਲਾਜ ਸਾਇੰਸ ਦੇ ਤਰੀਕੇ ਨਾਲ ਦੱਸਦੇ ਹਨ ਜਾਂ ਜੜੀਆਂ ਬੂਟੀਆਂ ਰਾਹੀਂ। ਪਰ ਪ੍ਰਮੇਸ਼ਰ ਦੇ ਪਿਆਰੇ ਮਹਾਂਪੁਰਖ ਆਖਦੇ ਹਨ।

**ਸਰਬ ਰੋਗ ਕਾ ਅਉਖਦੁ ਨਾਮੁ॥**

ਹੋਰ ਹੈ:

**ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ॥**

ਆਪ ਵਾਹਿਗੁਰੂ ਹੈ ਜਾਂ ਉਸ ਦੇ ਨਾਮ ਵਿਚ ਇਹ ਸ਼ਕਤੀ ਹੈ। ਬਾਬਾ ਜੀ ਦੀ ਹਜ਼ੂਰੀ ਵਿਚ ਜਿੰਨੇ ਵੀ ਸੇਵਕ ਸਨ ਸਭ ਨੂੰ ਇਹ ਹੁਕਮ ਸੀ ਕੋਈ ਵੀ ਬੀਮਾਰ ਹੋਵੇ ਦਵਾਈ ਨਹੀਂ ਲੈਣੀ। ਬੀਮਾਰ ਹੋਣ ਤੇ ਸੇਵਕ ਨੇ ਬੇਨਤੀ ਕਰਨੀ ਤਾਂ ਹੁਕਮ ਕਰਨਾ, "ਇਸ ਨੂੰ ਜਪੁਜੀ ਸਾਹਿਬ ਜਾਂ ਸੁਖਮਨੀ ਸਾਹਿਬ ਦਾ ਪਾਠ ਸੁਣਾਉ।" ਜਿੰਨੇ ਵੀ ਪਾਠ ਸੁਣਾਉਣ ਦਾ ਹੁਕਮ ਹੁੰਦਾ ਉਸ ਸਮੇਂ



ਤੱਕ ਉਸ ਦਾ ਸਰੀਰ ਤੰਦਰੁਸਤ ਹੋ ਜਾਂਦਾ। ਕਈ ਵਾਰੀ ਭਾਈ ਡਰੌਲੀ ਜੀ ਨੇ ਪਰਿਵਾਰ ਸਮੇਤ ਬੀਮਾਰ ਹੋ ਜਾਣਾ ਤਾਂ ਜਪੁਜੀ ਸਾਹਿਬ ਦੇ ਪਾਠ ਸੁਣਾ ਕੇ ਅਰੋਗ ਕਰ ਦੇਣਾ। ਇਹਨਾਂ ਬਾਰੇ ਪ੍ਰਸੰਗ ਅੱਗੇ ਆਉਣਗੇ।

ਮਹਾਰਾਜ ਭੁਪਿੰਦਰ ਸਿੰਘ ਦੀ ਰਾਣੀ ਦਲੀਪ ਕੌਰ ਕਈ ਵੇਰ ਦਰਸ਼ਨ ਕਰਨ ਆਉਂਦੀ। ਉਸ ਨੇ ਆਪਣੇ ਕਸ਼ਟਾ ਬਾਰੇ ਕਈ ਵਾਰ ਬੇਨਤੀ ਕਰਨੀ ਤਾਂ ਹਜ਼ੂਰ ਨੇ ਬਚਨ ਕਰਨੇ, "ਕਿ ਬੀਬੀ ਸਹਿਜ ਪਾਠ ਕਰਾਓ।"

ਰਾਣੀ ਨੇ ਬੇਨਤੀ ਕੀਤੀ, "ਮਹਾਰਾਜ! ਕੋਈ ਚੰਗਾ ਪਾਠੀ ਦਿਓ।"

"ਸਾਡੇ ਕੋਲ ਤਾਂ ਵਰਿਆਮ ਸਿੰਘ ਪਾਠੀ ਹੈ। ਉਸ ਨੂੰ ਪੁੱਛ ਲੈਂਦੇ ਹਾਂ।" ਹਜ਼ੂਰ ਨੇ ਉੱਤਰ ਦਿੱਤਾ।

ਸੇਵਕ ਭੇਜ ਕੇ ਪਾਠੀ ਵਰਿਆਮ ਸਿੰਘ ਨੂੰ ਸੱਦਿਆ ਗਿਆ। ਪਰ ਉਸ ਨੇ ਪਟਿਆਲੇ ਜਾਣ ਤੋਂ ਆਪਣੀ ਮਜ਼ਬੂਰੀ ਜ਼ਾਹਰ ਕੀਤੀ। ਮਹਾਰਾਣੀ ਨੇ ਹੁਕਮ ਅਨੁਸਾਰ ਉਸਦੇ ਘਰ ਹੀ ਪਾਠ ਕਰਵਾ ਲੈਣ ਲਈ ਆਗਿਆ ਲੈ ਲਈ। ਇਸ ਤਰ੍ਹਾਂ ਵਰਿਆਮ ਸਿੰਘ ਮਹਾਰਾਣੀ ਤਰਫ਼ੋਂ ਕਈ ਸਾਲ ਘਰ ਹੀ ਪਾਠ ਕਰਦਾ ਰਿਹਾ। ਸੇਵਾ ਰਾਜ ਪਰਿਵਾਰ ਵੱਲੋਂ ਹੁੰਦੀ ਰਹਿੰਦੀ ਸੀ। ਕਈ ਵੇਰ ਰਾਜੇ ਭੁਪਿੰਦਰ ਸਿੰਘ ਨੇ ਆਪਣਾ ਗ੍ਰੰਥੀ ਭੁੱਚੋ ਪਤਾ ਕਰਨ ਭੇਜਣਾ ਕਿ ਪਾਠ ਹੋ ਰਹੇ ਹਨ ਕਿ ਨਹੀਂ। ਇਸ ਬਾਰੇ ਪ੍ਰਸੰਗ ਅੱਗੇ ਆਵੇਗਾ।

(ਇਹ ਬਚਨ ਜੋਗਿੰਦਰ ਸਿੰਘ ਢਿੱਲੋਂ ਪਾਸੋਂ ਮਿਲਿਆ।)

## ਦਰਸਨੁ ਦੇਖਿ ਜੀਵਾ ਗੁਰ ਤੇਰਾ॥

ਜਿਸ ਪ੍ਰਮੇਸ਼ਰ ਰੂਪ ਮਹਾਂਪੁਰਖ ਕੋਲ ਬੈਠਣ ਨਾਲ ਮਨ ਨੂੰ ਸ਼ਾਂਤੀ ਮਿਲਦੀ ਹੈ ਉਸ ਦੇ ਬੋਲਾਂ ਵਿਚ ਮਨ ਦੀ ਗਹਿਰਾਈ ਦੇ ਰਬਾਬ ਦੀਆਂ ਤਾਰਾਂ ਛੇੜਨ ਦੀ ਸਮਰੱਥਾ ਹੁੰਦੀ ਹੈ। ਉਨ੍ਹਾਂ ਵਿਚ ਮਨ ਦੇ ਗਹਿਰੇ ਡੂੰਘੇ ਸਮੁੰਦਰ ਵਿਚੋਂ ਮੋਤੀ, ਕਲਜੁਗੀ ਮੱਛੀ ਤੋਂ ਬਚਾ ਕੇ ਕੱਢ ਲੈਣ ਦੀ ਤਾਕਤ ਹੁੰਦੀ ਹੈ। ਉਨਾਂ ਦੇ ਦਰਸ਼ਨ ਕਰਨ ਨਾਲ ਮਨੁੱਖੀ ਜ਼ਿੰਦਗੀ ਨੂੰ ਸੰਸਾਰ ਵਿਚ ਆਉਣ ਦੇ ਅਸਲੀ ਮਕਸਦ ਦਾ ਅਹਿਸਾਸ ਹੁੰਦਾ ਹੈ। ਬਾਵਨ ਚੰਦਨ ਸਾਰੀ ਬਨਾਸਪਤੀ ਨੂੰ ਚੰਦਨ

ਕਰਦਾ ਹੈ ਪਰ ਉਸ ਦੇ ਨੇੜੇ ਖੜੇ ਬਾਂਸ ਵਿਚ ਸੁਗੰਧੀ ਨਹੀਂ ਪੈ ਸਕਦੀ। ਗੁਰਮੁਖ ਦੇ ਮਨ ਦੀ ਅਵਸਥਾ ਤਾਂ ਇਹ ਹੈ "ਦਰਸਨੁ ਦੇਖ ਜੀਵਾਂ ਗੁਰ ਤੇਰਾ"। ਉਸ ਦਾ ਜੀਉਣ ਤਾਂ ਗੁਰੂ ਦੇ ਦਰਸ਼ਨਾਂ ਦੇ ਆਸਰੇ ਹੈ। ਪਰ ਮਨਮੁੱਖ ਦੀ ਦਸ਼ਾ ਤਾਂ ਉਸ ਉਲੂ ਵਰਗੀ ਹੈ ਜੋ ਸੂਰਜ ਵਿਚ ਵੀ ਮਨ ਤਨ ਦਾ ਅੰਨਾ ਹੈ। ਸੱਚੇ ਨਿਹੁ ਵਾਲੇ ਦੇ ਹਿਰਦੇ ਤਾਂ ਅਵੱਲੜੀ ਜਿਹੀ ਕਸ਼ਿਸ਼ ਸਤਿਗੁਰੂ ਦੇ ਦਰਸ਼ਨ ਲਈ ਰਹਿੰਦੀ ਹੈ। ਇਹੀ ਖਿੱਚ ਦਰਸਾਉਂਦੀ ਹੈ ਇਹ ਸਾਖੀ।

ਇਕ ਵਾਰੀ ਬਾਬਾ ਅਨੰਦ ਸਿੰਘ ਮਹਾਰਾਜ ਹਜ਼ੂਰ ਬਾਬਾ ਜੀ ਭੁੱਚੋ ਵਾਲਿਆਂ ਦੇ ਦਰਸ਼ਨ ਕਰਨ ਭੁੱਚੋ ਕਲਾਂ ਆਏ। ਕੁਝ ਸਾਧੂ ਪਹਿਲਾਂ ਹੀ ਬੇਨਤੀ ਕਰ ਰਹੇ ਸਨ ਦਰਸ਼ਨ ਕਰਨ ਲਈ। ਇਕੱਠੀ ਹੀ ਆਗਿਆ ਮਿਲੀ ਤੇ ਅੰਦਰ ਲੰਘ ਆਏ। ਬਾਬਾ ਜੀ ਬਹੁਤ ਪ੍ਰਸੰਨ ਹੋਏ ਤੇ ਸੁੱਖ ਸਾਂਦ ਬਾਰੇ ਪੁੱਛਿਆ। ਹੋਰ ਵੀ ਖੁਸ਼ੀ ਦੇ ਬਚਨ ਕੀਤੇ। ਦੂਸਰੇ ਮਹਾਤਮਾ ਪਹਿਰਾਵਾ ਦੇਖ ਕੇ ਹੈਰਾਨ ਸਨ ਕਿ ਕਿੱਥੇ ਬਾਬਾ ਅਨੰਦ ਸਿੰਘ ਅਤੇ ਕਿੱਥੇ ਬਾਬਾ ਜੀ ਮਹਾਰਾਜ। ਕਿੰਨਾ ਅੰਤਰ ਹੈ ਫਿਰ ਵੀ ਇਹ ਚਰਨੀਂ ਹੱਥ ਲਾ ਰਹੇ ਹਨ। ਉਨ੍ਹਾਂ ਦੀ ਹੈਰਾਨੀ ਦੂਰ ਕਰਨ ਲਈ ਹਜ਼ੂਰ ਬਾਬਾ ਜੀ ਮਹਾਰਾਜ ਨੇ ਬਚਨ ਕੀਤੇ, "ਸੰਤ ਜਨੋ ! ਤੁਸੀਂ ਵਿੱਦਿਆ ਅਭਿਆਸ ਕਿੰਨੇ ਬਰਸ ਕੀਤਾ ਹੈ ?"

ਸਭ ਨੇ ਆਪੋ-ਆਪਣਾ ਸਮਾਂ ਦੱਸਿਆ। ਕਿਸੇ ਦਾ ਦਸ ਸਾਲ ਕਿਸੇ ਦਾ ਪੰਜ ਸਾਲ, ਕਿਸੇ ਦਾ ਅੱਠ ਸਾਲ। ਮੁਨਸ਼ੀ ਜੀ ਨੂੰ ਹੁਕਮ ਕੀਤਾ, "ਸਭ ਦਾ ਜੋੜ ਕਰਕੇ ਦੱਸੋ।"

ਮੁਨਸ਼ੀ ਜੀ ਨੇ ਜੋੜ ਦੱਸਿਆ, "ਤੀਹ ਸਾਲ ਬਣਦੇ ਹਨ।" "ਸੰਸੇ ਤੁਹਾਡੇ ਫਿਰ ਵੀ ਨਵ੍ਰਿਤ ਨਹੀਂ ਹੋਏ ?" ਬਚਨ ਹੋਇਆ।

**ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ॥**
**ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ॥**

*(ਗਉੜੀ ੩੪੬)*

ਬਾਬਾ ਅਨੰਦ ਸਿੰਘ ਜੀ ਨੂੰ ਕੁਝ ਬਚਨ ਪੁੱਛੇ। ਬਾਬਾ ਜੀ ਨੇ ਉੱਤਰ ਦਿੱਤੇ। ਇਹ ਬਚਨ ਉਨ੍ਹਾਂ ਬੈਠੇ ਸਾਧੂਆਂ ਨਾਲ ਸੰਬੰਧ ਰੱਖਦੇ ਸਨ। ਬਾਬਾ ਜੀ ਮਹਾਂ ਹਰਿਨਾਮ ਸਿੰਘ ਜੀ ਦੇ ਪ੍ਰਸ਼ਨ ਅਤੇ ਬਾਬਾ ਅਨੰਦ ਸਿੰਘ ਜੀ ਦੇ ਉੱਤਰ ਸਾਧੂਆਂ ਨੂੰ ਅਸਚਰਜ ਕਰ ਰਹੇ ਸਨ। ਭੁੱਚੋ ਵਾਲਿਆਂ ਨੇ ਸਾਧੂਆਂ ਵੱਲ



ਤੱਕਿਆ ਅਤੇ ਹੱਸ ਕੇ ਬਚਨ ਕੀਤਾ, "ਕਿਉਂ ਸੰਤ ਜੀ, ਤੁਹਾਡੇ ਸਾਰਿਆਂ ਦੇ ਸੰਸੇ ਮਿਟ ਗਏ ਹਨ ?"

ਉਨ੍ਹਾਂ ਨੇ ਝੁਕ ਕੇ ਨਮਸਕਾਰ ਕੀਤੇ ਤੇ ਬੋਲੇ 'ਜੀ ਹਾਂ ਮਹਾਰਾਜ'। ਫਿਰ ਹੁਕਮ ਹੋਇਆ, "ਲੰਗਰ ਤਿਆਰ ਹੈ, ਭੋਜਨ ਛੱਕੋ।"

ਲੰਗਰ ਵਿਚ ਗਏ ਤਾਂ ਮੂੰਗੀ ਦੀ ਦਾਲ ਤੇ ਅਨਚੋਪੜੇ ਪਰਸ਼ਾਦੇ ਦੇਖ ਕੇ ਉਦਾਸ ਜਿਹੇ ਹੋਏ। ਥੋੜਾ ਜਿਹਾ ਭੋਜਨ ਮੰਗਿਆ ਪਰ ਜਦ ਛਕਿਆ ਐਸਾ ਅਨੰਦ ਆਇਆ, ਵਾਰੀ ਵਾਰੀ ਮੰਗੀ ਜਾਣ ਜਿਵੇਂ ਕਈ ਦਿਨਾਂ ਦੇ ਭੁੱਖੇ ਹੁੰਦੇ ਹਨ।

ਲੇਖਕ ਦੇ ਪਿਤਾ ਭਾਈ ਡਰੌਲੀ ਜੀ ਦੱਸਦੇ ਸਨ। ਬਾਬਾ ਜੀ ਨੇ ਫਿਰ ਬੇਨਤੀ ਕੀਤੀ, "ਗਰੀਬ ਨਿਵਾਜ ! ਮੈਨੂੰ ਹਜ਼ੂਰੀ ਸੇਵਾ ਬਖਸ਼ੋ। ਮੇਰੇ ਚਿੱਤ ਵਿਚ ਚਾਅ ਹੈ ਕਿ ਮੈਂ ਆਪ ਜੀ ਦੇ ਚਰਨਾਂ ਵਿਚ ਰਹਾਂ ਅਤੇ ਸੇਵਾ ਵੀ ਕਰਾਂ।"

ਭੁੱਚੋ ਵਾਲਿਆਂ ਬਚਨ ਕੀਤਾ, "ਕੌਣ ਕਹਿੰਦਾ ਹੈ ਕਿ ਤੁਸੀਂ ਸਾਥੋਂ ਦੂਰ ਹੋ ? ਅਸੀਂ ਆਪ ਤੁਹਾਡੇ ਨੇੜੇ, ਤੁਸੀਂ ਸਾਡੇ ਨੇੜੇ ਤੋਂ ਵੀ ਨੇੜੇ ਹੋ।"

ਬਾਬਾ ਅਨੰਦ ਸਿੰਘ ਜੀ ਨੇ ਫੇਰ ਬੇਨਤੀ ਕੀਤੀ, "ਤੁਹਾਡੇ ਹਰ ਸਮੇਂ ਦਰਸ਼ਨ ਹੁੰਦੇ ਰਹਿਣ। ਆਪ ਜੀ ਦੇ ਸੁੰਦਰ ਸਰੀਰ ਦੀ ਭੱਜ ਭੱਜ ਇਨ੍ਹਾਂ ਹੱਥਾਂ ਨਾਲ ਸੇਵਾ ਕਰਾਂ ਤਾਂ ਕਿ ਹੱਥ ਪੈਰ ਵੀ ਸਫ਼ਲ ਹੋ ਜਾਣ।"

"ਰਿਖੀ ਜੀ ! ਤੁਹਾਡੇ ਅੰਦਰ ਹੀ ਸਭ ਕੁਝ ਹੈ। ਤੁਸੀਂ ਸਭ ਕੁਝ ਕਰ ਲਿਆ ਹੈ। ਤੁਸੀਂ ਸਭ ਕੁਝ ਹੋ, ਸਭ ਤੋਂ ਉਪਰ ਹੋ।"

**ਚਰਨ ਭਜੇ ਪਾਰਬ੍ਰਹਮ ਕੇ ਸਭਿ ਜਪ ਤਪ ਤਿਨ ਹੀ ਕੀਤਿ॥**

*(ਸ੍ਰੀ ਰਾਗ ਮਹਲਾ ੫ ਅੰਗ ੪੮)*

ਗਿਆਨ, ਧਿਆਨ, ਜੋਗ, ਜੁਗਤ, ਮੁਕਤ, ਭੁਗਤ ਸਭ ਤੋਂ ਉਪਰ ਹੋ।

ਇਸ ਤਰ੍ਹਾਂ ਸਭ ਤਰ੍ਹਾਂ ਦੀ ਪ੍ਰਸੰਨਤਾ ਬਖ਼ਸ਼ ਕੇ ਲਹਿਰੇਖਾਨੇ ਵੱਲ ਤੋਰ ਦਿੱਤੇ ਅਤੇ ਇਕ ਅਖੰਡ ਪਾਠ ਕਰਾਉਣ ਦੀ ਤਾਕੀਦ ਕੀਤੀ।

(ਇਹ ਬਚਨ ਭਾਈ ਡਰੌਲੀ ਜੀ ਤੋਂ ਮਿਲਿਆ।)

# ਏ ਮਨ ਆਲਸੁ ਕਿਆ ਕਰਹਿ
# ਗੁਰਮੁਖਿ ਨਾਮੁ ਧਿਆਇ ॥

ਪੂਰਨ ਸਰਬ ਸ਼ਕਤੀ ਦੇ ਮਾਲਕ ਮਹਾਂਪੁਰਖਾਂ ਵੱਲੋਂ ਹਰ ਨਵੇਂ ਢੰਗ ਨਾਲ ਸੇਵਾ ਲੈਣ ਵਿਚ, ਕਿਸੇ ਵੀ ਕੋਈ ਇਨਸਾਨ ਦੇ ਭਲੇ ਦੀ ਗੱਲ ਹੈ। ਸੇਵਕ ਵੱਲੋਂ ਕਿੰਤੂ ਕਰਨਾ ਹਨੇਰੀ ਨੂੰ ਠੱਲ੍ਹ ਪਾਉਣ ਵਾਲੇ ਦਰਖ਼ਤ ਸਮਾਨ ਹੈ ਜੋ ਜੜ੍ਹਾਂ ਵੀ ਪੁੱਟਾ ਲੈਂਦਾ ਹੈ। ਤਤ-ਪਰਤਾ ਸੇਵਕ ਦੀ ਅਸਲੀ ਸੇਵਾ ਦਾ ਪਹਿਲਾ ਪੜਾਅ ਹੈ। ਸੇਵਾ ਕਰਨ ਸਮੇਂ, ਨਾਮ ਸਿਮਰਨ ਸਮੇਂ ਤਿਆਰ-ਬਰ-ਤਿਆਰ ਰਹਿਣਾ ਅਤੀ ਜ਼ਰੂਰੀ ਹੈ। ਗੁਰੂ ਵਾਕ ਹੈ :

**ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥ ਸਾਵਧਾਨ ਏਕਾਗਰ ਚੀਤ ॥**

ਸਾਵਧਾਨ ਹੋਏ ਬਿਨਾਂ ਇਕਾਗਰਤਾ ਨਹੀਂ ਆ ਸਕਦੀ। ਬਾਬਾ ਜੀ ਦੇ ਸਮੇਂ ਪਾਣੀ ਦੀ ਬਹੁਤ ਘਾਟ ਸੀ। ਡੇਰੇ ਵਿਚ ਪਾਣੀ ਦਾ ਕੋਈ ਪ੍ਰਬੰਧ ਨਹੀਂ ਸੀ। ਡੇਰੇ ਸਾਹਮਣੇ ਇਕ ਮੰਦਰ ਹੈ। ਉਸ ਵਿਚਲੀ ਖੂਹੀ ਤੋਂ ਪਾਣੀ ਲਿਆਂਦਾ ਜਾਂਦਾ ਸੀ। ਭਾਈ ਨੀਲਾ ਸਿੰਘ ਪਾਣੀ ਭਰਨ ਵਾਲਾ ਬੋਕਾ (ਡੋਲ) ਖਿੱਚਦਾ ਸੀ ਅਤੇ ਬਾਕੀ ਸੰਗਤ ਪਾਣੀ ਘੜਿਆਂ ਜਾਂ ਬਾਲਟੀਆਂ ਨਾਲ ਢੋਂਹਦੀ ਹੁੰਦੀ ਸੀ। ਡੇਰੇ ਵਿਚ ਕਾਫ਼ੀ ਵੱਡੇ-ਵੱਡੇ ਮੱਟ ਭਰਦੇ ਹੁੰਦੇ ਸਨ। ਬਾਬਾ ਜੀ ਜਦ ਇਸ਼ਨਾਨ ਕਰਦੇ ਤਾਂ ਵੀ ਕਾਫ਼ੀ ਪਾਣੀ ਵਰਤਦੇ ਸਨ। ਇਕ ਵਾਰੀ ਸੰਗਤਾਂ ਨੇ ਵਿਚਾਰ ਕੀਤੀ ਕਿ ਬਾਬਾ ਜੀ ਕੋਲ ਕਾਫੀ ਅਮੀਰ ਲੋਕ ਆਉਂਦੇ ਹਨ। ਆਪਾਂ ਬੇਨਤੀ ਕਰਕੇ ਡੇਰੇ ਵਿਚ ਹੀ ਖੂਹੀ ਲਗਵਾ ਲਈਏ। ਕਈ ਅਮੀਰ ਆਦਮੀ ਸੇਵਾ ਮੰਗਦੇ ਹਨ। ਘੱਟ ਸੇਵਕਾਂ ਨਾਲ ਵੱਧ ਪਾਣੀ ਕੱਢ ਲਿਆ ਕਰਾਂਗੇ। ਇਹ ਵਿਚਾਰ ਕਰਕੇ ਬਾਬਾ ਜੀ ਪਾਸ ਬੇਨਤੀ ਕਰ ਦਿੱਤੀ, "ਮਹਾਰਾਜ ! ਆਗਿਆ ਦੇਵੋ ਤਾਂ ਕਿਸੇ ਅਮੀਰ ਆਦਮੀ ਨੂੰ ਕਹਿ ਕੇ ਡੇਰੇ ਵਿਚ ਖੂਹੀ ਲੱਗ ਜਾਵੇ। ਖੂਹੀ ਮੰਦਰ ਵਾਲੀ ਦੂਰ ਪੈਂਦੀ ਹੈ।"

ਬੇਨਤੀ ਸੁਨਣ ਉਪਰੰਤ ਹਜ਼ੂਰ ਨੇ ਹੁਕਮ ਕੀਤਾ, "ਪਾਣੀ ਵਿਚਕਾਰਲੇ



ਖੂਹ ਤੋਂ ਲਿਆਂਦਾ ਜਾਵੇ। ਇਹ ਖੂਹੀ ਨੇੜੇ ਹੈ।"

ਹੁਕਮ ਅਨੁਸਾਰ ਪਾਣੀ ਵਿਚਕਾਰਲੇ ਖੂਹ ਤੋਂ ਆਉਣ ਲੱਗ ਪਿਆ। ਫਿਰ ਸੇਵਕਾਂ ਨੇ ਬੇਨਤੀ ਕਰਨ ਦੀ ਖੇਚਲ ਨਹੀਂ ਕੀਤੀ। ਡਰ ਗਏ ਕਿਉਂਕਿ ਜੇ ਫਿਰ ਬੇਨਤੀ ਕੀਤੀ ਤਾਂ ਕਿਧਰੇ ਬੇਗੇ ਲਹਿਰੇ ਪਿੰਡ ਤੋਂ ਪਾਣੀ ਲਿਆਉਣ ਦਾ ਹੁਕਮ ਨਾ ਲਾ ਦੇਣ।

(ਇਹ ਪ੍ਰਸੰਗ ਸੰਤ ਬਾਬਾ ਖੇਮ ਸਿੰਘ ਜੀ ਡੇਰਾ ਰੂਮੀ ਵਾਲਾ ਭੁੱਚੋ ਕਲਾਂ ਦੇ ਮੁਖਾਰਬਿੰਦ ਤੋਂ ਪ੍ਰਾਪਤ ਹੋਇਆ।)

## ੨੧.

ਭੁੱਚੋ ਖੁਰਦ ਦੇ ਰਹਿਣ ਵਾਲਾ ਗੰਗਾ ਸਿੰਘ ਭਲੇਰੀਆ ਦੇ ਘਰ ਤਿੰਨ ਲੜਕੇ ਹੋ ਕੇ ਗੁਜ਼ਰ ਗਏ ਸਨ। ਅੱਗੇ ਔਲਾਦ ਦੀ ਆਸ ਉਮੀਦ ਛੱਡ ਦਿੱਤੀ। ਇਕ ਦਿਨ ਦੋਨੋਂ ਗੰਗਾ ਸਿੰਘ ਭਲੇਰੀਆ ਤੇ ਉਸਦੀ ਪਤਨੀ ਹਜ਼ੂਰ ਪਾਸ ਆਏ। ਨਮਸਕਾਰ ਕੀਤੀ ਅਤੇ ਬੈਠ ਗਏ। ਬਾਬਾ ਜੀ ਪ੍ਰਸੰਨਤਾ ਵਿਚ ਬੈਠੇ ਸਨ ਤਾਂ ਉੱਚੀ ਆਵਾਜ਼ ਵਿਚ ਕਹਿਣ ਲੱਗੇ, "ਦੱਸੋ ਕਿਵੇਂ ਆਏ ? ਦਰਸ਼ਨਾਂ ਲਈ ਆਏ ਕੇ ਕੋਈ ਪ੍ਰਸ਼ਨ ਵੀ ਹੈ ?" ਅੰਤਰਜਾਮੀ ਸਭ ਕੁਝ ਜਾਣਦੇ ਵੀ ਅਣਜਾਣ ਬਣ ਜਾਂਦੇ ਸਨ। ਗੰਗਾ ਸਿੰਘ ਤਾਂ ਚੁੱਪ ਰਿਹਾ। ਮਾਈ ਨੇ ਕਿਹਾ, "ਮਹਾਰਾਜ ! ਸਾਡੇ ਤਿੰਨ ਲੜਕੇ ਹੋਏ ਸਨ ਜੋ ਵਿਛੋੜਾ ਦੇ ਗਏ। ਹੁਣ ਬੇਆਸ ਹੋ ਗਏ ਹਾਂ। ਜੇ ਆਪ ਮੇਹਰ ਕਰੋ ਤਾਂ ਸੁੱਕੇ ਬ੍ਰਿਛ ਵੀ ਹਰੇ ਹੋ ਸਕਦੇ ਹਨ। ਬੱਚੇ ਦੀ ਦਾਤ ਬਖ਼ਸ਼ ਦਿਓ। ਆਪ ਸਭ ਦੇ ਦੁੱਖ ਨਿਵਾਰਣ ਵਾਲੇ ਸਰਬ ਸ਼ਕਤੀਮਾਨ ਹੋ।

**ਗੰਗਾ ਸਿੰਘ ਦੀ ਬੇਨਤੀ ਸੁਣ ਕਰਕੇ**
**ਆਪ ਹੋਇ ਪ੍ਰਸੰਨ ਇਕ ਵੇਰ ਦੇ ਨਾਲ।**
**ਕੁਛ ਚਿਰ ਧਰੋ ਧੀਰਜ ਬੈਠੋ ਘਰ ਜਾ ਕੇ**
**ਪੁੱਤਰ ਹੋਵੇ ਦੋ ਸਾਲ ਦੀ ਦੇਰ ਦੇ ਨਾਲ।**

ਆਪ ਜੀ ਨੇ ਹੁਕਮ ਕੀਤਾ, "ਕਿ ਤਿੰਨ ਦਿਨ ਬਾਦ ਨੱਕ ਬਿੰਨ ਦੇਣਾ ਹੈ।" ਸੋ ਹੁਕਮ ਅਨੁਸਾਰ ਦੋ ਸਾਲ ਬਾਦ ਪੁੱਤਰ ਹੋਇਆ। ਜਨਮ ਤੋਂ ਤਿੰਨ ਦਿਨ ਬਾਦ ਹੁਕਮ ਅਨੁਸਾਰ ਨੱਕ ਬਿੰਨ ਦਿੱਤਾ। ਉਸ ਦਾ ਨਾਮ ਰੱਖਿਆ ਨੱਥੂ ਸਿੰਘ। ਉਸ ਤੋਂ ਬਾਅਦ ਹੋਰ ਬੱਚੇ ਹੋਏ। ਨੱਥੂ ਸਿੰਘ ਇਹ ਬਚਨ ਲਿਖਣ ਤੱਕ ਮੌਜੂਦ ਹੈ।

(ਇਹ ਬਚਨ ਲਛਮਨ ਸਿੰਘ ਭਲੇਰੀਆਂ ਤੋਂ ਮਿਲਿਆ।)

## ਹਰਿ ਆਰਾਧਿ ਸਭੋ ਕਿਛੁ ਪਾਈਐ
## ਕਾਰਜ ਸਗਲੇ ਸਾਧਹੁ ॥

ਹਰੀ ਦਾ ਨਾਮ ਸਿਮਰਨ ਨਾਲ ਹਰ ਪਦਾਰਥ, ਖੁਸ਼ੀਆਂ ਪਾਈਆਂ ਗਈਆਂ ਹਨ। ਸਾਰੇ ਕੰਮ ਆਪਣੇ ਆਪ ਸ਼ੁੱਧ ਹੋ ਜਾਂਦੇ ਹਨ। ਮਨੁੱਖੀ ਸਰੀਰ ਵਿਚ ਪ੍ਰਵੇਸ਼ ਹੋ ਕੇ ਪ੍ਰਮੇਸ਼ਰ ਆਪ ਜਗਤ ਤਮਾਸ਼ਾ ਦੇਖਣ ਆਉਂਦਾ ਹੈ। ਉਸ ਦੀ ਮੇਹਰ ਕੁੱਲੀਆ ਨੂੰ ਮਹਿਲ ਤੇ ਕਰੋਪੀ ਕੰਗਾਲੀ ਪੱਲੇ ਪਾ ਦਿੰਦੀ ਹੈ। ਰਹਿਮਤ ਦੀ ਨਦਰਿ ਮਸਤਕ ਦੀਆਂ ਲਕੀਰਾਂ ਬਦਲ ਦਿੰਦੀ ਹੈ। ਬੂਟੇ ਨੂੰ ਦਿੱਤਾ ਪਾਣੀ ਮਿੱਠੇ ਫਲ ਦੇਂਦਾ ਹੈ। ਹਰੀ ਦੀ ਅਰਾਧਨਾ ਨਾਲ, ਨਿਮਰਤਾ, ਸਹਿਨਸ਼ੀਲਤਾ ਤੇ ਸ਼ਾਂਤੀ ਦੇ ਫਲ ਲੱਗਦੇ ਹਨ।

ਭੁੱਚੋ ਕਲਾਂ ਪੱਤੀ ਗਿੱਲ ਦੀ ਰਹਿਣ ਵਾਲੀ ਮਾਈ ਭਾਗ ਕੌਰ (ਭਾਗੋ) ਸੇਵਾ ਕਰਿਆ ਕਰਦੀ ਸੀ। ਮਾਈ ਦੇ ਪੇਕੇ ਉਭੇ ਪਿੰਡ ਸੀ। ਵੱਡੀ ਬੀਮਾਰੀ ਪੈਣ ਸਮੇਂ ਮਾਈ ਦਾ ਪੇਕੇ ਪਰਿਵਾਰ ਜੋ ਕਾਫੀ ਵੱਡਾ ਸੀ। ਘੁਣ ਵਾਗ ਖੁਰ ਗਿਆ। ਸਿਰਫ਼ ਤਿੰਨ ਮੈਂਬਰ ਹੀ ਰਹਿ ਗਏ। ਮਾਈ ਦੇ ਦੋ ਭਤੀਜੇ ਗੱਜਣ ਸਿੰਘ, ਗੰਡਾ ਸਿੰਘ ਅਤੇ ਇਕ ਭਤੀਜੇ ਨੂੰਹ ਰਤਨ ਕੌਰ ਬਚੇ ਸਨ। ਰਤਨ ਕੌਰ ਨੇ ਗੰਡਾ ਸਿੰਘ ਨੂੰ ਅਪਣਾ ਲਿਆ (ਇਸ 'ਤੇ ਚਾਦਰ ਪਾ ਲਈ)। ਮਾਈ ਨੂੰ ਮਿਲਣ ਜੁਲਣ ਲਈ ਗੰਡਾ ਸਿੰਘ ਅਤੇ ਰਤਨ ਕੌਰ ਆ ਗਏ। ਪ੍ਰਵਾਰ ਦਾ ਦੁੱਖ ਸੁੱਖ ਕੀਤਾ। ਮਾਈ ਸਤਿਸੰਗ ਕਰਨ ਵਾਲੀ ਸੀ। ਸਤਿਸੰਗੀ ਸੰਗਤ ਵੱਲ ਮਨ ਨੂੰ ਲਾਏਗਾ, ਦੁਨਿਆਵੀ ਬੰਦਾ ਹੋਰ ਪਾਸੇ ਲਾਏਗਾ। ਬਾਬਾ ਜੀ



ਦੇ ਦਰਸ਼ਨਾਂ ਲਈ ਮਾਈ ਨੇ ਗੰਡਾ ਸਿੰਘ ਤੇ ਰਤਨ ਕੌਰ ਨੂੰ ਪ੍ਰੇਰਿਆ। ਜਿਵੇਂ ਬਾਣੀ ਵਿਚ ਫੁਰਮਾਨ ਹੈ ਉਸੇ ਤਰ੍ਹਾਂ ਮਾਈ ਨੇ ਆ ਕੇ ਭਰੇ ਮਨ ਨਾਲ ਬੇਨਤੀ ਕੀਤੀ :

**ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ ॥**

ਮਾਈ ਨੇ ਗੰਡਾ ਸਿੰਘ ਦੇ ਘਰ ਔਲਾਦ ਦੀ ਕਾਮਨਾ ਕੀਤੀ। ਗਰੀਬ ਨਿਵਾਜ ਕ੍ਰਿਪਾ ਕਰੋ।

**ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥**

ਬਾਬਾ ਜੀ ਨੇ ਬਚਨ ਕੀਤਾ, "ਮਾਈ ਆਪਣੀ ਕਮਾਈ ਕੋਈ ਨਹੀਂ ਵੰਡਦਾ। ਆਪ ਕਰੇ ਤੇ ਉਸ ਦਾ ਫਲ ਜੋ ਚਿਤਵੇ ਲੈ ਲਵੇ।"

**ਆਪੇ ਬੀਜਿ ਆਪੇ ਹੀ ਖਾਹੁ ॥**

"ਜੇ ਛੇਤੀ ਚਾਹੁੰਦੀ ਹੈਂ ਤਾਂ ਆਪਣੀ ਕਮਾਈ ਵਿਚੋਂ ਦੇ ਦੇ।"

ਮਾਈ ਨੇ ਬੇਨਤੀ ਕੀਤੀ, "ਮਹਾਰਾਜ ਜੀ! ਮੇਰੀ ਕਮਾਈ ਵਿਚੋਂ ਦੇ ਦਿਓ। ਇਨ੍ਹਾਂ ਦੇ ਔਲਾਦ ਹੋ ਜਾਵੇ। ਮੇਰੀ ਸੇਵਾ ਲਾ ਦਿਓ ਜਾਂ ਆਪਣੇ ਕੋਲੋਂ ਦਿਓ। ਤੁਸੀਂ ਆਪ ਮਾਲਕ ਹੋ।"

ਬਾਬਾ ਜੀ ਨੇ ਬਚਨ ਕੀਤਾ, "ਸ਼ੁੱਧ ਹੈ। ਇਸ ਤਰ੍ਹਾਂ ਕਰੋ ਗੱਡੀ ਮੋੜ ਕੇ ਸਾਡੇ ਗ੍ਰੰਥੀ ਭਾਈ ਵਰਿਆਮ ਸਿੰਘ ਤੇ ਮਾਈ ਨੂੰ ਲੈ ਜਾਉ। ਇਨ੍ਹਾਂ ਦੀ ਸੇਵਾ ਕਰਨੀ ਹੈ। ਗੁਰੂ ਨਾਨਕ ਪਾਤਸ਼ਾਹ ਭਲੀ ਕਰਨਗੇ।

ਬਾਬਾ ਜੀ ਦੇ ਹੁਕਮ ਅਨੁਸਾਰ ਪਾਠ ਕਰਾਇਆ। ਮਾਈ ਨੇ ਸੇਵਾ ਕੀਤੀ। ਸਮਾਂ ਪਾ ਕੇ ਗੰਡਾ ਸਿੰਘ ਤੇ ਰਤਨ ਕੌਰ ਦੇ ਘਰ ਪੰਜ ਲੜਕੇ ਅਤੇ ਇਕ ਲੜਕੀ ਪੈਦਾ ਹੋਈ। ਜਿਨ੍ਹਾਂ ਦਾ ਪਰਿਵਾਰ ਉਭੇ ਪਿੰਡ ਵਿਚ ਮੌਜੂਦ ਹੈ। ਰਤਨ ਕੌਰ ਜਿੰਨਾ ਚਿਰ ਜਿਉਂਦੀ ਰਹੀ ਦਰਸ਼ਨ ਕਰਨ ਆਉਂਦੀ ਅਤੇ ਸੇਵਾ ਕਰਦੀ ਰਹੀ।

**ਸੋ ਦਰੁ ਕੈਸੇ ਛੋਡੀਐ ਜੋ ਦਰ ਐਸਾ ਹੋਇ ॥**

(ਇਹ ਪ੍ਰਸੰਗ ਸ. ਲਛਮਣ ਸਿੰਘ ਭਲੇਰੀਆਂ ਤੋਂ ਮਿਲਿਆ।)

## ਏਕ ਏਕ ਕੀ ਪੀਰ ਪਛਾਨੈ ॥
## ਘਟ ਘਟ ਕੇ ਪਟ ਪਟ ਕੀ ਜਾਨੈ ॥

ਸ੍ਰਿਸ਼ਟੀ ਦੇ ਸਿਰਜਨਹਾਰ ਹਰ ਜੀਵ ਦੀ ਤਕਦੀਰ ਦੇ ਬਾਨੀ ਹਨ। ਤਕਦੀਰ ਦੇ ਹਰ ਲਫ਼ਜ਼ ਪੜ੍ਹਨ ਦੀ ਸਮਰੱਥਾ ਹੈ ਮਹਾਂਪੁਰਖਾਂ ਵਿਚ। ਮਨ ਜੋ ਪ੍ਰਭੂ ਦੇ ਭਗਤਾਂ ਦੇ ਵੱਸ ਹੈ ਉਸ ਦੇ ਅੰਦਰ ਉੱਠਦੇ ਸਿਰਨਾਵੇ ਮਹਾਂਪੁਰਖ ਦੂਰੋਂ ਹੀ ਪੜ ਲੈਂਦੇ ਹਨ। ਹਰ ਇਕ ਦੇ ਘਟ ਘਟ ਦੇ ਜਾਣੂ ਹੁੰਦੇ ਹਨ।

ਮੁਨਸ਼ੀ ਸਿੰਘ ਬਾਬਾ ਜੀ ਦਾ ਸੇਵਾਦਾਰ ਸੇਵਾ ਕਰਦਾ ਰਹਿੰਦਾ ਸੀ। ਇਕ ਦਿਨ ਬਾਬਾ ਜੀ ਦੀ ਹਜ਼ੂਰੀ ਵਿਚੋਂ ਕੁਝ ਮਾਇਆ ਹੱਥ ਲੱਗ ਗਈ ਤਾਂ ਇਸ ਨੇ ਚੁੱਕ ਲਈ। ਮਨ ਲਾਲਚ ਵਿਚ ਆ ਜਾਵੇ ਤਾਂ ਥੋੜ੍ਹੇ ਪਿੱਛੇ ਬੇਈਮਾਨ ਹੋ ਜਾਵੇ, ਜੇ ਨਾ ਹੋਵੇ ਤਾਂ ਲੱਖਾਂ ਦੀ ਵੀ ਪਰਵਾਹ ਨਾ ਕਰੇ। ਫੁਰਮਾਨ ਹੈ :

**ਮਾਇਆ ਐਸੀ ਮੋਹਨੀ ਭਾਈ॥ ਜੇਤੇ ਜੀਅ ਤੇਤੇ ਡਹਕਾਈ॥**

ਪੱਚੀ ਰੁਪਏ ਤੇ ਮਨ ਭਰਮ ਗਿਆ। ਪੈਸੇ ਚੁੱਕ ਕੇ ਪਿੰਡ ਨੂੰ ਤੁਰ ਪਿਆ। ਤੁਰਦਾ ਤੁਰਦਾ ਭੁੱਚੋ ਦੀ ਹੱਦ ਟੱਪਣ ਲੱਗਾ ਤਾਂ ਇਉਂ ਮਾਲੂਮ ਹੋਇਆ ਜਿਵੇਂ ਨਜ਼ਰ ਬੰਦ ਹੋ ਗਈ ਹੋਵੇ। ਹੈਰਾਨ ਜਿਹਾ ਹੋ ਕੇ ਰੁਕ ਗਿਆ। ਪਿੱਛੇ ਮੁੜ ਕੇ ਦੇਖੇ ਤਾਂ ਸਭ ਕੁਝ ਦਿਸਣ ਲੱਗ ਜਾਵੇ ਅੱਗੇ ਤਾਂ ਕੁਝ ਨਾ ਦਿਸੇ। ਇਸ ਤਰ੍ਹਾਂ ਕਈ ਵਾਰ ਹੋਇਆ ਆਖਿਰ ਪਿੱਛੇ ਮੁੜ ਪਿਆ। ਪਿੰਡ ਦੇ ਹੀ ਰਜਵਾਹਾ ਜੋੜਿਆ ਵਾਲਾ ਤੇ ਪਹੁੰਚ ਗਿਆ। ਉਸ ਦੀ ਜਾਣ ਪਛਾਣ ਵਾਲਾ ਨੰਬਰਦਾਰ ਲਾਲ ਸਿੰਘ ਉਥੇ ਹਾੜੀ ਦੀ ਵਾਢੀ ਕਰ ਰਿਹਾ ਸੀ। ਉਥੇ ਬੈਠ ਕੇ ਉਸ ਨੇ ਲਾਲ ਸਿੰਘ ਨੂੰ ਸਾਰੀ ਵਿਥਿਆ ਸੁਣਾ ਦਿੱਤੀ। ਮੈਂ ਬੜੀ ਗਲਤੀ ਕੀਤੀ ਹੈ ਪੈਸੇ ਚੋਰੀ ਕਰਕੇ ਚੱਲਿਆ ਹਾਂ। ਬਾਬਾ ਜੀ ਨੇ ਐਸੀ ਕਰਾਮਾਤ ਦਿਖਾਈ। ਅੱਗੇ ਜਾਂਦਾ ਹਾਂ ਤਾਂ ਕੁਝ ਨਜ਼ਰ ਨਹੀਂ ਆਉਂਦਾ, ਪਿੱਛੇ ਜਾਂਦਾ ਹਾਂ ਤਾਂ ਦਿਸਣ ਲੱਗ ਜਾਂਦਾ ਹੈ। ਇਹ ਪੈਸੇ ਤੂੰ ਬਾਬਾ ਜੀ ਕੋਲ ਪੁਚਾ ਦੇਵੀਂ।"

ਲਾਲ ਸਿੰਘ ਨੇ ਕਿਹਾ, "ਮੁਨਸ਼ੀ ! ਤੂੰ ਡਰ ਨਾ। ਮੈਂ ਤੇਰੇ ਨਾਲ ਚੱਲ



ਕੇ ਤੈਨੂੰ ਮਾਫੀ ਲਈ ਬੇਨਤੀ ਕਰ ਦਿੰਦਾ ਹਾਂ। ਮਹਾਂਪੁਰਖ ਦਿਆਲੂ ਹੁੰਦੇ ਹਨ। ਉਹ ਤੈਨੂੰ ਜ਼ਰੂਰ ਮਾਫ਼ ਕਰ ਦੇਣਗੇ। ਗੁਣ ਔਗੁਣ ਨਹੀਂ ਚਿਤਾਰਦੇ।"

"ਲਾਲ ਸਿੰਘ ਮੈਨੂੰ ਬਹੁਤ ਸ਼ਰਮ ਆ ਰਹੀ ਹੈ। ਮੈਂ ਬਾਬਾ ਜੀ ਦੇ ਸਾਹਮਣੇ ਨਹੀਂ ਹੋ ਸਕਾਂਗਾ। ਮੇਰੇ ਵਿਚ ਇੰਨੀ ਹਿੰਮਤ ਵੀ ਨਹੀਂ ਰਹੀ ਕਿ ਮੈਂ ਜਾ ਕੇ ਮਾਫੀ ਮੰਗ ਸਕਾਂ। ਮੁਨਸ਼ੀ ਨੇ ਤਰਲਾ ਕੀਤਾ। ਇੰਨੀ ਗੱਲ ਆਖ ਕੇ ਮੁਨਸ਼ੀ ਪੱਚੀ ਰੁਪਏ ਲਾਲ ਸਿੰਘ ਨੂੰ ਫੜਾ ਕੇ ਚਲਾ ਗਿਆ। ਨੰਬਰਦਾਰ ਲਾਲ ਸਿੰਘ ਦੇ ਲੜਕੇ ਪਿਤਾ ਨੂੰ ਹੱਸਣ ਲੱਗੇ।"

**ਆਪਾ ਬਿਨਾ ਪੈਸਿਆਂ ਦੀ ਹਾੜੀ ਨਾ ਕਟਾ ਲਈਏ।**
**ਦਿਹਾੜੀ ਵਾਲੇ ਲਿਆਕੇ ਬਾਕੀ ਘਿਉ ਲੈ ਕੇ ਖਾ ਲਈਏ॥**

ਲਾਲ ਸਿੰਘ ਕਹਿਣ ਲੱਗੇ, " ਪਹਿਲਾਂ ਮੁਨਸ਼ੀ ਸਿੰਘ ਨੇ ਤਾਂ ਘਿਓ ਖਾ ਲਿਆ ਹੈ ਹੁਣ ਤੁਸੀਂ ਵੀ ਕੁਝ ਦੇਖਣਾ ਹੈ। ਇਹ ਅਮਾਨਤ ਮੈਂ ਹੁਣੇ ਹੀ ਦੇ ਕੇ ਆਉਂਦਾ ਹਾਂ।"

ਦਿਨ ਦੇ ਛਿਪਣ ਤੋਂ ਇਕ ਘੰਟਾ ਕੁ ਪਹਿਲਾਂ ਨੰਬਰਦਾਰ ਪੈਸੇ ਲੈ ਕੇ ਬਾਬਾ ਜੀ ਪਾਸ ਪਹੁੰਚ ਗਿਆ। ਨਮਸਕਾਰ ਕਰਕੇ ਬੈਠ ਗਿਆ। ਬਾਬਾ ਜੀ ਨੇ ਬਚਨ ਕੀਤਾ, "ਆਉ ਨੰਬਰਦਾਰ ਜੀ, ਅੱਜ ਕਿਸ ਤਰ੍ਹਾਂਆਉਣੇ ਹੋਏ ?"

ਨੰਬਰਦਾਰ ਨੇ ਮੁਨਸ਼ੀ ਸਿੰਘ ਦੀ ਸਾਰੀ ਕਹਾਣੀ ਸੁਣਾ ਦਿੱਤੀ। ਜੋ ਪੰਜੀ ਰੁਪਏ ਉਹ ਲੈ ਗਿਆ ਸੀ। ਉਹ ਪੈਸੇ ਮੈਨੂੰ ਫੜਾ ਕੇ ਕਹਿ ਗਿਆ ਕਿ ਬਾਬਾ ਜੀ ਪਾਸ ਪਹੁੰਚਾ ਦੇਣੇ। ਮੈਂ ਇਹ ਪੈਸੇ ਦੇਣ ਆਇਆ ਹਾਂ। ਆਪਣੀ ਅਮਾਨਤ ਸਾਂਭ ਲਵੋ। ਮੈਂ ਉਸ ਨੂੰ ਬਹੁਤ ਕਿਹਾ ਤੂੰ ਨਾਲ ਹੀ ਚੱਲ, ਤੈਨੂੰ ਮਾਫੀ ਦੇ ਦੇਣਗੇ।

ਬਾਬਾ ਜੀ ਨੇ ਹੱਸ ਕੇ ਬਚਨ ਕੀਤਾ, "ਤੁਸੀਂ ਹਾੜੀ ਵੱਢ ਲੈਂਦੇ ਮੁੰਡਿਆਂ ਨੂੰ ਘਿਓ ਲੈ ਦਿੰਦੇ।"

"ਮਹਾਰਾਜ ! ਮਾਫ ਕਰੋ। ਮੁੰਡਿਆਂ ਨੇ ਮਜਾਕ ਵਿਚ ਗੱਲ ਕਹੀ ਸੀ।"

ਇਹ ਬਚਨ ਕਰਕੇ ਲਾਲ ਸਿੰਘ ਆਗਿਆ ਲੈ ਕੇ ਘਰ ਚਲਾ ਗਿਆ। ਹਜ਼ੂਰ ਬਾਬਾ ਜੀ ਦੇ ਚੋਲਾ ਤਿਆਗ ਦੇਣ ਤੋਂ ਬਾਦ ਡਾਲੀ ਦੀ ਸੇਵਾ ਨੀਲਾ ਸਿੰਘ ਕਰਦਾ ਹੁੰਦਾ ਸੀ। ਇਕ ਬੱਗੇ ਰੰਗ ਦਾ ਸਾਨ (ਢੱਠਾ) ਹੁੰਦਾ ਸੀ। ਹਜ਼ੂਰ

ਇਸ ਦੀ ਸੇਵਾ ਆਪਣੀ ਦੇਖ-ਰੇਖ ਹੇਠ ਕਰਵਾਉਂਦੇ ਸਨ। ਇਕ ਦਿਨ ਸੇਵਕ ਪੁੱਛ ਬੈਠੇ, "ਮਹਾਰਾਜ ! ਇਸ ਦੀ ਇੰਨੀ ਸੇਵਾ ਕਿਉਂ ਕਰਵਾਉਂਦੇ ਹੋ ?"

ਤਾਂ ਉੱਤਰ ਦਿੰਦੇ ਸਨ, "ਭਾਈ ਇਹ ਕਿਸੇ ਸਮੇਂ ਇਹ ਸਾਡਾ ਭਾਈ ਹੁੰਦਾ ਸੀ। ਹੁਣ ਇਸ ਦੀ ਕਲਿਆਣ ਕਰਨੀ ਹੈ।"

(੨) ਇਕ ਵਾਰ ਗਰਮੀ ਦੀ ਰੁੱਤ ਵਿਚ ਦੁੱਧ ਦੀ ਬਹੁਤ ਕਮੀ ਹੋ ਗਈ। ਹਜ਼ੂਰ ਨੇ ਨੀਲਾ ਸਿੰਘ ਤੇ ਹੋਰ ਸੰਗਤ ਨੂੰ ਬੱਕਰੀਆਂ ਦਾ ਦੁੱਧ ਕਢਵਾ ਲੈ ਆਉਣ ਦਾ ਹੁਕਮ ਦਿੱਤਾ। ਪੈਸੇ ਦੇ ਕੇ ਸੇਵਕਾਂ ਨੂੰ ਭੇਜਣਾ ਤਾਂ ਬੱਕਰੀਆਂ ਵਾਲਿਆਂ ਨੇ ਪੈਸੇ ਨਾ ਲੈਣੇ। ਫਿਰ ਹੁਕਮ ਦਿੱਤਾ, "ਜਿੰਨਾ ਦੁੱਧ ਤੁਸੀਂ ਆਪ ਦਿਓਗੇ ਉਸ ਦੇ ਪੈਸੇ ਨਾ ਲਉ, ਪਰ ਜਿਹੜਾ ਅਸੀਂ ਮੰਗ ਕੇ ਲਵਾਂਗੇ ਉਸਦੇ ਪੈਸੇ ਲੈਣੇ ਪੈਣਗੇ।"

(੩) ਇਕ ਵਾਰ ਕੁਝ ਪ੍ਰੇਮੀ ਸੰਗਤ ਵਿੱਚ ਬੈਠੇ ਸਨ। ਗਰਮੀ ਕਾਫ਼ੀ ਸੀ। ਹਵਾ ਬਿਲਕੁੱਲ ਬੰਦ ਹੋ ਗਈ ਸੀ। ਕਹਿਣ ਲੱਗੇ, "ਮਹਾਰਾਜ ! ਅੱਜ ਹਵਾ ਬੰਦ ਹੈ।"

ਅੱਗੋਂ ਕਹਿਣ ਲੱਗੇ, "ਜੇ ਚਾਹੁੰਦੇ ਹੋ ਤਾਂ ਹਨੇਰੀ ਚਲਾ ਦੇਈਏ ?" ਹੁਕਮ ਦਿੱਤਾ, "ਸਾਰੇ ਪੁਰਾਣੇ ਕੱਪੜੇ ਅਤੇ ਸਮਾਨ ਬਾਹਰ ਕੱਢੋ।" ਹੁਕਮ ਅਨੁਸਾਰ ਸਮਾਨ ਬਾਹਰ ਕੱਢਿਆ ਤਾਂ ਹਨੇਰੀ ਚੱਲ ਪਈ। ਫਿਰ ਸਾਰਾ ਸਮਾਨ ਅੰਦਰ ਰਖਵਾ ਦਿੱਤਾ ਤਾਂ ਹਨੇਰੀ ਬੰਦ ਹੋ ਗਈ। ਇਹੋ ਜਿਹੇ ਕੌਤਕ ਕਰਦੇ ਸਨ। ਪਰ ਆਪਣਾ ਭੇਦ ਕਿਸੇ ਨੂੰ ਨਹੀਂ ਲੱਗਣ ਦਿੱਤਾ।

**ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ ॥**

**ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥**

(ਇਹ ਬਚਨ ਬੰਦਾ ਸਿੰਘ ਗਿੱਲ ਤੋਂ ਪ੍ਰਾਪਤ ਹੋਏ।)



# ਮਨ ਰੇ ਹੁਕਮੁ ਮੰਨਿ ਸੁਖੁ ਹੋਇ ॥

ਮਹਾਂਪੁਰਖਾਂ ਦੇ ਹੁਕਮ ਵਿਚ ਰਹਿਣਾ ਮਨੁੱਖ ਦੇ ਭਲੇ ਲਈ ਚਾਰ ਦੀਵਾਰੀ ਹੈ। ਲਛਮਨ ਰੇਖਾ, ਪਾਰ ਕੀਤੀ ਸੀਤਾ ਨੇ ਤਾਂ ਸੋਨੇ ਦੀ ਲੰਕਾ ਦਾ ਨਾਸ਼ ਹੋਇਆ। ਆਉਣ ਵਾਲੇ ਹਰ ਪਲ ਦੇ ਜਾਚਕ ਮਨੁੱਖ ਦੇ ਭਲੇ ਲਈ ਹੁਕਮ ਦੀ ਵਾੜ ਕਰਦੇ ਹਨ। ਹੁਕਮ ਦੀ ਉਲੰਘਣਾ ਕਸ਼ਟ ਨੂੰ ਬੁਲਾਵਾ ਦੇਣਾ ਹੈ।

ਭਾਈ ਵੀਰ ਸਿੰਘ ਬਾਬਾ ਜੀ ਦਾ ਇਕ ਸੇਵਕ ਸੀ। ਤਨ, ਮਨ ਧਨ ਕਰਕੇ ਸੇਵਾ ਕਰਦਾ ਸੀ। ਘਰ ਵਿਚ ਪਦਾਰਥਾਂ ਦੀ ਕੋਈ ਕਮੀ ਨਹੀਂ ਸੀ। ਪਿਛਲਾ ਪਿੰਡਾ ਸੇਮਾ ਸੀ, ਪਰ ਹੁਣ ਰਿਹਾਇਸ਼ ਮਾਹੂਆਣੇ ਨਗਰ ਵਿਚ ਸੀ। ਇਕ ਵਾਰ ਉਹ ਸੇਵਾ ਵਿਚ ਹਾਜ਼ਰ ਬੈਠੇ ਸੀ। ਬਾਬਾ ਜੀ ਪ੍ਰਸੰਨ ਬੈਠੇ ਸਨ। ਹਜ਼ੂਰ ਨੇ ਵੀਰ ਸਿੰਘ ਨੂੰ ਪੁੱਛਿਆ, "ਕੋਈ ਹੋਰ ਤਾਂ ਨਹੀਂ ਹੈ ?"

ਉਸ ਨੇ ਆਸੇ ਪਾਸੇ ਦੇਖ ਕੇ ਕਿਹਾ, "ਮਹਾਰਾਜ ! ਹੋਰ ਕੋਈ ਨਹੀਂ ਹੈ।" ਫਿਰ ਉਸ ਨੂੰ ਨੇੜੇ ਕਰਕੇ ਇਕ ਸ਼ਬਦ ਦੱਸਿਆ ਅਤੇ ਸਾਰੀ ਜੁਗਤੀ ਦੱਸੀ ਕਿ ਕਿਸ ਤਰੀਕੇ ਪਾਠ ਕਰਨਾ ਹੈ। ਇਹ ਸਭ ਸਮਝਾ ਕੇ ਬਚਨ ਕੀਤਾ, "ਇਸ ਦੇ ਪਾਠ ਕਰਨ ਨਾਲ ਮੁਰਦੇ ਵਿਚ ਵੀ ਜਾਨ ਪੈ ਜਾਂਦੀ ਹੈ। ਇਸ ਨੂੰ ਸਾਂਭ ਕੇ ਰੱਖਣਾ ਹੈ, ਵਰਤਨਾ ਨਹੀਂ। ਇਹ ਬੜੀ ਅਮੋਲਕ ਚੀਜ਼ ਹੈ। ਜਨਮਾਂ ਦੀ ਕਮਾਈ ਬਾਦ ਇਹ ਵਸਤੂ ਮਿਲਦੀ ਹੈ। ਇਸ ਨੂੰ ਵਰਤਣ ਨਾਲ ਨਿਰੰਕਾਰ ਦੇ ਹੁਕਮ ਦੀ ਉਲੰਘਣਾ ਹੁੰਦੀ ਹੈ। ਨਰਕਾਂ ਵਿਚ ਜਾਣਾ ਪੈਂਦਾ ਹੈ।"

ਵੀਰ ਸਿੰਘ ਨੇ, "ਸਤਿ ਬਚਨ" ਕਹਿ ਕੇ ਮੱਥਾ ਟੇਕਿਆ। ਕੁਝ ਦਿਨਾਂ ਬਾਦ ਆਗਿਆ ਲੈ ਕੇ ਘਰ ਚਲਾ ਗਿਆ। ਕੁਝ ਸਮੇਂ ਬਾਦ ਇਕ ਜੰਞ ਇਸ ਦੇ ਪਿੰਡ ਤੋਂ ਵਿਆਹੁਣ ਵਾਸਤੇ ਜਾ ਰਹੀ ਸੀ। ਵੀਰ ਸਿੰਘ ਵੀ ਬਰਾਤ ਵਿਚ ਸ਼ਾਮਲ ਸੀ। ਉਸ ਸਮੇਂ ਬਰਾਤ ਘੋੜੇ, ਰੱਥ ਬੈਲ ਗੱਡੀਆਂ ਅਤੇ ਊਠਾਂ ਉਪਰ ਜਾਂਦੀ ਹੁੰਦੀ ਸੀ। ਇਕ ਪਿੰਡ ਵਿਚੋਂ ਦੀ ਬਰਾਤ ਲੰਘ ਰਹੀ ਸੀ ਤਾਂ ਕੀ ਵੇਖਿਆ ਕਿ ਇਕ ਘਰ ਵਿਚ ਇਕੱਠ ਹੋਇਆ ਸੀ ਅਤੇ ਰੋਣ ਪਿੱਟਣ ਦੀ ਆਵਾਜ਼

ਆ ਰਹੀ ਸੀ। ਵੀਰ ਸਿੰਘ ਨੇ ਪੁੱਛਿਆ ਇਹ ਕੀ ਹੋ ਗਿਆ ਹੈ ? ਤਾਂ ਬਾਹਰ ਬੈਠੇ ਆਦਮੀਆਂ ਨੇ ਦੱਸਿਆ, " ਇਸ ਘਰ ਦਾ ਇਕਲੌਤਾ ਪੁੱਤਰ ਮਰ ਗਿਆ ਹੈ ਜੋ ਅਜੇ ਕੁਆਰਾ ਸੀ। ਵੀਰ ਸਿੰਘ ਨੇ ਰੱਥ ਵਿਚ ਬੈਠੇ ਆਦਮੀਆਂ ਨੂੰ ਨਾਲ ਲਿਆ ਅਤੇ ਉਸ ਮਰਗ ਵਾਲੇ ਘਰ ਚਲੇ ਗਏ। ਭਾਈ ਜੀ ਨੇ ਰੋਣ ਵਾਲਿਆਂ ਨੂੰ ਚੁੱਪ ਕਰਨ ਦਾ ਆਦੇਸ਼ ਦਿੱਤਾ। ਵਾਹਿਗੁਰੂ ਜਪਣ ਦਾ ਹੁਕਮ ਦਿੱਤਾ। ਆਪਣੇ ਇਸ਼ਨਾਨ ਕਰਨ ਲਈ ਪਾਣੀ ਮੰਗਵਾ ਲਿਆ। ਭਾਈ ਵੀਰ ਸਿੰਘ ਨੇ ਇਸ਼ਨਾਨ ਕੀਤਾ। ਇਕ ਜਲ ਦਾ ਗੜਵਾ ਮੰਗਵਾ ਕੇ ਮੂੰਹ ਸਿਰ ਢੱਕ ਕੇ ਚਾਦਰ ਦੀ ਬੁੱਕਲ ਮਾਰ ਕੇ ਮ੍ਰਿਤਕ ਕੋਲ ਬੈਠ ਗਏ। ਬਾਬਾ ਜੀ ਦੇ ਦੱਸੇ ਹੋਏ ਸ਼ਬਦ ਦਾ ਜਾਪ ਕੀਤਾ। ਮਰਿਯਾਦਾ ਪੂਰੀ ਕਰਨ ਉਪਰੰਤ ਮ੍ਰਿਤਕ ਦੇ ਮੂੰਹ ਵਿਚ ਜਲ ਪਾਇਆ ਅਤੇ ਉਸ ਦੇ ਸਰੀਰ 'ਤੇ ਛਿੱਟੇ ਮਾਰੇ।

ਮਹਾਂਪੁਰਖਾਂ ਦੇ ਦਿੱਤੇ ਸ਼ਬਦ ਨਾਲ ਸਫਲਤਾ ਤਾਂ ਮਿਲਣੀ ਹੀ ਸੀ। ਉਹ ਨੌਜਵਾਨ ਵਾਹਿਗੁਰੂ-ਵਾਹਿਗੁਰੂ ਜਪਦਾ ਉੱਠ ਕੇ ਬੈਠ ਗਿਆ। ਸਾਰੇ ਪਰਿਵਾਰ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਉਪਰੰਤ ਵੀਰ ਸਿੰਘ ਨੂੰ ਤਕਲੀਫ਼ ਹੋਣੀ ਸ਼ੁਰੂ ਹੋ ਗਈ ਜੋ ਕਿ ਅਸਹਿ ਸੀ। ਮਿੰਟ-ਮਿੰਟ ਵੱਧ ਰਹੀ ਸੀ। ਵੀਰ ਸਿੰਘ ਦੀ ਹਾਲਤ ਦੇਖ ਬਰਾਤੀਆਂ ਨੇ ਪੁੱਛਿਆ, "ਤੈਨੂੰ ਕੀ ਹੋ ਗਿਆ ਹੈ ?"।

ਉਸ ਦੇ ਮੂੰਹ ਤੋਂ ਇਹੀ ਨਿਕਲਿਆ, "ਛੇਤੀ ਕਰੋ ਮੇਰੀ ਘੋੜੀ ਲਿਆਓ। ਮੇਰਾ ਸਰੀਰ ਸੜ ਰਿਹਾ ਹੈ।"

ਘੋੜੀ ਉੱਤੇ ਸਵਾਰ ਹੋ ਕੇ ਤੇਜ਼ੀ ਨਾਲ ਬੜੀ ਮੁਸ਼ਕਿਲ ਨਾਲ ਬਾਬਾ ਜੀ ਤੱਕ ਅਪੜਿਆ। ਘੋੜੀ ਜੰਡ ਨਾਲ ਬੰਨੀ ਤੇ ਭੱਜ ਕੇ ਟਿੱਲੇ ਉਪਰ ਚੜ੍ਹ ਗਿਆ। ਹਜ਼ੂਰ ਦੇ ਚਰਨਾਂ ਵਿਚ ਜਾ ਮੱਥਾ ਟੇਕਿਆ।

**ਅੰਤਰਜਾਮੀ ਪੁਰਖ ਸੁਆਮੀ ਅਨਬੋਲਤ ਹੀ ਜਾਨਹੁ ਹਾਲ॥**

ਸਮਰੱਥ ਬਾਬਾ ਜੀ ਨੇ ਹਾਲਤ ਦੇਖ ਕੇ ਸਿਰ ਤੇ ਹੱਥ ਰੱਖ ਦਿੱਤਾ। ਸਰੀਰ ਨੂੰ ਸ਼ਾਂਤੀ ਆਈ ਤਾਂ ਹਜ਼ੂਰ ਨੇ ਬਚਨ ਕੀਤਾ, "ਵੀਰ ਸਿੰਘ ਪਾ ਲਿਆ ਸੇਵੀਆਂ ਵਿਚ ਲੂਣ, ਨਾ ਰਹਿ ਸਕਿਆ ਤੇਰੇ ਕੋਲੋਂ ਜਰੀ ਨਾ ਗਈ।" ਵੀਰ ਸਿੰਘ ਚਰਨਾਂ ਉੱਤੇ ਢੇਰੀ ਹੋ ਗਿਆ ਤੇ ਬੇਨਤੀ ਕੀਤੀ, "ਮਹਾਰਾਜ ! ਮੇਰਾ ਸਰੀਰ ਸੜ ਰਿਹਾ ਹੈ। ਮੇਰੇ 'ਤੇ ਕ੍ਰਿਪਾ ਕਰੋ।"



ਹਜ਼ੂਰ ਨੇ ਬਚਨ ਕੀਤਾ, "ਹੁਣ ਤੈਨੂੰ ਕੁਝ ਨਹੀਂ ਹੋਣ ਲੱਗਿਆ। ਤੂੰ ਬਚ ਗਿਆ ਹੈਂ ਕਿਉਂਕਿ ਸਾਡੇ ਪਾਸ ਆ ਗਿਆ ਹੈਂ। ਤੂੰ ਚੰਗਾ ਨਹੀਂ ਕੀਤਾ, ਬਹੁਤ ਮਾੜਾ ਕਰ ਲਿਆ ਹੈ।"

ਫਿਰ ਹਜ਼ੂਰ ਨੇ ਉਸ ਦੇ ਸਿਰ ਹੱਥ ਰੱਖਿਆ ਅਤੇ ਜਲ ਛਕਾਇਆ। ਵਾਹਿਗੁਰੂ ਜਪਣ ਵਿਚ ਲਾਇਆ। ਤਨ ਮਨ ਦੀ ਸੜਨ ਖ਼ਤਮ ਹੋ ਗਈ।

**ਮਹਾਂ ਤਪਤਿ ਤੇ ਭਈ ਸਾਂਤਿ ਪਰਸਤ ਪਾਪ ਨਾਠੇ॥**

ਕੁਝ ਦਿਨ ਆਪਣੇ ਪਾਸ ਹਜ਼ੂਰ ਨੇ ਰੱਖਿਆ। ਇਕ ਦਿਨ ਆਗਿਆ ਮੰਗਣ ਤੇ ਛੁੱਟੀ ਦਿੱਤੀ ਅਤੇ ਹੁਕਮ ਦਿੱਤਾ, "ਅੱਗੇ ਤੋਂ ਇਹੋ ਜਿਹਾ ਕੰਮ ਨਹੀਂ ਕਰਨਾ। ਇਕ ਵਾਰ ਤੈਨੂੰ ਸੇਵਕ ਜਾਨ ਕੇ ਬਖ਼ਸ਼ ਦਿੱਤਾ ਹੈ। ਘਰ ਜਾ ਕੇ ਇਕ ਅਖੰਡ ਪਾਠ ਅਤੇ ਜੱਗ ਕਰਨਾ ਹੈ।"

ਵੀਰ ਸਿੰਘ, "ਸਤਿ ਬਚਨ" ਕਹਿ ਕੇ ਆਗਿਆ ਲੈ ਕੇ ਚਲਾ ਗਿਆ। ਘਰ ਪਹੁੰਚ ਕੇ ਹੁਕਮ ਅਨੁਸਾਰ ਇਕ ਅਖੰਡ ਪਾਠ ਕਰਵਾਇਆ ਅਤੇ ਯੱਗ ਕੀਤਾ। ਸਾਰੇ ਪਿੰਡ ਨੂੰ ਭੋਜਨ ਛਕਾਇਆ।

ਕੁਝ ਸਮੇਂ ਬਾਅਦ ਵੀਰ ਸਿੰਘ ਦਾ ਲੜਕਾ ਅਚਾਨਕ ਪ੍ਰਲੋਕ ਸੁਧਾਰ ਗਿਆ। ਵੀਰ ਸਿੰਘ ਨੇ ਅਕਾਲ ਪੁਰਖ ਦੇ ਭਾਣੇ ਨੂੰ ਪ੍ਰਤੱਖ ਜਾਣ ਲਿਆ ਅਤੇ ਸਿਰ ਝੁਕਾ ਕੇ ਮੰਨਿਆ। ਆਪਣੇ ਲੜਕੇ ਦਾ ਸੰਸਕਾਰ ਕਰਵਾਉਣ ਸ਼ਮਸ਼ਾਨ ਘਾਟ ਨਹੀਂ ਗਿਆ। ਆਪਣੇ ਕਮਰੇ ਵਿਚ ਇਕਾਂਤ ਬੈਠਾ ਰਿਹਾ।

ਬਾਦ ਵਿਚ ਅਖੀਰ ਤੱਕ ਵੀਰ ਸਿੰਘ ਹਜ਼ੂਰ ਦੀ ਸੇਵਾ ਕਰਦਾ ਰਿਹਾ। ਹਜ਼ੂਰ ਦੇ ਹੁਕਮ ਤੋਂ ਬਿਨਾਂ ਕੋਈ ਕੰਮ ਨਹੀਂ ਕਰਦਾ ਸੀ।

**ਜੋ ਤੁਧੁ ਕਰਣਾ ਸੋ ਕਰਿ ਪਾਇਆ॥**

**ਭਾਣੇ ਵਿਚਿ ਕੋ ਵਿਰਲਾ ਆਇਆ॥**

(ਇਹ ਪ੍ਰਸੰਗ ਭਾਈ ਚੰਦਾ ਸਿੰਘ ਤੋਂ ਗੁਲਵੰਤ ਸਿੰਘ ਢਿੱਲੋਂ ਨੇ ਸੁਣਾਇਆ ਅਤੇ ਲਿਖਾਇਆ।)

## ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ॥

ਮਨੁੱਖੀ ਸਰੀਰ ਦੀ ਹੋਂਦ ਪ੍ਰਮਾਤਮਾ ਦੀ ਰਚਨਾ ਹੈ। ਇਸ ਲਈ ਸਰੀਰਕ ਕਸ਼ਟ, ਮਾਨਸਿਕ ਉਤਪਤੀਆਂ ਵੀ ਕਰਨਹਾਰ ਦੀ ਆਪਣੀ ਅਸਚਰਜ ਖੇਡ ਹੈ। ਸਰੀਰਕ ਪੀੜਾਂ ਦੀ ਨਵਿਰਤੀ ਪ੍ਰਭੂ ਸਰਨ ਵਿਚ ਹੈ। ਨਿਮਰਤਾ ਸਹਿਤ ਬੰਧਨਾ ਤੂਫਾਨ ਵਿਚ ਖੜੇ ਬਾਂਸ ਦੇ ਬੂਟੇ ਵਾਂਗ ਤੰਦਰੁਸਤ ਅਤੇ ਅਡੋਲ ਰਹਿੰਦੀ ਹੈ। ਜ਼ਿੰਦਗੀ ਨੂੰ ਦਿਲਚਸਪ ਬਣਾਉਣ ਲਈ ਪ੍ਰਮਾਤਮਾ ਨੇ ਦੋ ਪਹਿਲੂ ਇਨਸਾਨ ਦੇ ਆਂਗਣ ਲਿਆ ਖੜੇ ਕੀਤੇ ਹਨ, ਖੁਸ਼ੀ ਨਾਲ ਗਮੀ, ਸੁੱਖ ਦਾ ਬਦਲ ਦੁੱਖ, ਤੰਦਰੁਸਤੀ ਦੀ ਯਾਦ ਰੋਗ ਪੈਦਾ ਕਰਦੀ ਹੈ। ਗੁਰਮੁਖ ਦਾ ਨਿੰਦਕ ਮਨਮੁੱਖ ਵੀ ਸੱਚੇ ਦੀ ਦਾਤ ਹੈ। ਪਰ ਇਨ੍ਹਾਂ ਸਾਰਿਆਂ ਨੂੰ ਰੱਦੋ ਬਦਲ ਕਰਨਾ ਵੀ ਪ੍ਰਮੇਸ਼ਰ ਦੇ ਆਈਨੇ ਵਿਚ ਹੈ।

ਭਾਈ ਵਰਿਆਮ ਸਿੰਘ ਬਾਬਾ ਜੀ ਦਾ ਪੁਰਾਣਾ ਸੇਵਕ ਅਤੇ ਪਾਠੀ ਸੀ। ਹਜ਼ੂਰ ਦੀ ਕ੍ਰਿਪਾ ਦ੍ਰਿਸ਼ਟੀ ਸਦਕਾ ਹੀ ਉਨ੍ਹਾਂ ਦੇ ਪੁੱਤਰ ਚੰਦਾ ਸਿੰਘ ਨੇ ਸੰਸਾਰੀ ਜ਼ਿੰਦਗੀ ਜਿਊਣ ਲਈ ਅੱਖ ਖੋਲੀ ਸੀ। ਇਕ ਦਿਨ ਭਾਈ ਚੰਦਾ ਸਿੰਘ ਨੂੰ ਪੇਸ਼ਾਬ ਦਾ ਬੰਨ੍ਹ ਪੈ ਗਿਆ। ਪਿੰਡ ਵਿਚ ਦਵਾਈ ਆਦਿ ਕਰਨ ਨਾਲ ਜਦ ਕੋਈ ਸਫਲਤਾ ਨਾ ਮਿਲੀ ਤਾਂ ਇਲਾਜ ਲਈ ਇਨ੍ਹਾਂ ਨੂੰ ਬਠਿੰਡੇ ਲੈ ਗਏ। ਡਾਕਟਰਾਂ ਨੇ ਦਵਾਈ ਨਾਲ ਠੀਕ ਕਰਨ ਦੀ ਕੋਸ਼ਿਸ਼ ਕੀਤੀ। ਪਰ ਜਦ ਕੋਈ ਸਫਲਤਾ ਨਾ ਮਿਲੀ ਤਾਂ ਡਾਕਟਰਾਂ ਨੇ ਕਿਹਾ, "ਇਨ੍ਹਾਂ ਦਾ ਆਪਰੇਸ਼ਨ ਕਰਨਾ ਪਵੇਗਾ।"

ਆਪਰੇਸ਼ਨ ਤੋਂ ਡਰਦੇ ਵਰਿਆਮ ਸਿੰਘ ਨੇ ਬਾਬਾ ਜੀ ਪਾਸ ਬੇਨਤੀ ਕੀਤੀ, "ਮਹਾਰਾਜ! ਤੁਹਾਡਾ ਚੰਦਾ ਸਿੰਘ ਬੀਮਾਰ ਹੈ। ਉਸ ਦੇ ਠੀਕ ਹੋਣ ਦੀ ਕੋਈ ਉਮੀਦ ਨਹੀਂ ਰਹੀ। ਡਾਕਟਰ ਆਪਰੇਸ਼ਨ ਕਰਨ ਨੂੰ ਕਹਿੰਦੇ ਹਨ। ਆਪ ਹੀ ਕ੍ਰਿਪਾ ਕਰੋ।"

ਹਜ਼ੂਰ ਨੇ ਸੁਣ ਕੇ ਬਚਨ ਕੀਤਾ, "ਡਾਕਟਰਾਂ ਪਿੱਛੇ ਨਹੀਂ ਲੱਗੀਦਾ।



ਉਸ ਨੂੰ ਕੀ ਹੋਇਆ ਹੈ, ਠੀਕ ਹੈ। ਕੱਲ੍ਹ ਨੂੰ ਘਰ ਆ ਜਾਵੇਗਾ।"

ਉਸ ਰਾਤ ਹੀ ਚੰਦਾ ਸਿੰਘ ਨੂੰ ਨੀਂਦ ਆ ਗਈ। ਉਸ ਨੂੰ ਸੁਪਨੇ ਵਿਚ ਦਿਖਾਈ ਦਿੱਤਾ ਕਿ ਬਾਬਾ ਜੀ ਉਸ ਦੇ ਸਰੀਰ ਉੱਤੇ ਹੱਥ ਫੇਰ ਰਹੇ ਹਨ। ਜਦੋਂ ਚੰਦਾ ਸਿੰਘ ਜੀ ਜਾਗ ਖੁੱਲ੍ਹੀ ਤਾਂ ਪੇਸ਼ਾਬ ਦਾ ਬੰਨ੍ਹ ਵੀ ਖੁੱਲ੍ਹ ਗਿਆ ਅਤੇ ਤੰਦਰੁਸਤ ਹੋ ਗਿਆ।

ਸਵੇਰੇ ਡਾਕਟਰ ਆਪਰੇਸ਼ਨ ਲਈ ਆਇਆ ਤਾਂ ਦੇਖ ਕੇ ਹੈਰਾਨ ਹੋ ਗਿਆ ਕਿ ਚੰਦਾ ਸਿੰਘ ਅਰੋਗ ਹੋ ਗਿਆ ਹੈ। ਡਾਕਟਰ ਹੈਰਾਨ ਹੋਇਆ ਕਿ ਇਹ ਕੋਈ ਕ੍ਰਿਸ਼ਮਾ ਪ੍ਰਮਾਤਮਾ ਵੱਲੋਂ ਹੈ। ਡਾਕਟਰਾਂ ਨੇ ਛੁੱਟੀ ਦੇ ਦਿੱਤੀ ਤੇ ਉਹ ਬਾਬਾ ਜੀ ਕੋਲ ਆ ਗਏ। ਭਾਈ ਵਰਿਆਮ ਸਿੰਘ, ਚੰਦਾ ਸਿੰਘ ਨੂੰ ਲੈ ਕੇ ਬਾਬਾ ਜੀ ਪਾਸ ਆ ਕੇ ਕਹਿਣ ਲੱਗਾ, "ਆਹ ਲਵੋ ਆਪਣੇ ਚੰਦੇ ਨੂੰ।"

ਹਜ਼ੂਰ ਨੇ ਬਚਨ ਕੀਤਾ, "ਵਰਿਆਮ ਸਿੰਘ ਤੂੰ ਆਖਦਾ ਸੀ ਤੁਹਾਡਾ ਚੰਦਾ ਸਿੰਘ ਬਚਦਾ ਨਹੀਂ। ਇਹ ਸਾਡਾ ਹੀ ਹੈ ਪਰ ਤੇਰੇ ਕੋਲ ਰਹੇਗਾ। ਸਾਡਾ ਕਰਕੇ ਤਾਂ ਆਰਾਮ ਆ ਗਿਆ। ਪੁੱਛ ਲੈ ਇਸ ਨਾਲ ਕੀ ਬੀਤੀ ਹੈ?"

ਇਸ ਤੋਂ ਉਪਰੰਤ ਚੰਦਾ ਸਿੰਘ ਨੇ ਰਾਤ ਦੀ ਹੱਡ ਬੀਤੀ ਸੁਣਾਈ। ਸੁਣ ਕੇ ਵਰਿਆਮ ਸਿੰਘ ਨੇ ਹਜ਼ੂਰ ਦੇ ਚਰਨਾਂ ਤੇ ਮੱਥਾ ਟੇਕਿਆ ਤੇ ਕਿਹਾ:

**ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ॥**

(ਇਹ ਬਚਨ ਜੋਗਿੰਦਰ ਸਿੰਘ ਢਿੱਲੋਂ ਉਰਫ਼ ਕਾਕਾ ਜੀ ਤੋਂ ਮਿਲਿਆ।)

## ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ॥

ਜਗਤ ਤਮਾਸ਼ਾ ਦੇਖਣਹਾਰ ਸੁਆਮੀ ਭਗਤਾਂ ਦੀ ਕਰਨੀ ਉੱਤੇ ਯੁਗਾਂ ਯੁਗੰਤਰਾਂ ਤੱਕ ਫੁੱਲ ਚੜ੍ਹਾਉਂਦਾ ਹੈ। ਸਾਧੂ ਦਾ ਬਚਨ ਕੁਲਾਂ ਤੱਕ ਅਟੱਲ ਅਮਲਾਂ ਵਿਚ ਰਹਿੰਦਾ ਹੈ। ਮਹਾਤਮਾ ਦੇ ਬਚਨ, ਦਰਗਾਹੀ ਵਹੀ ਅੰਦਰ ਉਨ੍ਹਾਂ ਦੀ ਰਸਨਾ ਕਲਮ ਨਾਲ ਸੁਨਹਿਰੀ ਅੱਖਰਾਂ ਵਿਚ ਉਕਰੇ ਜਾਂਦੇ ਹਨ। ਇਸ ਅਮਿੱਟ ਸੱਚਾਈ ਦੀ ਪ੍ਰਤੱਖ ਮਿਸਾਲ ਲਾਲਾ ਜਗਨ ਨਾਥ ਦਲਾਲ ਬਠਿੰਡੇ

ਵਾਲਿਆ ਦੇ ਘਰ ਮੌਜੂਦ ਹੈ।

ਪਿੰਡ ਭੁੱਚੋ ਕਲਾਂ ਰਹਿੰਦੇ ਸਮੇਂ ਜਗਤ ਨਾਥ ਦੀ ਮਾਤਾ ਬਾਬਾ ਜੀ ਦੇ ਦਰ ਦੀ ਅਣਥਕ ਸੇਵਾ ਕਰਦੀ ਰਹਿੰਦੀ ਸੀ। ਕਦੀ ਝਾੜੂ ਦੀ ਸੇਵਾ, ਕਦੀ ਪਾਣੀ ਦੀ, ਕਦੇ ਸੰਗਤ ਦੀ ਸੇਵਾ ਕਰਦੀ, ਅੱਕਦੀ ਥੱਕਦੀ ਨਹੀਂ ਸੀ। ਇਕ ਦਿਨ ਸੇਵਾ ਨੂੰ ਫਲ ਲੱਗਣ ਲੱਗਾ। ਹਜ਼ੂਰ ਨੇ ਖ਼ੁਸ਼ੀ ਨਾਲ ਬੈਠਿਆਂ ਪੁੱਛਿਆ, "ਮਾਈ ਤੇਰੇ ਪਰਿਵਾਰ ਦਾ ਕੀ ਹਾਲ ਹੈ ?"

ਮਾਈ ਨੇ ਉੱਤਰ ਵਿਚ ਕਿਹਾ, "ਮਹਾਰਾਜ ! ਬੱਚੇ ਕੁਝ ਢਿੱਲੇ ਹੀ ਰਹਿੰਦੇ ਹਨ। ਕਦੇ ਕੋਈ ਬੀਮਾਰ ਕਦੇ ਕੋਈ।"

ਹਜ਼ੂਰ ਨੇ ਬਚਨ ਕੀਤਾ, "ਕੁਝ ਨਹੀਂ ਹੋਣ ਲੱਗਾ। ਤੇਰੇ ਪਰਿਵਾਰ ਦੇ ਬੱਚੇ ਤਾਂ ਵੱਟਿਆਂ ਵਰਗੇ ਹੋਣਗੇ। ਕੋਠੇ ਤੋਂ ਰੁੜ ਜਾਣ ਤਾਂ ਵੀ ਵਾਲ ਵਿੰਗਾ ਨਹੀਂ ਹੁੰਦਾ।"

ਇਹ ਬਚਨ ਅਟੱਲ ਹੈ। ਜਗਨ ਨਾਥ ਦਲਾਲ ਦੱਸਦਾ ਹੈ ਕਿ ਸਾਡੇ ਕਈ ਬੱਚੇ ਦੂਜੀ ਮੰਜ਼ਿਲ ਤੋਂ ਪੱਕੇ ਫਰਸ਼ ਤੇ ਡਿੱਗੇ ਹਨ ਪਰ ਉਨ੍ਹਾਂ ਦਾ ਵਾਲ ਵੀ ਵਿੰਗਾ ਨਹੀਂ ਹੋਇਆ।

**ਸਾਧ ਬਚਨ ਅਟਲਾਧਾ ॥**

(ਇਹ ਬਚਨ ਸੇਠ ਜਗਨ ਨਾਥ, ਪ੍ਰਾਪਰਟੀ ਡੀਲਰ ਬਠਿੰਡਾ ਤੋਂ ਮਿਲਿਆ)

## ਸਗਲ ਮਨੋਰਥ ਪੂਰਿਆ ਨਾਨਕ ਲਿਖਿਆ ਮਾਥ ॥

ਸਗਲ ਮਨੋਰਥਾਂ ਦੀ ਪੂਰਤੀ ਪ੍ਰਭੂ ਦੀ ਕ੍ਰਿਪਾ ਨਾਲ ਉਪਲਬਧ ਹੁੰਦੀ ਹੈ। ਅਲੌਕਿਕ ਸ਼ਕਤੀਮਾਨ ਦੀ ਤਸਵੀਰ ਤਾਰਿਆਂ ਦੀ ਚਮਕ, ਚੰਦਰਮਾਂ ਦੀ ਰੌਸ਼ਨੀ, ਸੂਰਜ ਦੀ ਤਪਸ਼, ਬਨਾਸਪਤੀ, ਜੀਵ ਜੰਤੂਆਂ ਦੀ ਉਤਪਤੀ, ਹਵਾ ਦੀਆਂ ਗੈਸਾਂ ਵਿਚ ਪ੍ਰਤੱਖ ਦਿਖਾਈ ਦਿੰਦੀ ਹੈ। ਇਹ ਸਭ ਕੁਝ ਮਨੁੱਖ ਦੀਆਂ ਦੁਨਿਆਵੀ ਲੋੜਾਂ ਪੂਰੀਆਂ ਕਰਨ ਲਈ ਸਹਾਈ ਹੁੰਦੀ ਹੈ। ਪਰ ਇਨ੍ਹਾਂ ਤੋਂ ਬਿਨਾਂ ਫਿਰ ਵੀ ਪ੍ਰਮੇਸ਼ਰ ਸਗਲ ਮਨੋਰਥਾਂ ਦੀ ਪੂਰਤੀ ਆਪਣੀ ਕ੍ਰਿਪਾ ਦ੍ਰਿਸ਼ਟੀ



ਨਾਲ ਹੀ ਕਰਦਾ ਹੈ।

ਨੰਬਰਦਾਰ ਨੱਥਾ ਸਿੰਘ ਕਾਂਗੜ (ਪਿੰਡ ਦੀਨਾ ਕਾਂਗੜ) ਪਿੰਡ ਦਾ ਵਾਸੀ ਬਾਬਾ ਜੀ ਦੀ ਸੇਵਾ ਵਿਚ ਦੁੱਧ ਲੈ ਕੇ ਆਇਆ ਕਰਦਾ ਸੀ। ਇਨ੍ਹਾਂ ਦੇ ਨਾਲ ਭਾਈ ਰੂਪੇ ਦਾ ਵਾਸੀ ਨਰੈਣ ਸਿੰਘ ਵੀ ਹਾਜ਼ਰੀ ਭਰਦਾ ਰਹਿੰਦਾ ਸੀ। ਇਕ ਵਾਰ ਨੰਬਰਦਾਰ ਦੁੱਧ ਲੈ ਕੇ ਆਇਆ ਤਾਂ ਹਜ਼ੂਰ ਨੇ ਸੇਵਾ ਲਾ ਦਿੱਤੀ ਕਿ ਤਿੰਨ ਸਾਲ ਇੱਥੇ ਹੀ ਰਹਿਣਾ ਤੇ ਸੇਵਾ ਕਰਨੀ ਹੈ। ਉਸ ਨੇ ਸਤਿ ਬਚਨ ਕਰਕੇ ਸੇਵਾ ਸ਼ੁਰੂ ਕਰ ਦਿੱਤੀ। ਤਿੰਨ ਸਾਲ ਦਾ ਸਮਾਂ ਬੀਤ ਗਿਆ।

ਹਜ਼ੂਰ ਨੇ ਉਸ ਨੂੰ ਬੁਲਾ ਕੇ ਬਚਨ ਕੀਤਾ, "ਹੁਣ ਸ਼ੁੱਧ ਹੈ। ਤੇਰੀ ਸੇਵਾ ਪ੍ਰਵਾਨ ਹੈ। ਤੇਰੇ ਸਾਰੇ ਕਾਰਜ ਰਾਸ ਹੋਣਗੇ।"

ਨੰਬਰਦਾਰ ਦੇ ਪਹਿਲਾਂ ਦੋ ਵਿਆਹ ਹੋਏ ਸਨ ਜੋ ਪ੍ਰਮਾਤਮਾਂ ਨੂੰ ਪਿਆਰੀਆਂ ਹੋ ਗਈਆਂ ਸਨ। ਹੁਣ ਕੋਟ ਫੱਤੇ ਵਿਆਹ ਹੋ ਗਿਆ। ਇਸ ਵਿਆਹ ਤੋਂ ਗੁਰਦਿਆਲ ਸਿੰਘ ਦਾ ਜਨਮ ਹੋਇਆ।

(ਇਹ ਬਚਨ ਹਰਦਿਆਲ ਸਿੰਘ ਨੰਬਰਦਾਰ ਨੇ ਸੁਣਾਇਆ।)

## ਗੁਰ ਸੇਵਾ ਤੇ ਲਹੈ ਪਦਾਰਥੁ ॥

ਜੀਵਨ ਦੇ ਚੰਗੇਰੇ ਪਲ ਲਈ ਮਹਾਂਪੁਰਖ ਦੀ ਸੇਵਾ ਸੁਖਦਾਈ ਹੁੰਦੀ ਹੈ ਜੇ ਮਨ ਸ਼ੰਕਾ ਨਵਿਰਤ ਹੋਵੇ। ਦੁਬਿਧਾ ਮਨ ਨੂੰ, ਥਾਲੀ ਦੇ ਪਾਣੀ ਵਾਂਗ ਡੋਲਦਾ ਰੱਖਦੀ ਹੈ। ਅਡੋਲ ਸੇਵਾਦਾਰ ਮੁਕਤੀ ਮਾਰਗ ਦੀ ਪ੍ਰਾਪਤੀ ਲਈ ਰੌਸ਼ਨੀ ਦੀ ਭਾਲ ਕਰਦਾ ਹੈ। ਪਰ ਸੰਸਾਰੀ ਜ਼ਿੰਦਗੀ ਦੇ ਸੁੱਖ ਦੀ ਪ੍ਰਾਪਤੀ ਲਈ ਮਨੁੱਖ ਪਾਪਾਂ ਦੇ ਜਾਲ ਵਿਛਾ ਕੇ ਮਾਇਆ ਇੱਕਠੀ ਕਰਦਾ ਹੈ। ਫਿਰ ਇਕ ਦਿਨ ਆਪਣੇ ਹੀ ਫੈਲਾਏ ਜਾਲ ਵਿਚ ਫਸ ਚਿੰਤਾ ਦੀ ਅਗਨੀ ਵਿਚ ਸੜਦਾ ਹੋਇਆ ਖਾਲੀ ਝੋਲੀ ਸੱਚੇ ਦੀ ਦਰਗਾਹ ਜਾ ਖੜਦਾ ਹੈ। ਸੇਵਾ ਕਰਦਿਆਂ ਮੰਗ ਕੀਤੀ ਤਾਂ ਸੇਵਾ ਦੀ ਕੀਮਤ ਲਈ। ਜੇ ਮਹਾਂਪੁਰਖ ਤੁਠ ਕੇ ਦੇਣ ਤਾਂ ਸੇਵਾ ਸਫਲ।

ਪਿੰਡ ਭਾਈ ਰੂਪੇ ਤੋਂ ਭਾਈ ਨਰੈਣ ਸਿੰਘ ਸੇਵਾ ਵਿਚ ਆਉਂਦਾ ਸੀ। ਇਨ੍ਹਾਂ ਦੇ ਘਰ ਨੂੰ ਪਿੰਡ ਵਿਚ ਸਿੱਖਾਂ ਦਾ ਘਰ ਕਹਿ ਕੇ ਬੁਲਾਉਂਦੇ ਸਨ।

ਨਰੈਣ ਸਿੰਘ ਉਪਰ ਬਾਬਾ ਜੀ ਬਹੁਤ ਪ੍ਰਸੰਨ ਸਨ। ਹਜ਼ੂਰ ਬਾਬਾ ਜੀ ਨੇ ਭਾਈ ਸਾਹਿਬ ਨੂੰ ਪੰਜ ਰੁਪਏ ਮਲਕਾਂ ਵਾਲੇ ਦਿੱਤੇ ਸਨ ਤੇ ਹੁਕਮ ਕੀਤਾ ਸੀ, "ਇਹ ਘਰ ਦੇ ਖ਼ਜ਼ਾਨੇ ਵਿਚ ਰੱਖਣੇ ਹਨ। ਘਰੋਂ ਮਾਇਆ ਨਹੀਂ ਮੁੱਕੇਗੀ।"

ਬਚਨ ਅਨੁਸਾਰ ਅੱਜ ਤੱਕ ਉਨ੍ਹਾਂ ਦੇ ਪਰਿਵਾਰ ਨੇ ਸਾਂਭ ਕੇ ਰੱਖੇ ਹੋਏ ਹਨ। ਕਿਸੇ ਚੀਜ਼ ਦੀ ਤੋਟ ਨਹੀਂ ਹੈ।

ਚੇਚਕ ਦੀ ਬੀਮਾਰੀ ਪਈ ਤਾਂ ਨਰੈਣ ਸਿੰਘ ਦੇ ਦੋਨੋਂ ਲੜਕੇ ਬੀਮਾਰ ਪੈ ਗਏ। ਉਸ ਨੇ ਆਪਣੇ ਛੋਟੇ ਭਰਾ ਨੂੰ ਘੋੜਾ ਦੇ ਕੇ ਬਾਬਾ ਜੀ ਪਾਸ ਭੇਜਿਆ ਕਿ ਉਨ੍ਹਾਂ ਦੀ ਹਜ਼ੂਰੀ ਵਿਚ ਬੇਨਤੀ ਕਰਨੀ ਹੈ ਬੱਚਿਆਂ ਦੀ ਤੰਦਰੁਸਤੀ ਲਈ।

ਨਰੈਣ ਸਿੰਘ ਜੀ ਦਾ ਭਰਾ ਬਾਬਾ ਜੀ ਪਾਸ ਪਹੁੰਚ ਗਿਆ, ਮੱਥਾ ਟੇਕਿਆ ਅਤੇ ਬੇਨਤੀ ਕੀਤੀ, "ਮਹਾਰਾਜ ! ਨਰੈਣ ਸਿੰਘ ਦੇ ਦੋਨੋਂ ਲੜਕੇ ਬੀਮਾਰ ਹਨ। ਕ੍ਰਿਪਾ ਕਰੋ ਤੰਦਰੁਸਤ ਹੋ ਜਾਣ।"

ਬਾਬਾ ਜੀ ਨੇ ਮਰਿਯਾਦਾ ਅਨੁਸਾਰ ਨਾਮ, ਗੋਤ ਆਦਿ ਪੁੱਛ ਕੇ ਬਚਨ ਕੀਤਾ, "ਉਸ ਦਾ ਲੜਕਾ ਤਾਂ ਸਾਡੇ ਪਾਸ ਪਹੁੰਚ ਗਿਆ ਹੈ (ਭਾਵ ਗੁਜ਼ਰ ਗਿਆ ਹੈ) ਦੂਸਰਾ ਠੀਕ ਹੈ।" ਇਸ ਤੋਂ ਕੁਝ ਦੇਰ ਬਾਦ ਨਰੈਣ ਸਿੰਘ ਦੇ ਭਰਾ ਤੋਂ ਆਪਣੀ ਪਿੱਠ ਉੱਤੇ ਹੱਥ ਲੁਆ ਕੇ ਬਚਨ ਕੀਤਾ, "ਸ਼ੁੱਧ ਹੈ। ਵਾਲ ਵਿੰਗਾ ਨਹੀਂ ਹੋਵੇਗਾ।"

ਸੋ ਇਹ ਬਚਨ ਸਤਿ ਹੈ। ਨਰੈਣ ਸਿੰਘ ਦਾ ਲੜਕਾ ਅਜੇ ਤੱਕ ਮੌਜੂਦ ਹੈ। ਇਹ ਭਨਤਾ ਸਿੰਘ ਨਾਮ ਦਾ ਬਜ਼ੁਰਗ ਹੁਣ ਅੱਸੀ ਸਾਲ ਦੇ ਕਰੀਬ ਹੈ। ਆਪਣੇ ਪਿਤਾ ਨਰੈਣ ਸਿੰਘ ਨਾਲ ਕਈ ਵਾਰ ਹਜ਼ੂਰ ਦੇ ਦਰਸ਼ਨ ਕਰਨ ਆਇਆ ਕਰਦਾ ਸੀ। ਕਿਸੇ ਸਮੇਂ ਭਾਈ ਨਰੈਣ ਸਿੰਘ ਨੂੰ ਹੁਕਮ ਕੀਤਾ ਸੀ, "ਮਲੂਕੇ ਵਾਲੇ ਸੰਤ ਸ੍ਰੀ ਰਾਮ ਸਿੰਘ ਜੀ ਦੀ ਸੰਗਤ ਕਰਿਆ ਕਰੋ। ਉਨ੍ਹਾਂ ਨਾਲ ਤੁਹਾਡਾ ਪਿੱਛਲਾ ਸੰਬੰਧ ਹੈ। ਇੱਥੇ ਵੀ ਹਾਜ਼ਰੀ ਭਰਿਆ ਕਰੋ।"

**ਸੇਵਕ ਕਾ ਹੋਇ ਸੇਵਕੁ ਵਰਤਾ ਕਰਿ ਕਰਿ ਬਿਨਉ ਬੁਲਾਈ॥**

(ਇਹ ਬਚਨ ਭਨਤਾ ਸਿੰਘ ਭਾਈ ਰੂਪੇ ਵਾਲੇ ਤੋਂ ਮਿਲਿਆ ਹੈ।)



# ਭੂਖੇ ਕਉ ਦੇਵਤ ਅਧਾਰ॥

ਭੁੱਖ ਦਾ ਆਧਾਰ ਅੰਨ, ਜ਼ਿੰਦਗੀ ਦਾ ਆਧਾਰ ਨਾਮ ਸਿਮਰਨ, ਮਨ ਚੰਚਲ ਅਸਮਾਨੀ ਉਡਾਰੀਆਂ ਲਾਉਂਦਾ ਹੈ। ਇਸ ਨੂੰ ਕਾਬੂ ਕੀਤਾ ਮਹਾਂਪੁਰਖ ਦੀ ਹਠ ਨੇ। ਫਿਰ ਬਰਕਤਾਂ ਪਾਈਆਂ ਪ੍ਰਮੇਸ਼ਰ ਨੂੰ ਪ੍ਰਸੰਨਤਾ ਵਿਚ ਲਿਆ ਕੇ। ਆਪ ਮਹਾਂਪੁਰਖਾਂ ਨੇ ਮੁਕਤੀ ਪਾਈ, ਦੁਨੀਆਂਦਾਰ ਨੂੰ ਪਦਾਰਥਾਂ ਦੇ ਅੰਬਾਰ ਬਖਸ਼ੇ। ਨਾਸਤਿਕ ਮਨ ਦਾ ਆਧਾਰ ਧੂੰਏ ਦੀ ਨਿਆਈ ਹੈ ਜੋ ਉਡਦਾ ਸੂਰਜ ਦੀ ਰੌਸ਼ਨੀ ਢੱਕ ਦਿੰਦਾ ਹੈ। ਪਲਾਂ ਵਿਚ ਆਪਣੀ ਹਸਤੀ ਵੀ ਗੁਆ ਲੈਂਦਾ ਹੈ। ਮੀਨ ਦਾ ਆਧਾਰ ਨੀਰ, ਨਿਰਆਧਾਰ ਪੰਛੀ ਨੂੰ ਝਖੜਾਂ ਦੀ ਲਪੇਟ ਪ੍ਰਾਣਾਂ ਤੋਂ ਵਾਂਝਿਆਂ ਕਰ ਦਿੰਦੀ ਹੈ। "ਭੂਖੇ ਕਉ ਦੇਵਤ ਅਧਾਰ" ਪੂਰਨ ਮਹਾਂਪੁਰਖ ਦੇ ਵਲੇਂਵੇ ਦੀ ਗੱਲ ਹੈ।

ਪਿੰਡ ਕਾਲ ਝਰਾਣੀ (ਜ਼ਿਲ੍ਹਾ ਬਠਿੰਡਾ) ਦਾ ਵਾਸੀ ਰਾਮ ਸਿੰਘ ਰਾਜਾ ਸਿੱਖ ਜਿਸ ਦੀ ਸਰੀਰਕ ਤੌਰ ਤੇ ਹਾਲਤ ਬੜੀ ਮਾੜੀ ਸੀ, ਦਰਸ਼ਨ ਕਰਨ ਲਈ ਬਾਬਾ ਜੀ ਦੇ ਅਸਥਾਨ ਉੱਤੇ ਆਇਆ। ਨਮਸਕਾਰ ਕਰਕੇ ਬੈਠ ਗਿਆ। ਹਜ਼ੂਰ ਨੇ ਮਰਿਯਾਦਾ ਅਨੁਸਾਰ ਜਾਤ, ਗੋਤ ਪਿੰਡ, ਨਾਨਕੇ, ਦਾਦਕੇ ਸਭ ਕੁਝ ਪੁੱਛੇ ਅਤੇ ਬਚਨ ਕੀਤਾ, "ਕਿਵੇਂ ਆਏ ਹੋ ?"

ਰਾਮ ਸਿੰਘ ਨੇ ਆਪਣੀ ਵਿੱਥਿਆ ਸੁਣਾਈ, "ਸੱਚੇ ਪਾਤਸ਼ਾਹ ! ਘਰ ਵਿਚ ਬੜੀ ਗਰੀਬੀ ਹੈ। ਰੋਟੀ ਵੀ ਮੰਗ ਕੇ ਖਾਣ ਵਾਲੀ ਹਾਲਤ ਹੈ। ਆਪ ਜੀ ਕ੍ਰਿਪਾ ਕਰੋ।"

ਹਜ਼ੂਰ ਨੇ ਪੁੱਛਿਆ, "ਕੀ ਗੱਲ ਹੈ, ਗਰੀਬੀ ਕਿਵੇਂ ਆਈ ? ਰੋਟੀ ਤਾਂ ਪ੍ਰਮਾਤਮਾ ਸਭ ਨੂੰ ਦਿੰਦਾ ਹੈ ਕਿਹੋ ਜਿਹੀ ਹੋਵੇ।"

ਰਾਮ ਸਿੰਘ ਨੇ ਹਿੰਮਤ ਕਰਕੇ ਸੱਚ ਦੱਸਿਆ, "ਮਹਾਰਾਜ ! ਮੈਨੂੰ ਜੂਆ ਖੇਡਣ ਦੀ ਬਾੜੀ ਮਾੜੀ ਆਦਤ ਹੈ। ਸਭ ਕੁਝ ਜੂਏ ਵਿਚ ਹਾਰ ਗਿਆ ਹਾਂ।"

ਹਜ਼ੂਰ ਨੇ ਪੁੱਛਿਆ, "ਤੂੰ ਹੁਣ ਕੀ ਚਾਹੁੰਦਾ ਹੈਂ ?" "ਮਹਾਰਾਜ ! ਕੋਈ ਜੂਆ

ਜਿੱਤਣ ਦਾ ਉਪਾਅ ਦੱਸੋ।" ਰਾਮ ਸਿੰਘ ਨੇ ਸੁਭਾਅ ਅਨੁਸਾਰ ਬੇਨਤੀ ਕੀਤੀ।

"ਜੂਏ ਵਾਲਿਆਂ ਲਈ ਸਾਡੇ ਕੋਈ ਥਾਂ ਨਹੀਂ। ਜਾ ਇੱਥੋਂ ਚਲਿਆ ਜਾਹ।" ਬਾਬਾ ਜੀ ਨੇ ਹੁਕਮ ਕੀਤਾ।

"ਜਾਣ ਲਈ ਮੇਰੇ ਕੋਲ ਕੋਈ ਥਾਂ ਨਹੀਂ। ਮੈਂ ਇੱਥੋਂ ਦਾ ਆਸਰਾ ਤੱਕ ਕੇ ਆਇਆ ਹਾਂ। ਮਾਰੋ ਚਾਹੋ ਛੱਡੋ ਮੈਂ ਕਿਸੇ ਥਾਂ ਨਹੀਂ ਜਾ ਸਕਦਾ।" ਉਸ ਨੇ ਫਿਰ ਬੇਨਤੀ ਕੀਤੀ। ਫੁਰਮਾਨ ਹੈ :

**ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ॥**

ਬਾਬਾ ਜੀ ਨੇ ਹੁਕਮ ਕੀਤਾ, "ਜੇ ਰਾਤ ਨੂੰ ਕੁਝ ਦਿੱਸੇ ਤਾਂ ਡਰਨਾ ਨਹੀਂ।" ਸਾਹਮਣੇ ਜਗ੍ਹਾ ਵੱਲ ਇਸ਼ਾਰਾ ਕਰਕੇ ਸੌਣ ਲਈ ਪੈਣ ਦਾ ਹੁਕਮ ਕੀਤਾ। ਰਾਤ ਨੂੰ ਉਸ ਨੇ ਕੋਈ ਕੌਤਕ ਦੇਖਿਆ ਪਰ ਡਰਿਆ ਨਹੀਂ।"

ਸਵੇਰੇ ਬਾਬਾ ਜੀ ਨੇ ਪੁੱਛਿਆ, "ਰਾਤ ਜੋ ਦੇਖਿਆ ਸੀ ਡਰਿਆ ਤਾਂ ਨਹੀਂ ?"ਉਸ ਨੇ ਕਿਹਾ, "ਮਹਾਰਾਜ ! ਆਪ ਦੀ ਹਜ਼ੂਰੀ ਵਿਚ ਡਰ ਕਿਸ ਚੀਜ਼ ਦਾ ?"ਹਜ਼ੂਰ ਨੇ ਬਚਨ ਕੀਤਾ, "ਸਾਡੇ ਕੋਲ ਨਾਮ ਸਿਮਰਨ ਤੇ ਸੇਵਾ ਕਰਨ ਵਾਲੇ ਹੀ ਰਹਿ ਸਕਦੇ ਹਨ।"

**ਕਹੁ ਨਾਨਕ ਭਗਤਨ ਕਾ ਸੰਗੀ ਭਗਤ ਸੋਹਹਿ ਦਰਬਾਰਾ॥**

ਉਸ ਨੇ ਬੇਨਤੀ ਕੀਤੀ, "ਪਾਤਸ਼ਾਹ, ਮੈਨੂੰ ਜਿਹੋ ਜਿਹੀ ਵੀ ਸੇਵਾ ਦਿਉਗੇ, ਕਰਨ ਲਈ ਤਿਆਰ ਹਾਂ।"

ਸੇਵਾ ਮਿਲ ਗਈ। ਇੱਕ ਦਿਨ ਮੇਹਰ ਦੇ ਘਰ ਆਏ। ਹਜ਼ੂਰ ਨੇ ਹੁਕਮ ਕੀਤਾ, "ਰਾਮ ਸਿੰਘ, ਆਪਣੇ ਪਰਿਵਾਰ ਨੂੰ ਵੀ ਇੱਥੇ ਹੀ ਲੈ ਆਉ। ਉਨ੍ਹਾਂ ਦਾ ਪਿੱਛੇ ਗੁਜ਼ਾਰਾ ਕਿਵੇਂ ਚਲਦਾ ਹੋਵੇਗਾ ?"

ਰਾਮ ਸਿੰਘ ਚੁੱਪ ਰਿਹਾ। ਸੰਗਤ ਨੇ ਕਿਹਾ, "ਮਹਾਂਪੁਰਖਾਂ ਦਾ ਬਚਨ ਨਹੀਂ ਮੋੜੀਦਾ। ਪਰਿਵਾਰ ਨੂੰ ਲੈ ਆਉ।"

ਹੁਕਮ ਮੰਨ ਕੇ ਪਿੰਡ ਚਲਾ ਗਿਆ ਤੇ ਘਰ ਵਾਲਿਆਂ ਨੂੰ ਬਾਬਾ ਜੀ ਦਾ ਹੁਕਮ ਸੁਣਾਇਆ। ਉਸ ਦੀ ਪਤਨੀ ਗੰਗੀ ਨੇ ਜਵਾਬ ਦਿੱਤਾ, "ਇੱਥੇ ਤਾਂ ਮੰਗ ਕੇ ਜਾਂ ਮਜ਼ਦੂਰੀ ਕਰਕੇ ਖਾ ਲੈਂਦੇ ਹਾਂ। ਉਥੇ ਭੁੱਖੇ ਹੀ ਨਾ ਰਹਿਣਾ



ਪਵੇ।" ਉਸ ਨੂੰ ਕੀ ਪਤਾ ਸੀ ਕਿ ਇਹ ਘਰ ਤਾਂ ਉਹ ਹੈ ਜਿੱਥੇ **'ਜੋ ਮਾਂਗਹਿ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ'** ਇਹ ਸਮਰੱਥ ਮਹਾਂਪੁਰਖਾਂ ਦਾ ਘਰ ਹੈ।

ਰਾਮ ਸਿੰਘ ਨੇ ਕਿਹਾ, "ਉਥੇ ਜਾ ਕੇ ਦੁਨੀਆਂ ਭੁੱਲ ਜਾਂਦੀ ਹੈ। ਆਉਣ ਨੂੰ ਦਿਲ ਨਹੀਂ ਕਰਦਾ। ਉਸ ਅਸਥਾਨ 'ਤੇ ਜਾ ਕੇ ਦੇਖੋ।" 'ਰਿਧ ਸਿਧ ਨਵਨਿਧ ਜਾਕੈ ਅੰਮ੍ਰਿਤਾ ਪ੍ਰਵਾਹ' ਵਾਲੀ ਗੱਲ ਉਥੇ ਪ੍ਰਤੱਖ ਹੈ।

ਅਗਲੇ ਦਿਨ ਰਾਮ ਸਿੰਘ, ਗੰਗੀ, ਇਕ ਲੜਕੀ ਅਤੇ ਦੋ ਲੜਕੇ ਬਾਬਾ ਜੀ ਦੇ ਚਰਨਾਂ ਵਿਚ ਪਹੁੰਚੇ। ਹੁਕਮ ਅਨੁਸਾਰ ਸੇਵਾ ਵਿਚ ਲੱਗ ਗਏ। ਬਾਬਾ ਜੀ ਨੇ ਹੁਕਮ ਦਿੱਤਾ ਸੇਵਕਾਂ ਨੂੰ ਕਿ ਮੁੰਡਿਆਂ ਨੂੰ ਇਕ ਇਕ ਸੇਰ ਦੁੱਧ ਦਿੱਤਾ ਜਾਵੇ।

ਰਾਮ ਸਿੰਘ ਦਾ ਪਰਿਵਾਰ ਇੰਨੀ ਦਿਆਲਤਾ ਦੇਖ ਕੇ ਹੈਰਾਨ ਹੋ ਗਿਆ। ਰੋਟੀ ਤੋਂ ਮੁਥਾਜ ਹੋਇਆ ਤੇ ਇੰਨੀ ਕ੍ਰਿਪਾ ਮਹਾਰਾਜ ਦੀ। ਮੁੰਡੇ ਦੁੱਧ ਪੀ ਕੇ ਛਾਲਾਂ ਲਾਉਂਦੇ। ਹਜ਼ੂਰ ਕਈ ਵਾਰ ਪ੍ਰਸੰਨ ਹੋਏ ਦੋਨਾਂ ਦਾ ਘੋਲ ਕਰਵਾਉਂਦੇ। ਇਕ ਦਿਨ ਗੰਗੀ ਭੁੱਚੋ ਕਲਾਂ ਪਿੰਡ ਕਿਸੇ ਦੂਰ ਤੋਂ ਰਿਸ਼ਤੇਦਾਰੀ ਵਿਚ ਚਲੀ ਗਈ। ਰਾਤ ਉਥੇ ਹੀ ਰਹਿ ਪਈ। ਪਿੱਛੋਂ ਲੜਕੀ ਰੋਂਦੀ ਰਹੀ। ਅਗਲੇ ਦਿਨ ਇਸ ਖਿਆਲ ਨਾਲ ਗੰਗੀ ਨੇ ਬੇਨਤੀ ਕੀਤੀ ਕਿ ਕੁੜੀ ਨੂੰ ਬੁਖਾਰ ਹੋ ਗਿਆ ਹੋਵੇਗਾ। ਇਸ ਕਰਕੇ ਰੋਂਦੀ ਹੋਵੇਗੀ।

ਹਜ਼ੂਰ ਨੇ ਹੁਕਮ ਕੀਤਾ, "ਲੜਕੀ ਬੁਖਾਰ ਕਰਕੇ ਨਹੀਂ ਰੋਂਦੀ ਸੀ। ਇਸ ਕਰਕੇ ਰੋਂਦੀ ਹੈ ਕਿ ਤੁਹਾਡੀ ਸੇਵਾ ਪ੍ਰਵਾਨ ਹੈ ਹੁਣ ਆਪਣੇ ਘਰ ਚਲੇ ਜਾਉ।"

ਰਾਮ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਮਹਾਰਾਜ ! ਘਰ ਤਾਂ ਦੁੱਖ ਤੇ ਭੁੱਖ ਹੀ ਹੈ। ਉਥੇ ਜਾ ਕੇ ਭੁੱਖੇ ਰਹਿਣਾ ਪਵੇਗਾ।"

ਬਾਬਾ ਜੀ ਨੇ ਬਚਨ ਕੀਤਾ, "ਤੇਰਾ ਭੁੱਖ ਤੇ ਦੁੱਖ ਅਸੀਂ ਇੱਥੇ ਹੀ ਰੱਖ ਲਿਆ ਹੈ।"

ਗੰਗੀ ਨੇ ਬੇਨਤੀ ਕੀਤੀ, "ਕ੍ਰਿਪਾਲੂ ਪਾਤਸ਼ਾਹ ! ਮੁੰਡੇ ਦੁੱਧ ਕਿਥੋਂ ਪੀਣਗੇ ?"

ਹਜ਼ੂਰ ਨੇ ਫੁਰਮਾਇਆ, "ਤੁਹਾਡਾ ਇੱਥੇ ਵਾਲਾ ਦੁੱਧ ਉਥੇ ਭੇਜ ਦਿੱਤਾ ਹੈ। ਹੁਣ ਉਥੇ ਵੀ ਮਿਲੇਗਾ।"

ਹੁਕਮ ਮੰਨ ਕੇ ਸਮਾਨ ਬੰਨ੍ਹ ਲਿਆ ਅਤੇ ਆਗਿਆ ਲੈਣ ਆ ਰਹੇ ਰਾਮ ਸਿੰਘ ਦੇ ਮਨ ਵਿਚ ਖਿਆਲ ਆਇਆ, "ਕੰਮ ਤਾਂ ਮੈਂ ਕਰਨ ਵਾਲਾ ਨਹੀਂ ਪੈਸੇ ਮੇਰੇ ਕੋਲ ਕੋਈ ਨਹੀਂ। ਗੁਜ਼ਾਰ ਕਿਵੇਂ ਚੱਲੇਗਾ ?"

ਅੰਤਰਜਾਮੀ ਪਾਤਸ਼ਾਹ ਨੇ ਮਨ ਦੀ ਬੁੱਝ ਕੇ ਬਚਨ ਕੀਤਾ, "ਤੂੰ ਬੇਸ਼ਕ ਕੰਮ ਨਾ ਕਰੀਂ। ਤੈਨੂੰ ਪੰਜ ਰੁਪਏ ਹਰ ਰੋਜ਼ ਮਿਲਿਆ ਕਰਨਗੇ। ਸਵੇਰੇ ਉੱਠ ਕੇ ਸਿਰਹਾਣੇ ਹੇਠਾਂ ਤੋਂ ਚੁੱਕ ਲਿਆ ਕਰੀਂ। ਸਤਿ ਬਚਨ ਕਹਿ ਕੇ ਰਾਮ ਸਿੰਘ ਚਲਾ ਗਿਆ।

**ਜਿਸ ਦਾ ਕਰਤਾ ਮਿਤ੍ਰੁ ਸਭਿ ਕਾਜ ਸਵਾਰਿਆ॥**

ਭਾਈ ਰਾਮ ਸਿੰਘ ਘਰ ਪਹੁੰਚਿਆਂ ਤਾਂ ਗੁਆਂਢੀ ਮਿਲਣ ਲਈ ਆਏ। ਆਉਂਦੇ ਜਾਂਦੇ ਗੁਆਂਢੀਆਂ ਵਿਚੋਂ ਇਕ ਸੇਠ ਨੇ ਰਾਮ ਸਿੰਘ ਨੂੰ ਕਿਹਾ, "ਮੇਰੇ ਕੋਲ ਇਕ ਮੱਝ ਹੈ। ਮੇਰੇ ਤੋਂ ਸਾਂਭੀ ਨਹੀਂ ਜਾਂਦੀ। ਤੂੰ ਲੈ ਲੈ। ਬੱਚੇ ਦੁੱਧ ਪੀ ਲਿਆ ਕਰਨਗੇ।"

ਰਾਮ ਸਿੰਘ ਨੇ ਕਿਹਾ, "ਮੇਰੇ ਕੋਲ ਕੋਈ ਪੈਸਾ ਨਹੀਂ। ਮੈਂ ਮੱਝ ਕਿਸ ਤਰ੍ਹਾਂ ਲੈ ਲਵਾਂ ?"

ਸੇਠ ਨੇ ਕਿਹਾ, "ਕੋਈ ਗੱਲ ਨਹੀਂ ਪੈਸਿਆਂ ਦੀ। ਜਦ ਬਣ ਜਾਣ ਦੇ ਦੇਵੀਂ। ਜੇ ਨਾ ਬਨਣ ਤਾਂ ਵੀ ਕੋਈ ਲੋੜ ਨਾ ਸਮਝੀਂ।"

ਉਸ ਨੂੰ ਤੁਰੰਤ ਹਜ਼ੂਰ ਦਾ ਬਚਨ ਯਾਦ ਆਇਆ ਕਿ, "ਦੁੱਧ ਤਾਂ ਅਸੀਂ ਉਥੇ ਭੇਜ ਦਿੱਤਾ ਹੈ।" ਉਸ ਦਾ ਮਨ ਭਰ ਆਇਆ ਅਤੇ ਸ਼ੁਕਰਾਨਾ ਕਰਦਾ ਗੱਚ ਭਰ ਆਇਆ। ਅੱਖਾਂ ਦੇ ਅੱਥਰੂ ਕਹਿਣ, "ਧੰਨ ਹੈ ਸੱਚੇ ਪਾਤਸ਼ਾਹ।"

**ਕਰਣਾ ਕਰ ਬਿਸੂੰਭਰ॥**

ਰਾਮ ਸਿੰਘ ਅੱਖਾਂ ਮੀਟੀ ਬੈਠਾ ਸੋਚ ਰਿਹਾ ਸੀ ਕਿ ਸੇਠ ਅਤੇ ਉਸ ਦਾ ਨੌਕਰ ਮੱਝ ਲੈ ਕੇ ਆ ਗਏ। ਮੱਝ ਛੱਡ ਕੇ ਸੇਠ ਚਲਾ ਗਿਆ।

**ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ॥**

(ਮਾਹ ਵਾਰ ੩ ਮ: ੫ ਅੰਗ ੧੦੯੬)

ਜਿਹੜੇ ਦੁਸ਼ਮਨ ਸਨ ਸਭ ਮਿੱਤਰ ਬਣ ਗਏ। ਰਾਮ ਸਿੰਘ ਦੇ ਪੁਰਾਣੇ ਮਿੱਤਰ ਨੇ ਆ ਕੇ ਕਿਹਾ, "ਰਾਮ ਸਿੰਘਾਂ, ਆਪਾਂ ਸਾਂਝੀ ਵਾਹੀ ਹੀ ਚਲਾ ਲਈਏ।"



ਰਾਮ ਸਿੰਘ ਨੇ ਕਿਹਾ, "ਮੇਰੇ ਕੋਲ ਕੋਈ ਜ਼ਮੀਨ ਕੋਈ ਸੰਦ ਨਹੀਂ ਵਾਹੀ ਕਿਵੇਂ ਚੱਲੇਗੀ ?"

ਮਿੱਤਰ ਨੇ ਕਿਹਾ, "ਕਿਸੇ ਚੀਜ਼ ਦੀ ਲੋੜ ਨਹੀਂ। ਮੈਂ ਆਪੇ ਕਰ ਲਵਾਂਗਾ। ਫਸਲ ਆਈ ਤੋਂ ਹਿਸਾਬ ਕਰਕੇ ਪੈਸੇ ਆਦਿ ਦਾ ਹਿਸਾਬ ਕਰ ਲਵਾਂਗੇ।" ਵਾਹੀ ਸਾਂਝੀ ਕੀਤੀ, ਕਾਫ਼ੀ ਬਚਤ ਹੋਈ।

ਰਾਮ ਸਿੰਘ ਨੇ ਚਾਹ ਗੁੜ ਦੀ ਦੁਕਾਨ ਕਰ ਲਈ। ਪਿੰਡ ਦੇ ਨਿਵਾਸੀ ਸੌਦਾ ਲੈਣ ਲੱਗ ਪਏ। ਚੰਗੀ ਆਮਦਨ ਹੋਣ ਲੱਗੀ। ਹੌਲੀ ਹੌਲੀ ਆਮਦਨ ਕਾਫ਼ੀ ਹੋ ਗਈ। ਫਿਰ ਗਿੱਦੜਬਾਹੇ ਮੰਡੀ ਆੜ੍ਹਤ ਦੀ ਦੁਕਾਨ ਕਰ ਲਈ। ਚੰਗੀ ਆਮਦਨ ਹੋਣ ਲੱਗ ਗਈ। ਸ਼ਾਹੂਕਾਰ ਬਣ ਗਿਆ। ਬਾਬਾ ਜੀ ਅਨੰਦ ਸਿੰਘ ਜੀ ਸਿੱਖਿਆ ਦਿੰਦੇ ਸਨ, "ਜੇ ਨਿਰੰਕਾਰ ਨੇ ਮਾਇਆ ਦਿੱਤੀ ਹੈ ਤਾਂ ਬੰਦਾ ਸਤਿ ਸੰਗਤ ਕਰੇ, ਨਾਮ ਜਪੇ। ਫਿਰ ਲੋਕ ਪ੍ਰਲੋਕ ਸੌਰ ਜਾਂਦਾ ਹੈ। ਨਹੀਂ ਤਾਂ ਕੁ-ਕਰਮ ਨਰਕ ਨੂੰ ਲੈ ਜਾਂਦੇ ਹਨ।"

**ਮਾਇਆ ਦੋ ਪ੍ਰਕਾਰ ਦੀ ਦੋਇ ਵਿਖਾਲੇ ਰਾਹ॥**

**ਏਕ ਮਿਲਾਵੇ ਰਾਮ ਕੋ ਨਰਕ ਲੇ ਜਾਹ॥**

ਰਾਮ ਸਿੰਘ ਜੀ ਦੀ ਬਾਬਾ ਜੀ ਉਪਰ ਬਹੁਤ ਸ਼ਰਧਾ ਸੀ। ਘੱਟੋ ਘੱਟ ਹਰ ਮਹੀਨੇ ਦਰਸ਼ਨ ਕਰਨ ਆਉਂਦਾ। ਘਰ ਤੋਂ ਦੁੱਧ ਲਿਆ ਕੇ ਬਾਬਾ ਜੀ ਨੂੰ ਆਪ ਛਕਾਉਂਦੇ। ਪ੍ਰਸੰਨਤਾ ਲੈ ਕੇ ਘਰ ਨੂੰ ਜਾਣਾ। ਬਾਬਾ ਜੀ ਨੇ ਇਸ ਨੂੰ ਤਾਕੀਦ ਕੀਤੀ, "ਹਰ ਬੁੱਧਵਾਰ ਦੁੱਧ ਰਿੜਕਣਾ ਨਹੀਂ। ਥੇਈ ਰੱਖਣੀ ਹੈ, ਖੀਰ ਬਣਾ ਕੇ ਘਰ ਹੀ ਛੱਕ ਲੈਣੀ ਹੈ। ਦੁੱਧ ਵੇਚਣਾ ਨਹੀਂ। ਆਂਡਾ, ਮੀਟ, ਸ਼ਰਾਬ ਘਰ ਨਹੀਂ ਵਰਤਣੀ। ਕਿਸੇ ਮੜ੍ਹੀ ਮਸਾਣੀ, ਕਿਸੇ ਦੇਵੀ, ਦੇਵਤੇ ਨੂੰ ਨਹੀਂ ਮੰਨਣਾ।

(ਇਹ ਬਚਨ ਅੱਜ ਤੱਕ ਸਤਿ ਕਰਕੇ ਮੰਨੇ ਜਾਂਦੇ ਹਨ।)

**ਕਿਆ ਸੁਖ ਤੇਰੇ ਸੰਮਲਾ ਕਵਨ ਬਿਧੀ ਬੀਚਾਰ॥**

(ਰਾਮ ਸਿੰਘ ਦਾ ਅਤਿਅੰਤ ਭਰੋਸਾ ਬਾਬਾ ਜੀ ਮਹਾਰਾਜ ਪ੍ਰਤੀ ਅਗਲੇ ਪ੍ਰਸੰਗ ਵਿਚ ਦਿਖਾਈ ਦੇਵੇਗਾ।)

## ਹੁਕਮੁ ਨ ਜਾਣੈ ਬਹੁਤਾ ਰੋਵੈ ॥

ਸਨਮਾਨ ਜਨਕ ਪ੍ਰਾਪਤੀਆਂ ਵਾਹਿਗੁਰੂ ਦੀ ਪ੍ਰਸੰਨਤਾ ਦੀ ਦਾਤ ਹਨ। "ਜਿਵ ਜਿਵ ਹੁਕਮ ਤਿਵੈ ਤਿਵ ਕਾਰ॥" ਇਸ ਵਾਹਿਗੁਰੂ ਦੀ ਰਜ਼ਾ ਹਰ ਥਾਂ ਵਰਤਦੀ ਹੈ। ਪ੍ਰਮੇਸ਼ਰ ਦੇ ਹੁਕਮ ਨਾਲ ਕਈਆਂ ਨੂੰ ਮੁਕਤੀ ਦੀ ਮਿਹਰ, ਆਂਚਲ ਵਿਚ ਬਖ਼ਸ਼ੀਸ਼ ਬਣ ਨਸੀਬ ਹੁੰਦੀ ਹੈ। ਹੁਕਮੈ ਅੰਦਰ ਗੀਠੇ ਮਿਠਾਸ ਨਾਲ ਪ੍ਰਤੱਖ ਹੁੰਦੇ ਹਨ। ਪਰ ਬਿਨਾਂ ਹੁਕਮ ਅੰਬਾਂ ਦੀ ਬੁੱਕਲ ਵਿਚ ਜਨਮਿਆਂ ਅੱਕ ਉਨ੍ਹਾਂ ਦੀ ਗੁੜਤੀ ਤੋਂ ਵੀ ਵਾਂਝਾ ਰਹਿ ਜਾਂਦਾ ਹੈ। ਰੱਬ ਦੇ ਹੁਕਮ ਅਨੁਕੂਲ ਤੁਰਿਆ ਇਨਸਾਨ ਪ੍ਰਮਾਤਮਾ ਤੇ ਅਪਣੇ ਵਿਚਲੀ ਦੂਰੀ ਨੂੰ ਨੇੜੇ ਦਾ ਪੰਧ ਮਹਿਸੂਸ ਕਰਨ ਲੱਗਦਾ ਹੈ। ਸੱਚੇ ਰੱਬ ਦਾ ਦੀਦਾਰ ਪਾਉਣਾ ਹੋਵੇ ਤਾਂ ਮਨ ਦੀ ਹਰ ਕਲਪਨਾ ਉੱਤੇ ਇਲਾਹੀ ਹੁਕਮ ਨੂੰ ਭਾਰੂ ਕਰਨਾ ਪਵੇਗਾ। ਹੁਕਮ ਵਿਚ ਨਾ ਰਹਿੰਦੇ ਮਨ, ਨੂੰ ਪਸਚਾਤਾਪ ਦੀ ਭੱਠੀ ਵਿਚ ਜਲਣਾ ਹੋਵੇਗਾ।

ਰਾਮ ਸਿੰਘ ਦੀ ਭਰਜਾਈ ਖੇਮ ਕੌਰ ਨੂੰ ਆਮ ਲੋਕ ਮਾਈ ਖੇਮੀ ਕਹਿ ਕੇ ਸੰਬੋਧਨ ਕਰਦੇ ਸਨ। ਆਪਣੇ ਦਿਉਰ ਰਾਮ ਸਿੰਘ ਦੀ ਸੁਧਰੀ ਹਾਲਤ ਦੇਖ ਕੇ ਖੇਮੀ ਨੂੰ ਖਿਆਲ ਆਇਆ ਕਿ ਇਸ ਨੂੰ ਬਾਬਾ ਜੀ ਪਾਸੋਂ ਬਖ਼ਸ਼ਿਸ਼ਾਂ ਹੋਈਆਂ ਹਨ। ਮੈਂ ਵੀ ਉਥੇ ਜਾ ਕੇ ਬੇਨਤੀ ਕਰ ਕੇ ਦੇਖਾਂ। ਇਸ ਵਿਚਾਰ ਨਾਲ ਮਾਈ ਖੇਮੀ ਬਾਬਾ ਜੀ ਦੀ ਹਜ਼ੂਰੀ ਵਿਚ ਪਹੁੰਚੀ। ਉਸ ਸਮੇਂ ਸੰਗਤ ਹੋਰ ਵੀ ਆਈ ਹੋਈ ਸੀ। ਉਨ੍ਹਾਂ ਨਾਲ ਇਕ ਸਰਦਾਰ ਵੀ ਪੁੱਤਰ ਦੀ ਦਾਤ ਲੈਣ ਲਈ ਬੇਨਤੀ ਕਰਨ ਆਇਆ ਸੀ।

ਹਜ਼ੂਰ ਬਾਬਾ ਜੀ ਨੇ ਮਾਈ ਵੱਲ ਤੱਕ ਕੇ ਪੁੱਛਿਆ, "ਮਾਈ ਕਿੱਥੋਂ ਅਤੇ ਕਿਵੇਂ ਆਈ ਹੈਂ ?" ਮਾਈ ਨੇ ਆਪਣਾ ਨਾਮ ਪਤਾ ਦੱਸ ਕੇ ਇੱਛਾ ਵੀ ਜ਼ਾਹਰ ਕਰ ਦਿੱਤੀ। ਮਾਈ ਨੇ ਲੜਕਾ ਚੁੱਕਿਆ ਹੋਇਆ ਸੀ।

ਬਾਬਾ ਜੀ ਨੇ ਬਚਨ ਕੀਤਾ, "ਮਾਈ ਇਹ ਬੱਚਾ ਸਾਨੂੰ ਦੇ ਦਿਓ।" ਮਾਈ ਨੇ ਨਾਂਹ ਕਰ ਦਿੱਤੀ। ਹਜ਼ੂਰ ਨੇ ਫਿਰ ਬਚਨ ਕੀਤਾ, "ਮਾਈ ਇਹ ਮੁੰਡਾ ਸਾਨੂੰ



ਦੇ ਦਿਓ। ਅਸੀਂ ਇਸ ਨੂੰ ਸਰਦਾਰ ਬਨਾਉਣਾ ਹੈ। ਤੈਨੂੰ ਮੁੰਡਾ ਹੋਰ ਮਿਲ ਜਾਏਗਾ।"

ਮਾਈ ਫਿਰ ਜਵਾਬ ਦੇ ਦਿੱਤਾ, "ਮਹਾਂਪੁਰਖ ਦੀ ਸਰਨਿ ਆ ਕੇ ਪੂਰਬਲੇ ਪੁੰਨਾਂ ਵਾਲਾ ਹੀ ਉਨ੍ਹਾਂ ਦੀ ਰਮਜ਼ ਸਮਝ ਸਕਦਾ ਹੈ। ਆਮ ਆਦਮੀ ਦੀ ਸਮਝ ਨਹੀਂ ਆ ਸਕਦੀ।" ਮਾਈ ਹਜ਼ੂਰ ਦੇ ਇਸ਼ਾਰੇ ਨੂੰ ਸਮਝ ਨਾ ਸਕੀ।

**ਜੋ ਤੂ ਕਰਹਿ ਕਰਵਾਹਿ ਸੁਆਮੀ ਸਾ ਮਸਲਤਿ ਪਰਵਾਣੁ॥**

ਫਿਰ ਹਜ਼ੂਰ ਨੇ ਸਰਦਾਰ ਨੂੰ ਬਚਨ ਕੀਤਾ, "ਜਾਹ ਬਈ ਤੇਰਾ ਕੰਮ ਸ਼ੁੱਧ ਹੈ।"

ਸਰਦਾਰ ਆਗਿਆ ਲੈ ਕੇ ਚਲਾ ਗਿਆ। ਮਾਈ ਖੇਮੀ ਦੇ ਪੁੱਤਰ ਨੂੰ ਡੇਰੇ ਵਿਚ ਹੀ ਇਕ ਕੁੱਤੇ ਨੇ ਕੱਟ ਦਿੱਤਾ। ਮਾਈ ਆਗਿਆ ਲੈ ਕੇ ਪਿੰਡ ਕਾਲ ਝਰਾਣੀ ਆ ਗਈ। ਉਸ ਨੇ ਘਰ ਆ ਕੇ ਸਾਰੀ ਵਾਰਤਾ ਰਾਮ ਸਿੰਘ ਨੂੰ ਸੁਣਾਈ ਕਿ ਕਿਸ ਤਰ੍ਹਾਂ ਬਾਬਾ ਜੀ ਮੁੰਡਾ ਮੰਗਦੇ ਸਨ ਪਰ ਮੈਂ ਨਹੀਂ ਦਿੱਤਾ।"

ਇਹ ਸੁਣ ਕੇ ਰਾਮ ਸਿੰਘ ਡਰ ਗਿਆ। ਉਸ ਨੇ ਖੇਮੋ ਨੂੰ ਕਿਹਾ, "ਤੂੰ ਸਤਿ ਬਚਨ ਕਿਉਂ ਨਹੀਂ ਕੀਤਾ ?" ਉਸ ਨੇ ਸੋਚਿਆ ਚੱਲ ਕੇ ਭੁੱਲ ਬਖਸ਼ਾਈਏ। ਅਗਲੇ ਦਿਨ ਰਾਮ ਸਿੰਘ ਆਪਣੇ ਲੜਕੇ ਨੂੰ ਹੀ ਲੈ ਕੇ ਬਾਬਾ ਜੀ ਪਾਸ ਆ ਗਿਆ। ਨਮਸਕਾਰ ਕਰਕੇ ਬੇਨਤੀ ਕਰਨ ਲੱਗਾ, "ਮਹਾਰਾਜ ! ਮੇਰੀ ਭਰਜਾਈ ਨੇ ਬਹੁਤ ਗਲਤੀ ਕੀਤੀ ਹੈ। ਅਸੀਂ ਭੁੱਲਣਹਾਰ ਸਾਂ ਆਪ ਜੀ ਬਖ਼ਸ਼ਿੰਦ ਹੋ। ਕ੍ਰਿਪਾ ਕਰੋ। ਮੇਰਾ ਲੜਕਾ ਹਾਜ਼ਰ ਹੈ। ਇਹ ਤਨ ਮਨ ਧਨ ਨਾਲ ਸਭ ਆਪ ਦਾ ਹੀ ਹੈ।

ਬਾਬਾ ਜੀ ਨੇ ਬਚਨ ਕੀਤਾ, "ਰਾਮ ਸਿੰਘ, ਤੇਰੇ ਉਪਰ ਪ੍ਰਸੰਨ ਹਾਂ ਤੂੰ ਚਿੰਤਾ ਨਾ ਕਰ। ਬਚਨ ਮੰਨਣ ਦਾ ਸਮਾਂ ਬੀਤਾ ਗਿਆ ਹੈ। ਤੇਰੇ ਘਰ ਵਾਪਿਸ ਜਾਣ ਤੋਂ ਪਹਿਲਾਂ ਹੀ ਉਸਦਾ ਮੁੰਡਾ ਮਰ ਚੁੱਕਾ ਹੋਵੇਗਾ। ਉਹ ਅਸੀਂ ਲੈ ਲਿਆ ਹੈ। ਜੇ ਬਚਨ ਮੰਨ ਕੇ ਉਸ ਨੂੰ ਦੇ ਦਿੰਦੀ ਤਾਂ ਘਰ ਵਿਚ ਸਰਦਾਰੀ ਵੀ ਆ ਜਾਂਦੀ ਤੇ ਉਸ ਨੂੰ ਮੁੰਡਾਂ ਵੀ ਹੋਰ ਮਿਲ ਜਾਂਦਾ। ਉਸ ਲੜਕੇ ਨੇ ਤਾਂ ਸਰਦਾਰ ਦੇ ਘਰ ਜਨਮ ਲੈਣਾ ਹੀ ਸੀ। ਪਰ ਉਸ ਨੂੰ ਹੋਰ ਮਿਲ ਜਾਂਦਾ। ਉਸ ਲੜਕੇ ਨੂੰ ਸਰਦਾਰ ਨੂੰ ਉਂਝ ਹੀ ਦੇ ਦਿੰਦੇ। ਹੁਣ ਉਸ ਨੂੰ ਜਨਮ ਲੈਣਾ ਪਵੇਗਾ। ਨੌਂ ਮਹੀਨੇ ਬਾਅਦ ਉਸ ਦਾ ਜਨਮ ਸਰਦਾਰ ਦੇ ਘਰ ਹੋਵੇਗਾ।"

# ਤੇਰੀ ਬਖਸ਼ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ॥

ਪ੍ਰਮੇਸ਼ਰ ਦੀ ਸਵੱਲੜੀ ਨਦਰਿ ਖੰਡਰਾਂ ਨੂੰ ਮਹਿਲਾਂ ਵਿਚ ਬਦਲ ਦਿੰਦੀ ਹੈ। ਉਜਾੜਾਂ ਦੀ ਹਵਾ ਨੂੰ ਮਹਿਕਾ ਦੇਂਦੀ ਹੈ ਬਨਾਸਪਤੀ। ਮਹਾਂਪੁਰਖਾਂ ਦੀ ਬਖ਼ਸ਼ਿਸ਼ ਬੁਝੇ ਹੋਏ ਚਿਰਾਗਾਂ ਵਿਚ ਤੇਲ ਬਣ ਰੌਸ਼ਨੀ ਭਰ ਦੇਂਦੀ ਹੈ। ਅੱਡੀ ਹੋਈ ਝੋਲੀ ਨੂੰ ਬਖ਼ਸ਼ਿਸ਼ ਨਸੀਬ ਹੋ ਜਾਏ ਤਾਂ ਮਨ ਚਿੰਤਾਂ ਦੇ ਭੰਵਰਾਂ ਵਿਚ ਗੋਤੇ ਖਾਣ ਤੋਂ ਸੁਰਖਰੂ ਹੋ, ਚੰਚਲ ਮਨ ਉਡਾਰੀਆਂ ਅਸਮਾਨੀ ਲਾਉਂਦਾ ਹੈ। ਦਰਗਾਹੀ ਰਹਿਨੁਮਾ ਦਾ ਦਰਸ਼ਨ ਮਾਰਗ ਖੁਸ਼ੀਆਂ ਖੇੜੇ ਲਿਆ ਟਪਕਾਉਂਦਾ ਹੈ। ਇਸ ਬਖ਼ਸ਼ਿਸ਼ ਲੜੀ ਦਾ ਇਕ ਮਣਕਾ ਨਸੀਬ ਹੋਇਆ ਸੀ ਰਾਮ ਸਿੰਘ ਪਿੰਡ ਕਾਲ ਝਰਾਣੀ ਵਾਲੇ ਗੁਰਸਿੱਖ ਨੂੰ।

ਪਿੰਡ ਦੀ ਸੱਥਾਂ ਵਿਚ ਚਰਚਾ ਹੋਣ ਲੱਗੀ ਕਿ ਰਾਮ ਸਿੰਘ ਕਿਸ ਤਰ੍ਹਾਂ ਦਿਨਾਂ ਵਿਚ ਹੀ ਅਮੀਰ ਹੋ ਗਿਆ ਹੈ। ਇਕ ਨੇ ਕਿਹਾ, "ਰਾਮ ਸਿੰਘ ਉਪਰ ਮਹਾਂਪੁਰਖਾਂ ਦੀ ਬਖ਼ਸ਼ਿਸ਼ ਹੈ। ਉਸ ਨੂੰ ਭੁੱਚੋ ਵਾਲੇ ਬਾਬਾ ਜੀ ਰੂੰਮੀ ਵਾਲਿਆਂ ਦੀ ਬਰਕਤ ਨਸੀਬ ਹੈ। ਰਾਮ ਸਿੰਘ ਹਰ ਰੋਜ਼ ਸਵੇਰੇ ਉੱਠ ਕੇ ਆਪਣੇ ਸਿਰਹਾਣੇ ਹੇਠੋਂ ਪੰਜ ਰੁਪਏ ਚੁੱਕਦਾ ਹੈ। ਇਹ ਮਹਾਂਪੁਰਖਾਂ ਦੀ ਬਖ਼ਸ਼ਿਸ਼ ਹੈ।"

ਉਨ੍ਹਾਂ ਆਦਮੀਆਂ ਨੇ ਪ੍ਰਤੱਖ ਵੇਖਣ ਲਈ ਅਗਲੇ ਦਿਨ ਰਾਮ ਸਿੰਘ ਦੇ ਘਰ ਜਾਣ ਦਾ ਮਨ ਬਣਾਇਆ। ਅਗਲੀ ਸਵੇਰੇ ਹੀ ਉਹ ਰਾਮ ਸਿੰਘ ਦੇ ਘਰ ਗਏ। ਉਨ੍ਹਾਂ ਆਦਮੀਆਂ ਨੇ ਸਰਾਣਾ ਚੁੱਕਿਆ ਤਾਂ ਹੇਠਾਂ ਪੰਜ ਰੁਪਏ ਚਾਂਦੀ ਦੇ ਪਏ ਸਨ। ਇਹ ਦੇਖ ਕੇ ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਇਸ ਤੇ ਬਾਬਾ ਜੀ ਦੀ ਕ੍ਰਿਪਾ ਹੈ। ਧੰਨ ਧੰਨ ਉਹ ਮਹਾਂਪੁਰਖ! ਇਹ ਕਹਿੰਦੇ ਉਹ ਵਾਪਸ ਚਲੇ ਗਏ।

**ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ॥**

*(ਧਨਾਸਰੀ ਮ : ੫)*

(ਇਹ ਰਾਮ ਸਿੰਘ ਪ੍ਰਤੀ ਸਾਰੇ ਪ੍ਰਸੰਗ ਉਨ੍ਹਾਂ ਦੇ ਪੁੱਤਰ ਗੁਰਦੇਵ ਸਿੰਘ ਤੋਂ ਮਿਲੇ ਹਨ)



# ਅਪਨੇ ਸੇਵਕ ਕੀ ਆਪਿ ਪਤਿ ਰਾਖੈ॥

ਮਹਾਂਪੁਰਖ ਜਗਤ ਤਮਾਸ਼ਾ ਦੇਖਣ ਲਈ ਅਵਤਾਰ ਧਾਰਦੇ ਹਨ। ਸੁਨਹਿਰੀ ਸੁਪਨੇ ਸਾਕਾਰ ਕਰਨ ਦੀ ਅਭਿਲਾਸਾ, ਇਨਸਾਨ ਨੂੰ ਕੁਕਰਮੀ ਝੂਟੇ ਦਾ ਸ਼ੈਤਾਨ ਬਣਾ ਦਿੰਦੀ ਹੈ। ਮਹਾਂਪੁਰਖਾਂ ਇਹੋ ਜਿਹੀਆਂ ਸੂਰਤਾ ਤੱਕ ਕੇ ਹੱਸਦੇ ਹਨ ਕਿਉਂਕਿ ਉਹ ਇਨ੍ਹਾਂ ਕੁਕਰਮਾਂ ਦੇ ਦਰਗਾਹੀ ਅੰਜਾਮ ਤੋਂ ਭਲੀ ਭਾਂਤ ਜਾਣੂ ਹੁੰਦੇ ਹਨ। ਪਰ ਜੋ ਕੁਕਰਮ ਕਰਕੇ ਵੀ ਸੇਵਾ ਵਿਚ ਆ ਜਾਵੇ ਉਸਨੂੰ ਬਖ਼ਸ਼ਸ਼ ਹੀ ਨਹੀਂ ਦਿੰਦੇ, ਸਗੋਂ ਉਸ ਦੀਆਂ ਕੀਤੀਆਂ 'ਤੇ ਪਰਦਾ ਵੀ ਪਾ ਦਿੰਦੇ ਹਨ।

ਪਿੰਡ ਭੁੱਚੋ ਕਲਾਂ ਦਾ ਨਿਵਾਸੀ ਹਜ਼ੂਰਾ ਸਿੰਘ ਬੀਬੀ ਕਾ ਆਪਣੇ ਨਾਨਕੇ ਘਰ ਖੇਤੀ ਬਾੜੀ ਦਾ ਕੰਮ ਕਾਰ ਸਿੱਖਣ ਗਿਆ ਸੀ। ਪਹਿਲਾਂ ਭੁੱਚੋ ਰਹਿਣ ਸਮੇਂ ਬਾਬਾ ਜੀ ਪਾਸ ਆਇਆ ਕਰਦਾ ਸੀ। ਉਸ ਦੀ ਆਵਾਜ਼ ਚੰਗੀ ਰਸੀਲੀ ਸੀ। ਬਾਬਾ ਜੀ ਉਸ ਤੋਂ ਕਲੀਆਂ ਸੁਣਿਆਂ ਕਰਦੇ ਸਨ। ਕਲੀਆਂ ਸੁਣ ਕੇ ਪ੍ਰਸੰਨ ਹੁੰਦੇ ਸਨ। ਆਪਣੇ ਨਾਨਕੇ ਘਰ ਪਿੰਡ ਤਲਵੰਡੀ ਇਕ ਦਿਨ ਉਸ ਦਾ ਕਿਸੇ ਨਾਲ ਝਗੜਾ ਹੋ ਗਿਆ। ਲੜਾਈ ਵਿਚ ਦੂਜੇ ਪਾਸੇ ਇਕ ਆਦਮੀ ਦੇ ਸੋਟੀ ਨਾਲ ਸੱਟ ਲੱਗ ਗਈ। ਸੱਟ ਲੱਗਣ 'ਤੇ ਮਾਨਸਾ ਥਾਣੇ ਵਿੱਚ ਰਿਪੋਰਟ ਦਰਜ਼ ਹੋ ਗਈ। ਥਾਣੇ ਦੇ ਡਰ ਤੋਂ ਹਜ਼ੂਰਾ ਸਿੰਘ ਭੁੱਚੋ ਆ ਗਿਆ।

ਇਕ ਦਿਨ ਉਹ ਬਾਬਾ ਜੀ ਪਾਸ ਗਿਆ। ਕੇਸੀ ਇਸ਼ਨਾਨ ਕਰਕੇ ਟਿੱਲੇ ਉਪਰ ਬਾਬਾ ਜੀ ਨੂੰ ਕਲੀਆਂ ਸੁਣਾ ਰਿਹਾ ਸੀ। ਉਸ ਦੀ ਨਿਗਾਹ ਪਿੰਡ ਵੱਲ ਪਈ ਤਾਂ ਦੇਖਿਆ ਕਿ ਪੁਲਿਸ ਦੇ ਤਿੰਨ ਕਰਮਚਾਰੀ ਟਿੱਲੇ ਵੱਲ ਆ ਰਹੇ ਹਨ। ਉਨ੍ਹਾਂ ਨੂੰ ਦੇਖ ਕੇ ਹਜ਼ੂਰਾ ਸਿੰਘ ਨੇ ਕਿਹਾ, "ਮਹਾਰਾਜ! ਪੁਲਿਸ ਆ ਰਹੀ ਹੈ ਮੈਨੂੰ ਫੜਨ ਲਈ।"

ਹਜ਼ੂਰ ਨੇ ਬਚਨ ਕੀਤਾ, "ਕਿਸ ਲਈ ਫੜਦੀ ਹੈ?"

"ਮਹਾਰਾਜ! ਮੈਂ ਕਿਸੇ ਨੂੰ ਤਲਵੰਡੀ ਨਾਨਕੀ ਕੁੱਟ ਕੇ ਆਇਆ ਹਾਂ।"

ਹਜ਼ੂਰਾ ਸਿੰਘ ਨੇ ਉੱਤਰ ਦਿੱਤਾ।

ਬਾਬਾ ਜੀ ਨੂੰ ਹੱਸਦਿਆਂ ਬਚਨ ਕੀਤਾ, "ਭੱਜ ਜਾ ਫੇਰ।" ਉਸ ਨੇ ਕਿਹਾ, "ਅੱਜ ਮੈਂ ਤੁਹਾਡੀ ਸ਼ਕਤੀ ਦੇਖਣੀ ਹੈ, ਭੱਜਣਾ ਨਹੀਂ।"

ਹਜ਼ੂਰ ਨੇ ਸੇਵਕ ਨੂੰ ਹੁਕਮ ਦਿੱਤਾ, "ਆਹ ਪੰਜ ਰੁਪਏ ਲੈ ਜਾਓ ਤੇ ਪੁਲਿਸ ਵਾਲਿਆਂ ਨੂੰ ਦੇ ਦਿਓ। ਉਨ੍ਹਾਂ ਨੂੰ ਕਹੋ ਵਾਪਿਸ ਚਲੇ ਜਾਣ।"

ਸੇਵਕ ਹੁਕਮ ਅਨੁਸਾਰ ਪੰਜ ਰੁਪਏ ਲੈ ਕੇ ਉਨ੍ਹਾਂ ਕੋਲ ਜਾ ਕੇ ਕਹਿਣ ਲੱਗਾ, "ਬਾਬਾ ਜੀ ਦਾ ਹੁਕਮ ਹੈ ਪੰਜ ਰੁਪਏ ਲੈ ਜਾਓ ਤੇ ਵਾਪਿਸ ਚਲੇ ਜਾਓ, ਹਜ਼ੂਰਾ ਸਿੰਘ ਨਹੀਂ ਦੇਣਾ।"

ਪੁਲਿਸ ਨੇ ਸੇਵਕ ਨੂੰ ਕਿਹਾ, "ਉਸ ਦੇ ਨਾਂ ਬਿਨਾਂ ਜਮਾਨਤ ਵਰੰਟ ਹਨ। ਅਸੀਂ ਉਸ ਨੂੰ ਜ਼ਰੂਰ ਲੈ ਕੇ ਹੀ ਜਾਣਾ ਹੈ।"

ਸੇਵਕ ਨੇ ਬਾਬਾ ਜੀ ਕੋਲ ਆ ਕੇ ਸਾਰੀ ਵਿਥਿਆ ਸੁਣਾਈ। ਬਾਬਾ ਜੀ ਨੇ ਹਜ਼ੂਰਾ ਸਿੰਘ ਨੂੰ ਹੁਕਮ ਦਿੱਤਾ, "ਤੂੰ ਚਲਿਆ ਜਾਹ। ਡਰਨ ਵਾਲੀ ਕੋਈ ਗੱਲ ਨਹੀਂ। ਅਸੀਂ ਆਪੇ ਸਮਝਾ ਲਵਾਂਗੇ।"

ਬਾਬਾ ਜੀ ਨੇ ਇਕ ਸੇਵਕ ਨੂੰ ਉਸ ਦੇ ਨਾਲ ਪੁਲਿਸ ਵਾਲਿਆਂ ਤੱਕ ਭੇਜਿਆ ਤੇ ਉਸ ਨੂੰ ਹੁਕਮ ਦਿੱਤਾ, "ਪੁਲਿਸ ਵਾਲਿਆਂ ਨੂੰ ਕਹਿ ਦੇ ਇਹ ਸਾਡਾ ਸੇਵਕ ਹੈ ਇਸ ਨੂੰ ਕੁਝ ਨਹੀਂ ਕਹਿਣਾ।"

ਪੁਲਿਸ ਉਸ ਨੂੰ ਲੈ ਕੇ ਚਲੀ ਗਈ। ਰਾਤ ਦੇਰ ਨਾਲ ਥਾਣੇ ਪਹੁੰਚੇ। ਥਾਣੇਦਾਰ ਨੂੰ ਉਨ੍ਹਾਂ ਦੇ ਆਉਣ ਦੀ ਖ਼ਬਰ ਮਿਲੀ। ਉਸ ਨੇ ਕਿਹਾ, "ਅਸੀਂ ਇਸ ਨੂੰ ਸਵੇਰੇ ਹੀ ਠੀਕ ਕਰਾਂਗੇ।"

ਅਗਲੀ ਸਵੇਰ ਹੁੰਦੇ ਹੀ ਥਾਣੇਦਾਰ ਥਾਣੇ ਵਿਚ ਆਇਆ। ਉਸ ਨੇ ਪਹਿਰੇਦਾਰ ਨੂੰ ਕਿਹਾ, "ਜਿਸ ਆਦਮੀ ਨੂੰ ਰਾਤ ਲੈ ਕੇ ਆਏ ਸੀ ਉਸ ਨੂੰ ਛੇਤੀ ਤੋਂ ਛੇਤੀ ਛੱਡ ਦਿਓ।"

ਪਹਿਰੇਦਾਰ ਤੇ ਮੁਨਸ਼ੀ ਨੇ ਕਿਹਾ, "ਉਸ ਦੇ ਬਿਨਾਂ ਜਮਾਨਤ ਵਰੰਟ ਸੀ। ਕਿਵੇਂ ਛੱਡ ਦੇਈਏ ?"

ਥਾਣੇਦਾਰ ਨੇ ਕਿਹਾ, "ਰਾਤ ਜੋ ਕੁਝ ਮੇਰੇ ਨਾਲ ਹੋਈ ਹੈ ਉਸ ਦਾ ਮੈਨੂੰ



ਹੀ ਪਤਾ ਹੈ। ਉਸ ਨੂੰ ਛੇਤੀ ਛੱਡ ਦਿਓ। ਉਸ ਦੇ ਪਿੱਛੇ ਅਲੌਕਿਕ ਸ਼ਕਤੀ ਦਾ ਹੱਥ ਹੈ। ਉਸ ਤੋਂ ਮਾਫੀ ਮੰਗੋ ਤੇ ਛੱਡ ਦਿਓ।" ਉਸ ਨੂੰ ਲੈ ਕੇ ਜਾਣ ਵਾਲੇ ਸਿਪਾਹੀ ਤੇ ਹੌਲਦਾਰ ਨੇ ਵੀ ਆਖਿਆ, "ਥਾਣੇਦਾਰ ਸਾਹਿਬ! ਉਥੇ ਬਾਬਾ ਜੀ ਦੇ ਸੇਵਕ ਨੇ ਸਾਨੂੰ ਵੀ ਆਖਿਆ ਸੀ ਕਿ ਬਾਬਾ ਜੀ ਦਾ ਹੁਕਮ ਹੈ, ਇਹ ਸਾਡੇ ਬੰਦੇ ਹਨ।"

ਪੁਲਿਸ ਨੇ ਹਜ਼ੂਰਾ ਸਿੰਘ ਨੂੰ ਛੱਡ ਦਿੱਤਾ। ਉਹ ਭੁੱਚੋ ਆਉਂਦੇ ਹੀ ਬਾਬਾ ਜੀ ਕੋਲ ਆਇਆ ਤੇ ਨਮਸਕਾਰ ਕਰਕੇ ਕਹਿਣ ਲੱਗਾ, "ਮਹਾਰਾਜ! ਅੱਜ ਆਪ ਜੀ ਦੀ ਤਾਕਤ ਦੇਖ ਲਈ।"

ਹਜ਼ੂਰ ਬਾਬਾ ਜੀ ਨੇ ਪੁੱਛਿਆ, "ਕਿਸ ਤਰ੍ਹਾਂ ?"

ਉਸ ਨੇ ਉੱਤਰ ਵਿਚ ਕਿਹਾ, "ਮਹਾਰਾਜ! ਰਾਤ ਨੂੰ ਥਾਣੇਦਾਰ ਕਹਿੰਦਾ ਸੀ ਇਸ ਨੂੰ ਸਵੇਰੇ ਠੀਕ ਕਰਾਂਗੇ। ਪਰ ਰਾਤ ਨੂੰ ਉਸ ਨੂੰ ਕੀ ਹੋਇਆ ਸਵੇਰੇ ਆਉਂਦਾ ਹੀ ਕਹਿੰਦਾ ਇਸ ਨੂੰ ਛੱਡ ਦਿਓ। ਇਸ ਦੇ ਪਿੱਛੇ ਅਲੌਕਿਕ ਸ਼ਕਤੀ ਦਾ ਹੱਥ ਹੈ।"

ਬਾਬਾ ਜੀ ਖੁਸ਼ ਹੋ ਕੇ ਕਹਿਣ ਲੱਗੇ, "ਤੂੰ ਸਾਨੂੰ ਕਲੀਆਂ ਜੁ ਸੁਣਾਂਦਾ ਸੀ। ਉਸ ਦੀ ਕੀਮਤ ਤੈਨੂੰ ਦਿੱਤੀ ਹੈ।"

ਹਜ਼ੂਰਾ ਸਿੰਘ ਕਹਿਣ ਲੱਗਾ, "ਧੰਨ ਹੋ ਮਹਾਰਾਜ, ਆਪ ਧੰਨ ਹੋ।"

(ਇਹ ਪ੍ਰਸੰਗ ਸ. ਹਜ਼ੂਰਾ ਸਿੰਘ ਦੇ ਸਪੁੱਤਰ ਸ. ਭੂਪ ਸਿੰਘ ਤੋਂ ਮਿਲਿਆ।)

## ਜੋ ਮਾਗਹਿ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥

ਦੁਨੀਆਦਾਰਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਮਹਾਂਪੁਰਖ ਅਵਤਾਰ ਧਾਰਦੇ ਹਨ। ਫਿਰ ਮੰਗਣਹਾਰ ਦੇ ਦੁੱਖ ਭੁੱਖ ਮਿਟਾ ਕੇ ਪ੍ਰਮਾਤਮਾ ਦੀ ਜ਼ਾਹਰਾ ਕਲਾ ਨੂੰ ਪ੍ਰਤੱਖ ਕਰਦੇ ਹਨ। ਪਰ ਮਨੁੱਖ ਦੀ ਤ੍ਰਿਸ਼ਨਾਂ ਅਮਰਵੇਲ ਦੀ ਤਰ੍ਹਾਂ ਬਿਨਾਂ ਕਿਸੇ ਜੜ੍ਹਾਂ ਦੇ ਵੱਧਦੀ ਜਾਂਦੀ ਹੈ। ਮਾਇਆ (ਮਾਇਆ :

ਪੁੱਤਰ, ਧਨ, ਦੌਲਤ) ਦੀ ਭੁੱਖ ਆਦਮੀ ਨੂੰ ਮੌਤ ਦੇ ਅਹਿਸਾਸ ਤੋਂ ਬੇਖ਼ਬਰ ਰੱਖਦੀ ਹੈ। ਕਿਉਂਕਿ ਮੌਤ ਦੀ ਯਾਦ ਹੰਕਾਰ ਨੂੰ ਸੀਤਲ ਕਰਦੀ ਹੈ। ਸੀਤਲ ਮਨ ਸਿਰਜਨਹਾਰ ਦੀ ਪਨਾਹ ਵਿਚ ਜਾਂਦਾ ਹੈ ਅਤੇ ਉਥੋਂ ਆਪਣੀਆਂ ਮਨੋਕਾਮਨਾਂ ਪੂਰੀਆਂ ਕਰਦਾ ਹੈ।

ਪੰਨੀ ਵਾਲਾ ਪਿੰਡ (ਰਾਮਾ ਮੰਡੀ ਨੇੜੇ) ਦਾ ਵਸਨੀਕ ਸੇਠ ਸਿੱਬਾ ਮੱਲ ਭੁੱਚੋ ਕਲਾਂ ਲਾਲਾ ਜੈ ਰਾਮ ਦੇ ਘਰ ਵਿਆਹਿਆ ਹੋਇਆ ਸੀ। ਜੈ ਰਾਮ ਦਾ ਪਰਿਵਾਰ ਬਾਬਾ ਜੀ ਦੀ ਹਜ਼ੂਰੀ ਵਿਚ ਆਉਂਦਾ ਰਹਿੰਦਾ ਸੀ। ਉਨ੍ਹਾਂ ਦੇ ਨਾਲ ਸਿੱਬਾ ਮੱਲ ਵੀ ਆਉਂਦਾ ਸੀ ਅਤੇ ਕੌਤਕ ਵੇਖਦਾ ਹੁੰਦਾ ਸੀ। ਸਿੱਬਾ ਮੱਲ ਦੇ ਪਿੰਡ ਦਾ ਇਕ ਸਰਦਾਰ ਬੂਟਾ ਸਿੰਘ ਜੋ ਪੰਜ ਸੌ ਵਿਘੇ ਦਾ ਮਾਲਿਕ ਸੀ ਪਰ ਉਸ ਦੇ ਘਰ ਔਲਾਦ ਨਹੀਂ ਸੀ। ਸਿੱਬਾ ਮੱਲ ਨੇ ਉਸ ਨੂੰ ਬਾਬਾ ਜੀ ਬਾਰੇ ਦੱਸਿਆ।

ਸਿੱਬਾ ਮੱਲ ਨੂੰ ਨਾਲ ਲੈ ਕੇ ਇਕ ਦਿਨ ਸਰਦਾਰ ਬੂਟਾ ਸਿੰਘ ਬਾਬਾ ਜੀ ਦੀ ਹਜ਼ੂਰੀ ਵਿਚ ਆਇਆ। ਨਮਸਕਾਰ ਕਰਕੇ ਦੋਨੋਂ ਜੈ ਰਾਮ ਸਮੇਤ ਹਜ਼ੂਰੀ ਅੰਦਰ ਬੈਠ ਗਏ। ਹਜ਼ੂਰ ਨੇ ਪੁੱਛਿਆ, "ਸੇਠ ਜੈ ਰਾਮ, ਕਿਵੇਂ ਆਏ ?"

"ਮਹਾਰਾਜ ! ਦਰਸ਼ਨਾਂ ਲਈ ਆਏ ਹਾਂ। ਜੈ ਰਾਮ ਨੇ ਕਿਹਾ।"ਨਹੀਂ, ਜੈ ਰਾਮ ਪ੍ਰਸ਼ਨ ਵੀ ਹੈ। ਨਾਲ ਤੇਰੇ ਮਾਰੂ ਖੇਤਾਂ ਦੇ ਆਏ ਹਨ।" ਬਾਬਾ ਜੀ ਨੇ ਬਚਨ ਕੀਤਾ।

"ਹਜ਼ੂਰ ਪ੍ਰਸ਼ਨ ਵੀ ਹੈ। ਇਹ ਬੂਟਾ ਸਿੰਘ ਦੇ ਘਰ ਕੋਈ ਲੜਕਾ ਨਹੀਂ ? ਕ੍ਰਿਪਾ ਕਰੋ।" ਜੈ ਰਾਮ ਨੇ ਬੇਨਤੀ ਕੀਤੀ।

ਬਾਬਾ ਜੀ ਨੇ ਬੇਨਤੀ ਸੁਣ ਬਚਨ ਕੀਤਾ, "ਜਿੰਨੇ ਮਤੀਰੇ (ਤਰਬੂਜ਼) ਲਿਆਏਂਗਾ, ਉਤਨੇ ਹੀ ਮੁੰਡੇ ਹੋ ਜਾਣਗੇ।"

ਉਹ ਆਗਿਆ ਲੈ ਕੇ ਚਲੇ ਗਏ। ਸਰਦਾਰ ਨੇ ਘਰ ਜਾ ਕੇ ਆਪਣੇ ਖੇਤ ਵਿਚ ਦੋ ਮਤੀਰੇ ਸਾਂਭ ਦਿੱਤੇ ਤੇ ਆਪਣੇ ਕਾਮਿਆਂ ਨੂੰ ਹੁਕਮ ਦਿੱਤਾ, "ਕੋਈ ਇੰਨ੍ਹਾਂ ਨੂੰ ਤੋੜੇ ਨਾ। ਇਹ ਮਤੀਰੇ ਪੂਰੀ ਤਰ੍ਹਾਂ ਪਕਾਉਣੇ ਹਨ।"

ਜਦ ਮਤੀਰੇ ਤਿਆਰ ਹੋ ਗਏ ਤਾਂ ਸਰਦਾਰ ਮਤੀਰੇ ਲੈ ਕੇ ਬਾਬਾ ਜੀ ਦੀ ਹਜ਼ੂਰੀ ਵਿਚ ਸੇਠ ਸਿੱਬਾ ਮੱਲ ਨੂੰ ਨਾਲ ਲੈ ਕੇ ਆਇਆ। ਦੋ ਮਤੀਰੇ



ਬਾਬਾ ਜੀ ਦੀ ਭੇਟਾ ਰੱਖੇ ਤਾਂ ਹਜ਼ੂਰ ਨੇ ਬਚਨ ਕੀਤਾ, "ਦੋ ਮੁੰਡੇ ਹੋਣਗੇ। ਹੁਣ ਜੇ ਤੁਸੀਂ ਜਿੰਨੇ ਮਤੀਰੇ ਲੈ ਆਉਂਦੇ ਉਨੇ ਹੀ ਮੁੰਡੇ ਹੋ ਜਾਣੇ ਸਨ।"

ਸੋ ਇਹ ਬਚਨ ਪ੍ਰਤੱਖ ਹੋਇਆ। ਸਰਦਾਰ ਬੂਟਾ ਸਿੰਘ ਦੇ ਦੋ ਮੁੰਡੇ ਹੋਏ।

(ਇਹ ਬਚਨ ਜੈ ਰਾਮ ਦੇ ਪੋਤਰੇ ਹਜ਼ਾਰੀ ਮੱਲ ਭੁੱਚੋ ਮੁੰਡੀ ਤੋਂ ਮਿਲਿਆ।)

## ਲਖ ਖੁਸੀਆਂ ਪਾਤਿਸਾਹੀਆਂ ਜੇ ਸਤਿਗੁਰੁ ਨਦਰਿ ਕਰੇਇ ॥

ਪ੍ਰਮਾਤਮਾ ਦੀ ਪ੍ਰਤੱਖਤਾ ਨੂੰ ਖਲਕ ਵਿਚ ਦਰਸਾਉਣ ਵਾਲੇ ਪੂਰਨ ਮਹਾਂਪੁਰਖ ਪ੍ਰਸੰਨਤਾ ਵਿਚ ਆਉਣ ਤੇ ਇਨਸਾਨੀ ਜ਼ਿੰਦਗੀ ਦੀਆਂ ਤਕਦੀਰਾਂ ਅਨੰਦਮਈ ਕਰ ਦਿੰਦੇ ਹਨ। ਰੇਤ ਵਾਂਗ ਤਪਦੀਆਂ ਜ਼ਿੰਦਗੀਆਂ ਨੂੰ ਇਕ ਮੇਹਰ ਨਦਰਿ ਤੱਕ ਕੇ ਸਵਰਗਾਂ ਦੀਆਂ ਠੰਡੀਆਂ ਪਲਕਾਂ ਤੇ ਬਿਠਾ ਦਿੰਦੇ ਹਨ। ਮਹਾਂਪੁਰਖ ਦੇ ਦੋ ਬੋਲ ਹਨੇਰੀ ਜ਼ਿੰਦਗੀ ਨੂੰ ਚਾਨਣ ਮੁਨਾਰਾ ਬਣਾ ਦਿੰਦੇ ਹਨ। ਮੇਹਰਬਾਨ ਹੋਏ ਸਾਧੂ ਰੇਤ ਦੇ ਅੰਬਾਰਾਂ ਵਿਚੋਂ ਗੰਗਾ ਦੇ ਅੰਮ੍ਰਿਤ ਵਰਗਾ ਸੀਤਲ ਜਲ ਨਿਕਲਣੇ ਲਾ ਦਿੰਦੇ ਹਨ। ਉਦਾਹਰਣ ਦੇ ਤੌਰ 'ਤੇ ਰਾਜਸਥਾਨ ਵਿਚ ਲੂਣਕਰਨਸਰ ਮੰਡੀ ਤੋਂ ਅੱਗੇ ਖੈਰੇਕਾ ਪਿੰਡ ਹੈ। ਜਿਸ ਪਿੰਡ ਵਿਚ ਇਕ ਨਾਥ ਨਾਂਗੇ ਸਾਧੂ ਦੀ ਮੇਹਰ ਨਾਲ ਦੋ ਮੁਰੱਬੇ ਜ਼ਮੀਨ ਵਿਚ ਗੰਗਾ ਦਾ ਠੰਡਾ ਤੇ ਮਿੱਠਾ ਪਾਣੀ ਪੰਦ੍ਰਾਂ ਤੋਂ ਵੀਹ ਫੁੱਟ ਵਿਚ ਨਿਕਲਦਾ ਹੈ। ਪਰ ਉਸ ਤੋਂ ਸੌ ਫੁੱਟ ਉੱਤੇ ਖਾਰਾ ਪਾਣੀ ਮਿਲਦਾ ਹੈ। ਇਹ ਪ੍ਰਤੱਖ ਨਿਸ਼ਾਨੀ ਪੂਰਨ ਸਾਧੂ ਛੱਡ ਗਏ ਹਨ। ਆਪਣੀ ਰਚਨਾ ਨੂੰ ਦਿਲਸਚਪ ਬਣਾਉਣ ਲਈ ਸ੍ਰਿਸ਼ਟੀ ਵਿਚ ਅਨੇਕਾਂ ਪ੍ਰਕਾਰ ਦੇ ਜੀਵਾਂ, ਬਨਾਸਪਤੀ, ਜਲ ਥਲ ਦੀ ਸਿਰਜਨਾ ਕੀਤੀ। ਮਨੁੱਖ ਨੂੰ ਬੁੱਧੀ ਦਿੱਤੀ ਇਨ੍ਹਾਂ ਦਾ ਅਨੰਦ ਮਾਨਣ ਲਈ ਪਰ ਇਸ ਨੇ ਹੰਕਾਰ ਵਿਚ ਆਏ ਉਸ ਪਲ ਨੂੰ ਅੱਖੋਂ ਪਰੋਖੇ ਕਰ ਦਿੱਤਾ। ਜਿਸ ਨੇ ਇਸ ਨੂੰ ਅਗਲਾ ਸਵਾਸ ਵੀ ਲੈਣ ਦੀ ਫੁਰਸਤ ਨਹੀਂ ਦੇਣੀ। ਸੇਵਾ ਭਾਵਨਾ ਦੀ ਭਰੀ ਆਤਮਾ ਲੋਕ ਪ੍ਰਲੋਕ ਦੇ ਸੁੱਖ ਆਂਚਲ ਵਿਚ ਢੇਰ ਕਰ ਦਿੰਦੀ ਹੈ। ਇਸੇ ਤਰ੍ਹਾਂ ਸੇਵਾ ਕੀਤੀ ਦਾ ਫਲ ਪ੍ਰਾਪਤ ਕੀਤਾ ਸ. ਪਾਖਰ ਸਿੰਘ, ਕੁੰਢਾ ਸਿੰਘ ਅਤੇ ਸ਼ਾਮ ਸਿੰਘ ਤਿੰਨ ਭਰਾਵਾਂ ਨੇ ਜੋ ਭੁੱਚੋ ਕਲਾਂ ਦੇ ਨਿਵਾਸੀ ਸਨ। ਕੁੰਢਾ ਸਿੰਘ ਵੱਡਾ ਸੀ।

ਪਿੰਡ ਭੁੱਚੋ ਕਲਾਂ ਦਾ ਨਿਵਾਸੀ ਭਾਈ ਦਿਆਲ ਸਿੰਘ ਮਾਨ ਹੰਨਤ ਪੱਤੀ ਵਿਚ ਰਹਿੰਦਾ ਸੀ। ਉਨ੍ਹਾਂ ਦੇ ਤਿੰਨ ਲੜਕੇ ਸਨ ਸ. ਕੁੰਢਾ ਸਿੰਘ, ਸ. ਪਾਖਰ ਸਿੰਘ ਤੇ ਸ. ਸ਼ਾਮ ਸਿੰਘ। ਸ਼ਾਮ ਸਿੰਘ ਬਾਬਾ ਜੀ ਦੀ ਸੇਵਾ ਕਰਨ ਆ ਜਾਇਆ ਕਰਦਾ ਸੀ। ਇਹ ਘੋਲ ਵੀ ਕਰਦਾ ਹੁੰਦਾ ਸੀ। ਕੱਦ ਸੱਤ ਫੁੱਟ ਦੇ ਕਰੀਬ ਸੀ। ਉਂਜ ਤਾਂ ਤਿੰਨੇ ਹੀ ਕੱਦ ਵਿਚ ਇਕੋ ਜਿਹੇ ਹੀ ਸਨ। ਬਰਾਨੀ ਜ਼ਮੀਨ ਥੋੜੀ ਜਿਹੀ ਸੀ ਘਰ ਦਾ ਗੁਜ਼ਾਰਾ ਮੁਸ਼ਕਲ ਨਾਲ ਹੀ ਚੱਲਦਾ ਸੀ। ਪਾਖਰ ਸਿੰਘ ਫੌਜ ਵਿਚ ਭਰਤੀ ਹੋ ਗਿਆ। ਸ਼ਾਮ ਸਿੰਘ ਹਜ਼ੂਰ ਦੀ ਸੇਵਾ ਕਰਦਾ ਕਈ ਵਾਰ ਘਰ ਦੀ ਹਾਲਤ ਦਾ ਜ਼ਿਕਰ ਕਰਨ ਲੱਗ ਜਾਂਦਾ। ਘਰ ਦੀ ਕਮਜ਼ੋਰੀ ਵੱਧਦੀ ਗਈ ਅਤੇ ਪਰਿਵਾਰ ਵੀ ਵੱਧਦਾ ਗਿਆ।

ਦਿਆਲ ਸਿੰਘ ਜੇਠ ਹਾੜ੍ਹ ਦੇ ਮਹੀਨੇ ਟਿੱਲਾ ਸਾਹਿਬ ਦੇ ਬਰਤਨਾਂ ਵਿੱਚ ਜਾਨਵਰਾਂ ਲਈ ਪਾਣੀ ਪਾਉਂਦਾ ਰਹਿੰਦਾ ਸੀ। ਬਾਬਾ ਜੀ ਖੁਸ਼ ਹੋ ਕੇ ਕਹਿੰਦੇ, "ਤੇਰੀ ਔਲਾਦ ਇਉਂ ਵਧੂ ਜਿਵੇਂ ਜਾਨਵਰਾਂ ਦੇ ਬੱਚੇ ਵੱਧਦੇ ਹਨ। ਵਾਹ ਉਏ ਤੇਰੇ ਭਗਤਾ।"

ਪਾਖਰ ਸਿੰਘ ਛੁੱਟੀ ਆਉਣਾ ਤਾਂ ਬਾਬਾ ਜੀ ਕੋਲ ਆ ਜਾਂਦਾ। ਹਜ਼ੂਰ ਨੇ ਪੁੱਛਣਾ, "ਕਿਵੇਂ ਆਇਆ ਹੈਂ ?" "ਮਹਾਰਾਜ ! ਦਰਸ਼ਨ ਕਰਨ ਆਇਆ ਹਾਂ।" "ਜਾ ਆਇਆ ਦਰਸ਼ਨ ਕਰਨ, ਘਰੇ ਤਾਂ ਕਹਿੰਦਾ ਸੀ ਬੂਬਨੇ ਕੋਲੋਂ ਪੁੱਛ ਕੇ ਆਉਂਦੇ ਹਾਂ ਕੀ ਦੱਸਦਾ ਹੈ, ਵੱਡਾ ਆਇਆ ਦਰਸ਼ਨ ਕਰਨ ਵਾਲਾ। ਜਾ ਉਹ ਸਾਹਮਣੇ ਨਥਾਣੇ ਵਾਲੇ ਪਾਸੇ ਤੂਤ ਹੇਠ ਖੜਾ ਹੋ ਜਾ।"

"ਸਤਿ ਬਚਨ" ਕਹਿ ਕੇ ਉਥੇ ਖੜਾ ਰਹਿਣਾ। ਦੋ ਘੰਟੇ ਖੜੇ ਨੂੰ ਦੇਖ ਬਾਬਾ ਜੀ ਨੇ ਸੇਵਕ ਨੂੰ ਹੁਕਮ ਕਰਨਾ, "ਜਾਉ ਇਸ ਨੂੰ ਕਹੋ ਧਰਮਸ਼ਾਲਾ ਵਾਲੇ ਪਾਸੇ ਬੋਹੜ ਹੇਠ ਖੜ ਜਾਵੇ।" ਉਥੇ ਜਾ ਕੇ ਖੜ ਜਾਣਾ। ਫਿਰ ਹਜ਼ੂਰ ਨੇ ਦੇਖਣਾ ਇਹ ਨਹੀਂ ਜਾਂਦਾ। ਹੁਕਮ ਦੇਣਾ ਬੁਲਾ ਲਿਆਉ।

ਹਜ਼ੂਰ ਨੇ ਕਹਿਣਾ, "ਸਿਦਕ ਦਾ ਬੜਾ ਪੱਕਾ ਹੈਂ, ਕਿਸੇ ਦਾ ਪੜ੍ਹਾਇਆ ਲੱਗਦਾ ਹੈਂ। ਜਾ ਤੇਰਾ ਕਾਰਜ ਸਿੱਧ ਹੋ ਜਾਊ।"

ਪਾਖਰ ਸਿੰਘ ਦੇ ਨਾਨਕੇ ਪੰਨੀ ਵਾਲਾ (ਫਾਜਿਲਕਾ) ਸੀ। ਸਾਰੀ ਡੇਢ ਵਿਸਵਾ ਜ਼ਮੀਨ ਆਬਾਦੀ ਵਿਚ ਆ ਗਈ। ਪਾਖਰ ਸਿੰਘ ਨੇ ਕੁਝ ਪੈਸੇ ਉਹ



ਲਏ ਕੁਝ ਫੌਜ ਦੀ ਨੌਕਰੀ ਦੇ ਬਚੇ। ਨਾਨਕੀ ਭੋਲੇ ਵਾਲੇ ਭੇਜਦੇ ਰਹੇ, ਜ਼ਮੀਨ ਖਰੀਦਦੇ ਰਹੇ। ਹਾਲੀ ਮਾਮਲੇ ਦੀ ਪਰਚੀ ਮਾਮੇ ਹੀ ਰੱਖ ਲਿਆ ਕਰਨ। ਕੁੰਢਾ ਸਿੰਘ ਭੋਲਾ ਸੀ ਪਰਚੀ ਨਾ ਲਿਆ ਕਰੇ।

ਤਿੰਨੇ ਭਰਾ ਬਾਬਾ ਜੀ ਕੋਲ ਆਏ। ਹਜ਼ੂਰ ਨੇ ਪੁੱਛਿਆ, "ਕਿਵੇਂ ਆਏ ?" "ਮਹਾਰਾਜ ! ਪੁੱਛਣ ਆਏ ਹਾਂ ਕਿ ਅਸੀਂ ਅੱਗੇ ਚੱਕੀ ਜਾ ਰਹੇ ਹਾਂ। ਕਦੋਂ ਜਾਈਏ ? ਕਿਹੜੇ ਪਾਸੇ ਜਾਈਏ ?"

ਹਜ਼ੂਰ ਨੇ ਹੁਕਮ ਕੀਤਾ, "ਪੰਡਿਤ ਮੰਗਲ ਦਾਸ ਤੋਂ ਪੱਤਰੀ ਕਢਾਉ।"

ਉਸ ਨੇ ਦੱਸਿਆ, "ਮੰਗਲਵਾਰ ਤੁਰਿਓ। ਸ਼ਾਮ ਦੇ ਚਾਰ ਵਜੇ ਤੁਰਿਓ। ਕੋਈ ਬੋਲੀ ਮਾਰੇ ਪਿੱਛੇ ਮੁੜ ਨਾ ਦੇਖਿਓ।" ਉਨ੍ਹਾਂ ਆ ਕੇ ਬਾਬਾ ਜੀ ਨੂੰ ਦੱਸਿਆ।

"ਚੰਗਾ ਸ਼ੁੱਧ ਹੈ।"

ਪਾਖਰ ਸਿੰਘ ਨੇ ਨਮਸਕਾਰ ਕਰਕੇ, "ਸਤਿ ਬਚਨ" ਕਿਹਾ। ਬਾਬਾ ਜੀ ਮਹਾਰਾਜ ਨੇ ਹੁਕਮ ਕੀਤਾ, "ਤੁਸੀਂ ਭੁੱਚੋ ਪਿੰਡ ਛੱਡ ਜਾਉ। ਜਦ ਘਰ ਤੋਂ ਤੁਰਨਾ ਹੈ ਸ਼ਾਮ ਦੇ ਚਾਰ ਵਜੇ ਤੋਂ ਬਾਦ (ਚਾਟੀਆਂ ਵੇਲੇ) ਜਾਣਾ ਹੈ। ਘਰ ਦਾ ਜੋ ਸਮਾਨ ਲੈ ਕੇ ਜਾਣਾ ਹੈ ਗੱਡੇ ਵਿਚ ਲੱਦ ਕੇ ਵਾਪਸ ਨਹੀਂ ਲੈਣ ਆਉਣਾ। ਪਿੰਡ ਤੋਂ ਚੱਲ ਕੇ ਸੱਤ ਕੋਹ ਤੋਂ ਪਹਿਲਾਂ ਰੁਕਣਾ ਨਹੀਂ ਅਤੇ ਪਿੱਛੇ ਮੁੜ ਕੇ ਨਹੀਂ ਦੇਖਣਾ। ਜੋ ਲੈ ਕੇ ਜਾਣਾ ਹੈ ਇਕੋ ਵਾਰੀ ਲੈ ਜਾਉ ਵਾਪਸ ਨਹੀਂ ਲੈਣ ਆਉਣਾ। ਜਾਉ ਨੰਬਰਦਾਰੀਆਂ, ਸਰਪੰਚੀਆਂ, ਤਹਿਸੀਲਦਾਰੀਆਂ ਤੁਹਾਨੂੰ ਦਿੱਤੀਆਂ। ਲੱਖਾਂ ਵਿਚ ਖੇਡੋਗੇ। ਚਾਂਦੀ ਦੀਆਂ ਬੋਰੀਆਂ ਭਰ ਲਉਗੇ। ਸੱਤ ਪੀੜ੍ਹੀਆਂ ਤੁਹਾਡੇ ਨਾਲ ਸੰਬੰਧ ਰੱਖਾਂਗੇ।"

ਤਿੰਨੇ ਭਰਾਵਾਂ ਨੇ "ਸਤਿ-ਬਚਨ" ਕਿਹਾ। ਘਰ ਆ ਕੇ ਵਿਚਾਰ ਕੀਤੀ ਕਿ ਨਾਨਕੇ ਘਰ ਚਲੀਏ। ਪਾਖਰ ਸਿੰਘ ਨੇ ਛੁੱਟੀ ਕੱਟ ਕੇ ਫੌਜ ਵਿਚ ਵਾਪਸ ਜਾਣਾ ਸੀ। ਕੁਝ ਹੀ ਦਿਨਾਂ ਵਿਚ ਘਰ ਤੋਂ ਜਾਣ ਦੀ ਤਿਆਰੀ ਹੋ ਗਈ। ਹਜ਼ੂਰ ਬਾਬਾ ਜੀ ਤੋਂ ਆਗਿਆ ਲਈ। ਅੱਖਾਂ ਵਿਚ ਅੱਥਰੂ ਝਲਕ ਪਏ। ਪਰ ਹਜ਼ੂਰ ਨੇ ਦਿਲਾਸਾ ਦਿੱਤਾ। ਲੱਖਾਂ ਵਿਚ ਹੋ ਜਾਉਗੇ। ਗੱਡੇ ਵਿਚ ਸਾਮਾਨ ਰੱਖ ਲਿਆ। ਜਦ ਚਾਟੀਆਂ ਦਾ ਸਮਾਂ ਹੋ ਗਿਆ ਤਾਂ ਸਾਰਾ ਪਰਿਵਾਰ ਭੁੱਚੋ

ਨੂੰ ਅੱਖਾਂ ਤੋਂ ਅੱਥਰੂ ਕੇਰਦੇ ਅਲਵਿਦਾ ਕਹਿ ਤੁਰਿਆ। ਜਨਮ ਭੂਮੀ ਵਾਲਾ ਰਿਆਸਤ ਬਹਾਵਲਪੁਰ ਜੋ ਅੱਜ ਕੱਲ ਪਾਕਿਸਤਾਨ ਵਿਚ ਹੈ ਵੱਲ ਤੁਰ ਪਏ। ਤੁਰਦੇ ਗਏ ਹੁਕਮ ਮੁਤਾਬਕ ਸੱਤ ਕੋਹ ਬਠਿੰਡੇ ਤੋਂ ਅੱਗੇ ਪਿੰਡ ਸਿਵੀਆਂ ਵਿਚ ਜਾ ਰਾਤ ਕੱਟੀ। ਇੱਥੋਂ ਅਗਲੇ ਦਿਨ ਸਵੇਰੇ ਚੱਲੇ। ਕਈ ਦਿਨਾਂ ਵਿਚ ਤੁਰਦੇ ਤੁਰਦੇ ਭੋਲੇ ਵਾਲੇ ਪਹੁੰਚ ਗਏ। ਮਾਮਿਆਂ ਤੋਂ ਜ਼ਮੀਨ ਮੰਗੀ ਕਿ ਅਸੀਂ ਮਾਮਲਾ ਭਰਦੇ ਸੀ। ਉਨ੍ਹਾਂ ਦੀ ਨੀਯਤ ਬਦਲ ਗਈ। ਪਰ ਪਾਖਰ ਸਿੰਘ, ਕੁੰਢਾ ਸਿੰਘ, ਸ਼ਾਮ ਸਿੰਘ ਤਕੜੇ ਸਨ। ਉਨ੍ਹਾਂ ਮਾਮਿਆਂ ਤੋਂ ਕੁੱਟ ਕੇ ਜ਼ਮੀਨ ਖੋਹ ਲਈ। ਜ਼ਮੀਨ ਵਿਚ ਝਾੜ ਬਹੁਤ ਸੀ। ਇਨ੍ਹਾਂ ਜ਼ਮੀਨ ਠੀਕ ਕਰ ਲਈ।

ਸ. ਪਾਖਰ ਸਿੰਘ ਛੁੱਟੀ ਕੱਟ ਕੇ ਚਲਾ ਗਿਆ। ਪਹਿਲੀ ਵੱਡੀ ਜੰਗ ਜਰਮਨ ਤੇ ਫਰਾਂਸ ਦੀ ਜੰਗ ਸ਼ੁਰੂ ਹੋ ਗਈ। ਪਾਖਰ ਸਿੰਘ ਲੜਾਈ ਵਿਚ ਬਹਾਦਰੀ ਨਾਲ ਲੜਿਆ ਤਾਂ ਕਈ ਤਗਮੇ ਅਤੇ ਇਨਾਮ ਮਿਲੇ। ਲੜਾਈ ਵੇਲੇ ਰਾਸ਼ਨ ਨਾ ਮਿਲਿਆ ਤਾਂ ਖੱਚਰਾਂ ਅਤੇ ਘੋੜਿਆਂ ਦਾ ਮਾਸ ਖਾਣਾ ਪਿਆ।

ਕੁੰਢਾ ਸਿੰਘ ਅਤੇ ਸ਼ਾਮ ਸਿੰਘ ਨੇ ਮਿਹਨਤ ਕਰਕੇ ਝਾੜ ਪੁੱਟ ਦਿੱਤੇ। ਜ਼ਮੀਨ ਸਾਫ ਹੋ ਗਈ। ਉਸ ਵਿਚ ਬੇਰੜਾ (ਜੌਂ ਅਤੇ ਛੋਲੇ) ਬੀਜ ਦਿੱਤੇ। ਮਹਾਂਪੁਰਖਾਂ ਦੀ ਕ੍ਰਿਪਾ ਸਦਕਾ ਚੰਗੀ ਵਰਖਾ ਹੋਈ ਤੇ ਜੌਂ ਅਤੇ ਛੋਲੇ ਇੰਨੇ ਹੋਏ ਕਿ ਜ਼ਮੀਨ ਦੀ ਕੀਮਤ ਦੇ ਪੈਸੇ ਵਟਾ ਗਏ। ਉਨ੍ਹਾਂ ਹੋਰ ਜ਼ਮੀਨ ਖਰੀਦ ਲਈ। ਹੋਰ ਕਮਾਈ ਕਰਦੇ ਰਹੇ ਤਾਂ ਪੈਸੇ ਜਮ੍ਹਾਂ ਹੋਣ ਲੱਗ ਪਏ। ਉਧਰ ਪਾਖਰ ਸਿੰਘ ਫੌਜ ਵਿਚ ਬਹਾਦਰੀ ਕਰਦਾ ਹੋਇਆ ਤਰੱਕੀ ਕਰਦਾ-ਕਰਦਾ ਸੂਬੇਦਾਰ ਬਣ ਗਿਆ। ਉਸ ਤੋਂ ਉਪਰੰਤ ਨੌਕਰੀ ਛੱਡ ਕੇ ਆ ਗਿਆ।

ਪਾਖਰ ਸਿੰਘ ਨੇ ਆ ਕੇ ਮਿਸਤਰੀ ਮੇਹਰਦੀਨ ਨਾਲ ਰਲ ਕੇ ਸਾਦਕੀ ਨਹਿਰ ਪੁੱਟਣ ਦਾ ਠੇਕਾ ਲੈ ਲਿਆ। ਛਪਾਲੀਆਂ ਤੋਂ ਬਾਣੀਆਂ ਵਾਲੇ ਤੱਕ ਠੇਕਾ ਲਿਆ। ਨਹਿਰ ਪੁੱਟਦੇ ਗਏ। ਇਕ ਦਿਨ ਬਾਬਾ ਜੀ ਨੇ ਐਸੀ ਕ੍ਰਿਪਾ ਕੀਤੀ ਕਿ ਚਾਂਦੀ ਦੇ ਰੁਪਿਆਂ ਦਾ ਖ਼ਜ਼ਾਨਾ ਨਿਕਲ ਆਇਆ। ਰੁਪਏ ਖੱਚਰਾਂ ਉਪਰ ਲੱਦ ਕੇ ਲਿਆਂਦੇ ਗਏ। ਦੋ ਬੋਰੀਆਂ ਰੁਪਿਆਂ ਦੀਆਂ ਭਰ ਕੇ ਉਨ੍ਹਾਂ ਦੇ ਚਾਰੇ ਪਾਸੇ ਛੋਲਿਆਂ ਦੀਆਂ ਬੋਰੀਆਂ ਲਾ ਦਿੱਤੀਆਂ। ਫਿਰ ਪਾਖਰ ਸਿੰਘ ਬਾਬਾ ਜੀ ਪਾਸ ਆਇਆ। ਹਜ਼ੂਰ ਨੇ ਬਚਨ ਕੀਤਾ, "ਭਰ ਆਇਆ ਹੈਂ ਰੁਪਿਆਂ ਦੀਆਂ ਬੋਰੀਆਂ ?"



"ਹਾਂ ਮਹਾਰਾਜ! ਆਪ ਦੀ ਕ੍ਰਿਪਾ ਹੈ। ਹੁਣ ਜ਼ਮੀਨ ਲੈਣੀ ਹੈ ਚੱਕ ਵਿਚ।"

ਹਜ਼ੂਰ ਨੇ ਬਚਨ ਕੀਤਾ, "ਚਾਰ ਲੱਡੂ ਲੈ ਕੇ, ਦੋ ਇਕ ਹੱਥ ਵਿਚ ਦੋ ਇਕ ਹੱਥ ਲੈਣੇ ਹਨ। ਇਕ ਹੱਥ ਦੇ ਨਿਕਲ ਜਾਣ ਤਾਂ ਦੂਜੇ ਰਹਿ ਜਾਂਦੇ ਹਨ।" ਭਾਵ ਸੀ ਕਿ ਆਉਣ ਵਾਲੇ ਸਮੇਂ ਵਿਚ ਪਾਕਿਸਤਾਨ ਬਣੇਗਾ ਤਾਂ ਇੱਥੇ ਬਾਰਡਰ ਬਣੇਗਾ। ਅੱਧਾ ਖੇਤ ਪਾਕਿਸਤਾਨ ਵਿਚ ਜਾਏਗਾ ਅੱਧਾ ਇੱਧਰ ਰਹੇਗਾ।

ਫਿਰ ਉਨ੍ਹਾਂ ਰੁਪਿਆਂ ਨਾਲ 108 ਮੁਰੱਬੇ ਜ਼ਮੀਨ ਚੱਕ ਪਾਖਰ ਸਿੰਘ ਦਸ ਕਿਉ (10 Q) ਲਈ ਤਬਕੜੇ, ਕਲਾ, ਫਤੂਹੀ ਤਿੰਨੇ ਪਿੰਡਾਂ ਦੀ ੩੦੦ ਕਿੱਲਾ ਜ਼ਮੀਨ ਲਈ। ਜਿਸ ਦੇ ਵਿਚੋਂ ਪਾਕਿਸਤਾਨ ਬਣਨ ਸਮੇਂ ੫੦ ਮੁਰੱਬੇ ਬਾਰਡਰ ਦੇ ਪਾਰ ਰਹਿ ਗਈ। ਬਾਕੀ ਪਾਖਰ ਸਿੰਘ ਵਾਲੀ ਢਾਣੀ ਬਚ ਗਈ।

ਇਸੇ ਖਾਨਦਾਨ ਦੇ ਮੌਜੂਦਾ ਬਜ਼ੁਰਗ ਸ਼ੇਰ ਸਿੰਘ ਜੀ ਦੱਸਦੇ ਹਨ ਕਿ ਭੋਲੇ ਵਾਲੇ ਸੰਤ ਰਤਨ ਸਿੰਘ ਜੀ ਜੋ ਕਾਲੂ ਸਿੰਘ ਮਿਸਤਰੀ ਤਲਵੰਡੀ ਸਾਬੋ ਵਾਲੇ ਦੇ ਰਿਸ਼ਤੇਦਾਰ ਸਨ। ਕਾਲੂ ਸਿੰਘ ਵੀ ਭੋਲੇ ਵਾਲੇ ਰਹਿੰਦੇ ਸੀ। ਬਾਬਾ ਜੀ ਅਨੰਦ ਸਿੰਘ ਜੀ ਮਹਾਰਾਜ ਦੇ ਭਤੀਜੇ ਲੱਗਦੇ ਸਨ। ਸੰਤ ਰਤਨ ਸਿੰਘ ਜੀ ਬਾਬਾ ਅਨੰਦ ਸਿੰਘ ਜੀ ਦੇ ਚਾਚੇ ਦੇ ਪੁੱਤਰ ਹਰਿਨਾਮ ਸਿੰਘ ਜੀ ਦੇ ਪੁੱਤਰ ਸਨ। ਸੰਤ ਰਤਨ ਸਿੰਘ ਜੀ ਲਈ ਭੋਲੇ ਵਾਲੇ ਭੋਰੇ ਬਣਾਉਂਦੇ ਸਨ। ਪਰ ਸੰਤਾਂ ਨੇ ਜਵਾਬ ਦਿੱਤਾ ਕਿ ਭੋਰਾ ਇੱਥੇ ਨਹੀਂ ਪੁੱਟਣਾ ਪਾਖਰ ਵਾਲੀ ਢਾਣੀ ਪੁੱਟਣਾ ਹੈ। ਫਿਰ ਸੰਤਾਂ ਨੇ ਪਾਖਰ ਵਾਲੀ ਢਾਣੀ ਪੁੱਟਿਆ ਅਤੇ ਉਥੇ ਰਹੇ। ਪਾਖਰ ਸਿੰਘ ਦੀ ਸੱਤਵੀਂ ਪੀੜ੍ਹੀ ਦੇ ਬੱਚੇ ਦੇ ਜਨਮ ਤੱਕ ਰਹੇ। ਇਸ ਨਾਲ ਮਹਾਂਪੁਰਖਾਂ ਦਾ ਬਚਨ ਪੂਰਾ ਕੀਤਾ। ਬਾਬਾ ਜੀ ਨੇ ਬਚਨ ਕੀਤਾ ਸੀ ਕਿ, "ਸੱਤ ਪੀੜ੍ਹੀਆਂ ਤੁਹਾਨੂੰ ਚੜ੍ਹਦੀ ਕਲਾ ਵਿਚ ਰੱਖਾਂਗੇ।"

ਪਾਖਰ ਸਿੰਘ ਵਾਲੀ ਢਾਣੀ (10 Q) ਸ੍ਰੀ ਗੰਗਾ ਨਗਰ ਜ਼ਿਲ੍ਹੇ ਵਿਚ ੩੦ ਕੁ ਕਿਲੋਮੀਟਰ ਦੇ ਫਾਸਲੇ ਉਪਰ ਹੈ। ਪਾਖਰ ਸਿੰਘ ਨੇ ਇੱਥੇ ਇਕ ਖੂਹ ਲਾ ਲਿਆ। ਬੀਕਾਨੇਰ ਰਾਜੇ ਦੀਆਂ ਰਿਆਸਤਾਂ ਵਿਚ ਕੋਈ ਖੂਹ ਨਹੀਂ ਲਾ ਸਕਦਾ ਸੀ। ਖੂਹ ਸਰਕਾਰੀ ਇਜਾਜ਼ਤ ਨਾਲ ਲੱਗਦਾ ਸੀ। ਮੁਸਲਮਾਨਾਂ ਨੇ ਰਾਜਾ ਗੰਗਾ ਸਿੰਘ ਕੋਲ ਸ਼ਿਕਾਇਤ ਕਰ ਦਿੱਤੀ ਕਿ ਪਾਖਰ ਸਿੰਘ ਨੇ ਆਪਣੇ

ਲਈ ਖੂਹ ਲਾਇਆ ਹੈ। ਖੂਹ ਬਾਬਾ ਜੀ ਦਾ ਨਾਮ ਲੈ ਲਾਇਆ ਸੀ। ਪਾਣੀ ਬਹੁਤ ਮਿੱਠਾ ਅਤੇ ਸੁਆਦ ਨਿਕਲਿਆ ਸੀ। ਸ਼ਕਾਇਤ ਹੋਣ 'ਤੇ ਪਾਖਰ ਸਿੰਘ ਨੂੰ ਸ਼ਾਹੀ ਦਰਬਾਰ ਵਿਚ ਬੁਲਾਇਆ ਗਿਆ। ਉਨ੍ਹਾਂ ਨੇ ਆਪਣੀ ਫੌਜੀ ਵਰਦੀ ਪਾਈ ਅਤੇ ਤਗਮੇ ਲਾ ਕੇ ਪੇਸ਼ ਹੋਏ। ਵਰਦੀ ਦੇ ਤਗਮੇ ਦੇਖ ਅਤੇ ਉੱਚਾ ਲੰਮਾ ਕੱਦ ਦੇਖ ਕੇ ਰਾਜਾ ਬਹੁਤ ਪ੍ਰਭਾਵਿਤ ਹੋਇਆ। ਜਦ ਰਾਜੇ ਅੱਗੇ ਪੇਸ਼ ਹੋ ਕੇ ਪਾਖਰ ਸਿੰਘ ਨੇ ਸਲੂਟਾ ਮਾਰਿਆ ਤਾਂ ਰਾਜੇ ਨੇ ਪੁੱਛਿਆ, "ਕਿਹੜੇ ਖਾਨਦਾਨ ਵਿਚੋਂ ਹੋ ?"

ਪਾਖਰ ਸਿੰਘ ਨੇ ਜਵਾਬ ਦਿੱਤਾ, "ਮਹਾਰਾਜ ਪਟਿਆਲਾ ਖਾਨਦਾਨ ਹੈ।"

ਰਾਜੇ ਨੇ ਹੁਕਮ ਦੇ ਕੇ ਕੁਰਸੀ ਮੰਗਾਈ ਅਤੇ ਸਤਿਕਾਰ ਨਾਲ ਬੈਠਣ ਲਈ ਕਿਹਾ। ਕ੍ਰਿਪਾ ਮਹਾਰਾਜ ਬਾਬਾ ਜੀ ਭੁੱਚੋ ਵਾਲਿਆਂ ਦੀ ਹੋਈ ਸ਼ਕਾਇਤ ਪਰ ਮਿਲੀ ਕੁਰਸੀ।

ਰਾਜੇ ਨੇ ਪੁੱਛਿਆ, "ਤੁਹਾਡੇ ਬਾਰੇ ਸ਼ਕਾਇਤ ਆਈ ਹੈ ਕਿ ਤੁਸੀਂ ਖੂਹ ਲਾਇਆ ਹੈ ? ਜਦੋਂ ਕਿ ਤੁਹਾਨੂੰ ਪਤਾ ਹੈ ਕਿ ਸਰਕਾਰੀ ਹੁਕਮ ਬਿਨਾਂ ਖੂਹ ਨਹੀਂ ਲਾ ਸਕਦੇ।"

ਪਾਖਰ ਸਿੰਘ ਨੇ ਜਵਾਬ ਦਿੱਤਾ, "ਜਨਾਬ ! ਮੈਂ ਤਾਂ ਖੂਹ ਨਹੀਂ ਪੌਅ (ਪਿਆਓ) ਲਾਇਆ ਹੈ। ਡੋਲ ਅਤੇ ਲੱਜ ਉਥੇ ਹੀ ਪਈ ਹੈ ਕੋਈ ਵੀ ਪਾਣੀ ਪੀ ਸਕਦਾ ਹੈ ਅਤੇ ਘਰ ਲੈ ਕੇ ਜਾ ਸਕਦਾ ਹੈ। ਕਿਸੇ ਵੀ ਭੇਦ ਭਾਵ ਦੇ ਹਰ ਵਰਨ (ਜਾਤ) ਦਾ ਪਾਣੀ ਲੈ ਕੇ ਜਾ ਸਕਦਾ ਹੈ।

ਰਾਜੇ ਕਿਹਾ, "ਠੀਕ ਹੈ ਇਸ ਦੀ ਪੜਤਾਲ ਕੀਤੀ ਜਾਵੇਗੀ।" ਮਹਾਰਾਜ ਗੰਗਾ ਸਿੰਘ ਨੇ ਡੀ.ਸੀ. ਸ੍ਰੀ ਗੰਗਾਨਗਰ ਦੀ ਡਿਊਟੀ (ਜੋ ਰਿਟਕਨ ਨਾਮ ਦਾ ਅੰਗਰੇਜ਼ ਸੀ) ਤਫਤੀਸ਼ ਕਰਨ ਤੇ ਲਾਈ ਕਿ ਦੇਖਿਆ ਜਾਵੇ ਕਿ ਪਾਣੀ ਹਰ ਆਦਮੀ ਲਿਜਾ ਸਕਦਾ ਹੈ।

ਡੀ.ਸੀ. ਰਿਟਕਨ ਪੜਤਾਲ ਕਰਨ ਲਈ ਆਇਆ ਤਾਂ ਦੇਖਿਆ ਕਿ ਹਰ ਆਦਮੀ ਪਾਣੀ ਕੱਢ ਕੇ ਲਿਜਾ ਰਿਹਾ ਹੈ ਅਤੇ ਰਾਹੀ ਵੀ ਪਾਣੀ ਪੀਂਦੇ ਹਨ। ਕਿਸੇ ਨੂੰ ਕੋਈ ਰੁਕਾਵਟ ਨਹੀਂ। ਉਸ ਨੇ ਖੁਸ਼ ਹੋ ਕੇ ਚਾਰ ਮੁਰੱਬੇ ਜ਼ਮੀਨ ਪਾਖਰ ਸਿੰਘ ਦੇ ਨਾਮ ਅਲਾਟ ਕਰ ਦਿੱਤੀ, ਖੂਹ ਦੇ ਚਾਰ ਚੁਫੇਰੇ। ਬਾਬਾ ਜੀ



ਦੀ ਅਪਾਰ ਕ੍ਰਿਪਾ ਸਦਕਾ ਜੁਰਮਾਨਾ ਜਾਂ ਕੈਦ ਦੀ ਥਾਂ ਸੌ ਏਕੜ ਜ਼ਮੀਨ ਅਲਾਟ ਹੋ ਗਈ।

ਪਾਖਰ ਸਿੰਘ ਦੇ ਛੇ ਲੜਕੇ ਸਨ। ਵੱਡਾ ਪਰਤਾਪ ਸਿੰਘ ਨੰਬਰਦਾਰ ਬਣਿਆ। ਉਸ ਦਾ ਲੜਕਾ ਗੁਰਨਾਮ ਸਿੰਘ ਤਹਿਸੀਲਦਾਰ ਰਿਹਾ। ਰਿਟਾਇਰ ਹੋਣ ਤੋਂ ਬਾਦ ਅਠਾਰਾਂ ਸਾਲ ਪਿੰਡ ਦਾ ਸਰਪੰਚ ਰਿਹਾ। ਰਾਜਸਥਾਨ ਵਿਚ ਸਰਪੰਚ ਦੀ ਸ਼ਕਤੀ ਤਹਿਸੀਲਦਾਰ ਤੋਂ ਵੀ ਵੱਧ ਹੈ। ਕੁੰਢਾ ਸਿੰਘ ਦੇ ਦੋ ਪੁੱਤਰ ਅਤੇ ਸ਼ਾਮ ਸਿੰਘ ਦੇ ਚਾਰ ਪੁੱਤਰ ਹੋਏ।

ਪਾਕਿਸਤਾਨ ਬਨਣ ਸਮੇਂ ਕੁਝ ਜ਼ਮੀਨ ਉਧਰ ਰਹਿ ਗਈ। ਇਸ ਦੇ ਬਦਲੇ ਰਾਣੀਆਂ (ਸਿਰਸਾ) ਦੇ ਪਿੰਡ ਭੜੋਲਿਆ ਵਾਲੀ ਅਲਾਟ ਹੋਈ। ਇੱਥੇ ਸ਼ਾਮ ਸਿੰਘ ਦਾ ਪਰਿਵਾਰ ਰਹਿੰਦਾ ਹੈ। ਪਰਤਾਪ ਸਿੰਘ ਨੇ 130 ਕਿੱਲੇ ਰਾਵਤਸਰ ਤੋਂ ਅੱਗੇ ਨਾਗੇ ਪਿੰਡ ਖਰੀਦੀ। ਇੰਨਾਂ ਦੇ ਤਿੰਨ ਲੜਕੇ ਜੋਧ ਸਿੰਘ, ਮੋਹਰ ਸਿੰਘ ਅਤੇ ਸ਼ੇਰ ਸਿੰਘ ਨਾਗੇ ਪਿੰਡ ਰਹਿੰਦੇ ਹਨ। ਕੁੰਢਾ ਸਿੰਘ ਦੇ ਲੜਕੇ ਬਖਤੌਰ ਸਿੰਘ ਨੇ ਪਿੰਡ ਖਾਟਾ (ਗੰਗਾਨਗਰ ਤੋਂ 18 ਕਿਲੋਮੀਟਰ) ਵਿਚ ਜ਼ਮੀਨ ਲਈ। ਹੁਣ ਇਨ੍ਹਾਂ ਕੋਲ ਛੇ ਪਿੰਡਾਂ ਵਿਚ 2300 ਕਿੱਲਾ ਜ਼ਮੀਨ ਹੈ। ਹਰ ਤਰ੍ਹਾਂ ਦੀਆਂ ਸਹੂਲਤਾਂ, ਮੋਟਰ ਸਾਈਕਲ, ਜੀਪ, ਟਰੈਕਟਰ ਕਈ ਹਨ। ਚੰਗੇ ਅਹੁਦਿਆਂ ਉਪਰ ਬੱਚੇ ਇਨ੍ਹਾਂ ਦੇ ਮੁਲਾਜ਼ਮ ਹਨ। ਕੋਈ ਮਾਸਟਰ, ਥਾਣੇਦਾਰ, ਤਹਿਸੀਲਦਾਰ, ਕਪਤਾਨ ਆਦਿ ਹਨ। ਕੁੰਢਾ ਸਿੰਘ ਇੰਨਾ ਤਕੜਾ ਜੁਆਨ ਸੀ ਕਿ ਉਸ ਦਾ ਇਕ ਕਛਹਿਰਾ ਨਿਸ਼ਾਨੀ ਦੇ ਤੌਰ 'ਤੇ ਪਿਆ ਹੈ ਜਿਸ ਦੇ ਇਕ ਪੌਂਚੇ ਵਿਚੋਂ ਅੱਜ ਕੱਲ ਦਾ ਜੁਆਨ ਆਸਾਨੀ ਨਾਲ ਨਿਕਲ ਸਕਦਾ ਹੈ।

ਸ. ਸ਼ੇਰ ਸਿੰਘ ਜੀ ਦੱਸਦੇ ਹਨ ਕਿ ਜਦ ਸਾਨੂੰ ਖਜਾਨਾ ਮਿਲਿਆ ਸੀ ਤਾਂ ਸਾਡਾ ਬਾਬਾ ਪਾਖਰ ਸਿੰਘ ਬਾਬਾ ਜੀ ਪਾਸ ਗਿਆ ਸੀ ਤਾਂ ਮਿਲਣ ਸਮੇਂ ਹੀ ਬਾਬਾ ਜੀ ਨੇ ਬਚਨ ਕੀਤਾ ਸੀ, "ਭਰ ਆਇਆ ਹੈ ਚਾਂਦੀ ਦੀਆਂ ਬੋਰੀਆਂ।"

ਹੁਣ ਵੀ ਇਹ ਸਾਰਾ ਖਾਨਦਾਨ ਬਾਬਾ ਜੀ ਦਾ ਜਸ ਕਰਦਾ ਹੈ। ਕਹਿੰਦੇ ਹਨ, "ਜੋ ਕੁਝ ਅਸੀਂ ਹਾਂ ਸਭ ਉਨ੍ਹਾਂ ਦੀ ਹੀ ਕ੍ਰਿਪਾ ਹੈ।" ਸੋ ਮਹਾਂਪੁਰਖਾਂ ਦੀ ਇਕ ਮੇਹਰ ਦੀ ਨਦਰਿ ਤਕਦੀਰਾਂ ਬਦਲ ਦਿੰਦੀ ਹੈ।

(ਇਹ ਪ੍ਰਸੰਗ ਸ. ਸ਼ੇਰ ਸਿੰਘ ਪੋਤਰਾ ਸ. ਪਾਖਰ ਸਿੰਘ ਅਤੇ ਸ. ਬਲਦੇਵ ਸਿੰਘ ਪੁੱਤਰ ਬਖਤਾਉਰ ਸਿੰਘ ਨੇ ਆਪਣੀ ਜ਼ਬਾਨੀ ਲਿਖਵਾਏ ਹਨ।)

# ਘਟ ਘਟ ਵਾਸੀ ਸਰਬ ਨਿਵਾਸੀ॥

ਮਨ ਦੀ ਭਾਵਨਾ ਦੇ ਜਾਚਕ ਪ੍ਰਾਣੀ ਦੀ ਮਨੋਭਾਵਨਾਂ ਦੂਰ ਦੁਰਾਡੇ ਬੈਠੇ ਹੀ ਇਕ ਖਿਨ ਵਿਚ ਪ੍ਰਤੱਖ ਰੂਪ ਵਿਚ ਪੂਰੀ ਕਰ ਦਿੰਦੇ ਹਨ। ਕਈ ਰੂਪ ਹੋ ਕੇ ਅਲੋਪ ਹੋ ਜਾਣਾ ਇਨ੍ਹਾਂ ਦੀਆਂ ਪ੍ਰਮੇਸ਼ਰ ਬਾਰੇ ਮਾਨਸਿਕ ਬੁੱਧੀ ਨੂੰ ਸੁਚੇਤ ਕਰਨ ਦੀਆਂ ਉਦਾਹਰਨਾਂ ਪੇਸ਼ ਕਰਦੀਆਂ ਹਨ। ਹੰਕਾਰੀ ਭਗਤੀ ਦੀ ਇਕ ਇਕ ਇੱਟ ਦੀ ਚਿਣੀ ਹੋਈ ਦੀਵਾਰ ਮੁਕਤੀ ਦੀ ਮੰਜ਼ਿਲ ਨਹੀਂ ਬਣਾ ਸਕਦੀ। ਅੰਦਰ ਤੋਂ ਥੋਥੀਆਂ ਇਹ ਇੱਟਾਂ ਪ੍ਰਮਾਤਮਾਂ ਦੇ ਸੱਚੇ ਭਗਤ ਦੇ ਇਕ ਝਟਕੇ ਨਾਲ ਖੇਰੂੰ ਖੇਰੂੰ ਹੋ ਜਾਂਦੀਆਂ ਹਨ। ਇਸੇ ਤਰ੍ਹਾਂ ਹੀ ਇਹ ਪ੍ਰਸੰਗ ਦਰਸਾਉਂਦਾ ਹੈ ਇਕੋ ਸਰੂਪ ਵਿਚ ਅਨੇਕ ਰੂਪ।

ਪਿਛਲੀ ਸਾਖੀ ਸੰਬੰਧਿਤ ਪਾਖਰ ਸਿੰਘ ਪਰਿਵਾਰ ਦੇ ਰਿਸ਼ਤੇਦਾਰ ਸਨ ਲੀਕਲ ਸਿੰਘ ਨੰਬਰਦਾਰ। ਉਨ੍ਹਾਂ ਦੇ ਕੋਲ ਚਾਰ ਸਾਧੂ ਆ ਗਏ। ਭਗਤੀ ਥੋੜੀ ਪਰ ਮਨ ਵਿਚ ਭਰੀ ਹੋਈ ਹੰਕਾਰੀ ਉੱਤਰ ਪ੍ਰਸ਼ਨਾਂ ਦੀਆਂ ਪੰਡ। ਉਨ੍ਹਾਂ ਲੀਕਲ ਸਿੰਘ ਨੰਬਰਦਾਰ ਨੂੰ ਕਿਹਾ, "ਸਾਨੂੰ ਬਾਬਾ ਜੀ ਦੇ ਦਰਸ਼ਨ ਕਰਵਾਓ। ਅਸੀਂ ਉਨ੍ਹਾਂ ਨਾਲ ਕੁਝ ਗੋਸ਼ਟੀਆਂ ਕਰਨੀਆਂ ਹਨ।"

ਸ. ਲੀਕਲ ਸਿੰਘ ਨੰਬਰਦਾਰ ਉਨ੍ਹਾਂ ਨੂੰ ਲੈ ਕੇ ਬਾਬਾ ਜੀ ਦੇ ਅਸਥਾਨ 'ਤੇ ਆਇਆ। ਸੇਵਕ ਨੂੰ ਕਿਹਾ, "ਇਨ੍ਹਾਂ ਸਾਧੂਆਂ ਨੇ ਬਾਬਾ ਜੀ ਦੇ ਦਰਸ਼ਨ ਕਰਨੇ ਹਨ। ਆਗਿਆ ਲੈਣੀ ਹੈ।"

ਸੇਵਕ ਟਿੱਲਾ ਸਾਹਿਬ ਉਪਰ ਗਿਆ। ਸ਼ਾਮ ਦਾ ਵੇਲਾ ਸੀ। ਹੱਥ ਜੋੜ ਬੇਨਤੀ ਕੀਤੀ, "ਹਜ਼ੂਰ! ਨੰਬਰਦਾਰ ਲੀਕਲ ਸਿੰਘ ਨਾਲ ਚਾਰ ਸਾਧੂ ਆਏ ਹਨ। ਦਰਸ਼ਨ ਕਰਨ ਲਈ ਆਗਿਆ ਮੰਗਦੇ ਹਨ।"

ਹਜ਼ੂਰ ਨੇ ਬਚਨ ਕੀਤਾ, "ਅੱਜ ਨਹੀਂ, ਉਨ੍ਹਾਂ ਨੂੰ ਸਵੇਰੇ ਅੰਮ੍ਰਿਤ ਵੇਲੇ



ਦਰਸ਼ਨ ਦੇਵਾਂਗੇ। ਉਨ੍ਹਾਂ ਨੂੰ ਕਹਿਣਾ ਚਾਰੇ ਪਿੰਡ ਦੀ ਵੱਖ ਵੱਖ ਦਿਸ਼ਾਂ ਵਿਚ ਬੈਠ ਜਾਣ। ਇਕ ਚੜ੍ਹਦੇ ਵੱਲ, ਇਕ ਦੱਖਣ ਵੱਲ, ਛਿਪਦੇ ਵੱਲ ਤੇ ਇਕ ਪਹਾੜ ਵੱਲ ਪਿੰਡ ਤੋਂ ਬਾਹਰ ਰਾਤ ਨੂੰ ਬੈਠ ਜਾਣ। ਅੰਮ੍ਰਿਤ ਵੇਲੇ ਉਠ ਕੇ ਭਜਨ ਬੰਦਗੀ ਕਰਨ। ਅਸੀਂ ਉਨ੍ਹਾਂ ਨੂੰ ਆਪ ਹੀ ਦਰਸ਼ਨ ਦੇਵਾਂਗੇ।"

ਸੇਵਕ ਨੇ ਲੀਕਲ ਸਿੰਘ ਅਤੇ ਸਾਧੂਆਂ ਨੂੰ ਸਾਰੇ ਬਚਨ ਸੁਣਾ ਦਿੱਤੇ। ਸਾਧੂ ਅਤੇ ਨੰਬਰਦਾਰ ਘਰ ਮੁੜ ਗਏ। ਨੰਬਰਦਾਰ ਨੇ ਸਾਧੂਆਂ ਨੂੰ ਅੰਨ੍ਹ ਪਾਣੀ ਛਕਾਇਆ। ਹੁਕਮ ਅਨੁਸਾਰ ਪਿੰਡ ਦੇ ਚਾਰੇ ਦਿਸ਼ਾ ਵਿਚ ਸਾਧੂ ਜਾ ਕੇ ਬੈਠ ਗਏ। ਰਾਤ ਅੱਧੀ ਬੀਤ ਜਾਣ ਤੋਂ ਬਾਦ ਜਦੋਂ ਤਾਰਾ ਚੜ੍ਹਦਾ ਹੈ ਉਸ ਤੋਂ ਪਹਿਲਾਂ ਸਾਧੂ ਉਠ ਕੇ ਭਜਨ ਬੰਦਗੀ ਕਰਨ ਲੱਗ ਪਏ। ਜਦੋਂ ਤਾਰਾ ਚੜ੍ਹਿਆ ਤਾਂ ਬਾਬਾ ਜੀ ਮਹਾਰਾਜ ਨੇ ਚਾਰੇ ਸਾਧੂਆਂ ਨੂੰ ਇਕੋ ਸਮੇਂ ਦਰਸ਼ਨ ਦਿੱਤੇ ਅਤੇ ਉਨ੍ਹਾਂ ਦੀ ਮਨੋਕਾਮਨਾ ਪੂਰੀ ਕਰਨ ਦਾ ਬਚਨ ਪੂਰਾ ਕੀਤਾ। ਬਚਨ ਉਨ੍ਹਾਂ ਨਾਲ ਕੀਤੇ ਜਾਂ ਨਹੀਂ ਇਨ੍ਹਾਂ ਬਾਰੇ ਕੋਈ ਵੇਰਵਾ ਨਹੀਂ ਮਿਲਿਆ। ਜਦ ਸਵੇਰੇ ਪਹੁ ਫੁਟੀ ਤਾਂ ਚਾਰੇ ਸਾਧੂ ਨੰਬਰਦਾਰ ਦੇ ਘਰ ਆ ਗਏ। ਆਪਸ ਵਿਚ ਪੁੱਛਣ ਲੱਗੇ ਕਿ ਤੈਨੂੰ ਕਿਸ ਸਮੇਂ ਦਰਸ਼ਨ ਹੋਏ ਤਾਂ ਸਭ ਨੇ ਕਿਹਾ, "ਕਿ ਤਾਰਾ ਚੜਨ ਵੇਲੇ।" ਸਾਰੇ ਹੈਰਾਨ ਹੋ ਗਏ ਕਿ ਸਾਰਿਆਂ ਨੂੰ ਇਕੋ ਸਮੇਂ ਇਕੋ ਰੂਪ ਵਿਚ ਦਰਸ਼ਨ ਦਿੱਤੇ। ਉਨ੍ਹਾਂ ਦੇ ਮਨ ਦੇ ਸ਼ੰਕੇ ਦੂਰ ਹੋ ਗਏ। ਸਾਧੂਆਂ ਨੇ ਕਿਹਾ, "ਇੱਥੋ ਚੱਲਦੇ ਹਾਂ। ਇੱਥੇ ਸਮੁੰਦਰ ਹੈ। ਛੱਪੜੀਆਂ ਦਾ ਇੱਥੇ ਕੀ ਬਣੇਗਾ ?"

**ਬਾਜਾਂ ਨਾਲ ਬਟੇਰੀ ਖਹਿੰਦੀ ਆਪਣੇ ਖੰਭ ਗੁਆ ਲਵੇਗੀ।**

ਇਹ ਕਹਿੰਦੇ ਸਾਧੂ ਨੰਬਰਦਾਰ ਦੇ ਘਰ ਤੋਂ ਚਲੇ ਗਏ।

(ਇਹ ਪ੍ਰਸੰਗ ਸ. ਸ਼ੇਰ ਸਿੰਘ ਜੀ ਨਾਗਾ ਪਿੰਡ ਰਾਜਸਥਾਨ ਵਾਲਿਆਂ ਤੋਂ ਮਿਲਿਆ ਹੈ।)

# ਘਟ ਘਟ ਕੇ ਅੰਤਰ ਕੀ ਜਾਨਤ
# ਭਲੇ ਬੁਰੇ ਕੀ ਪੀਰ ਪਛਾਨਤ॥

ਮਹਾਂਪੁਰਖਾਂ ਦਾ ਕਥਨ ਹੈ ਕਿ ਇਨਸਾਨ ਆਪਣੇ ਲੇਖ ਲਿਖਵਾ ਕੇ ਆਉਂਦਾ ਹੈ। ਜੋ ਦੁੱਖ ਸੁੱਖ ਮਿਲਦਾ ਹੈ ਨਸੀਬ ਵਿਚ ਪਹਿਲਾਂ ਹੀ ਲਿਖਿਆ ਹੁੰਦਾ ਹੈ। ਇਸ ਜਨਮ ਦੇ ਕੀਤੇ ਕਰਮਾਂ ਦਾ ਫਲ ਅਗਲੇ ਜਨਮ ਦੀ ਜ਼ਿੰਦਗੀ ਵਿਚ ਮਿਠਾਸ ਜਾਂ ਕੁੜੱਤਣ ਦੇ ਰੂਪ ਵਿਚ ਸੁਆਦ ਦਿੰਦਾ ਹੈ। ਪਾਪਾਂ ਦਾ ਫਲ ਨਰਕ, ਪੁੰਨਾਂ ਦਾ ਫਲ ਸਵਰਗ, ਭਗਤੀ ਦਾ ਫਲ ਮੁਕਤੀ ਦਿੰਦਾ ਹੈ। ਪ੍ਰਭੂ ਨਾਲ ਇਕ ਰੂਪ ਹੋਏ ਮਹਾਂਪੁਰਖ ਲੋਕਾਂ ਦੇ ਦੁੱਖ ਨਿਵਾਰਨ ਅਤੇ ਭਗਤੀ ਭਾਵਨਾ ਵਿਚ ਲਾਉਣ ਲਈ ਮਾਨਸ ਦੇਹੀ ਧਾਰਦੇ ਹਨ। ਜਿਸ ਪ੍ਰਮਾਤਮਾ ਨੇ ਇਨਸਾਨ ਦੇ ਨਸੀਬ ਲਿਖੇ ਹਨ ਫਿਰ ਉਹ ਮਹਾਂਪੁਰਖ ਤੋਂ ਕਿਸ ਤਰ੍ਹਾਂ ਛੁਪੇ ਰਹਿ ਸਕਦੇ ਹਨ।

ਇਕ ਵਾਰ ਬਾਬਾ ਅਨੰਦ ਸਿੰਘ ਜੀ ਦੇ ਭਰਾ (ਚਾਚੇ ਦੇ ਪੁੱਤਰ) ਹਰਿਨਾਮ ਸਿੰਘ ਜੀ, ਇਕ ਦਰਜੀ ਸਿੱਖ ਅਤੇ ਇਕ ਡਾਕਟਰ ਜਗਰਾਉਂ ਤੋਂ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੇ ਦਰਸ਼ਨਾਂ ਲਈ ਆਉਣ ਲੱਗੇ। ਡਾਕਟਰ ਨੇ ਘਰਵਾਲੀ ਨੂੰ ਕਿਹਾ, "ਅਸੀਂ ਭੁੱਚੋ ਬਾਬਾ ਜੀ ਲਈ ਦੁੱਧ ਲੈ ਕੇ ਜਾਣਾ ਹੈ। ਦੁੱਧ ਅੱਜ ਰੱਖ ਦੇਵੀਂ।" ਫਿਰ ਕਿਹਾ, "ਵਧਾ ਦੇਵੀਂ। ਭੁੱਚੋ ਤੋਂ ਹੀ ਲੈ ਆਵਾਂਗੇ।"

ਅਗਲੇ ਦਿਨ ਤਿੰਨੇ ਦਰਸ਼ਨਾਂ ਲਈ ਪਹੁੰਚ ਗਏ। ਆਗਿਆ ਲੈ ਕੇ ਉਪਰ ਟਿੱਲਾ ਸਾਹਿਬ 'ਤੇ ਚਲੇ ਗਏ। ਨਮਸਕਾਰ ਕਰਕੇ ਬੈਠ ਗਏ। ਹਜ਼ੂਰ ਨੇ ਬਚਨ ਕੀਤਾ, "ਕਿਵੇਂ ਦਰਸ਼ਨਾਂ ਲਈ ਕਿ ਕੋਈ ਪ੍ਰਸ਼ਨ ਲਈ?"

"ਮਹਾਰਾਜ! ਦਰਸ਼ਨਾਂ ਲਈ ਪ੍ਰਸ਼ਨਾਂ ਲਈ ਵੀ।"

ਹਜ਼ੂਰ ਹੱਸਦੇ ਕਹਿਣ ਲੱਗੇ, "ਲਿਆ ਵਈ ਡਾਕਟਰਾ, ਤੇਰਾ ਦੁੱਧ ਕਿੱਥੇ



ਹੈ? ਕੱਲ ਦਾ ਤਿਆਰੀ ਕਰੀ ਜਾਂਦਾ ਸੀ।"

ਉਸਨੇ ਗਲਤੀ ਦੀ ਮਾਫੀ ਮੰਗੀ, "ਮਹਾਰਾਜ ਅਸੀਂ ਭੁੱਲਣਹਾਰ ਹਾਂ, ਤੁਸੀਂ ਬਖ਼ਸ਼ਣਹਾਰ ਹੋ।"

ਫਿਰ ਸ. ਹਰਿਨਾਮ ਸਿੰਘ ਜੀ ਨੂੰ ਕਹਿਣ ਲੱਗੇ, "ਤੁਹਾਡੇ ਕੋਲੋਂ ਤਾਂ ਕੁਝ ਛੁਪਾ ਕੇ ਨਹੀਂ ਰੱਖਿਆ। ਤੁਹਾਡੇ ਘਰ ਨੂੰ ਤਾਂ ਬਹੁਤ ਬਖ਼ਸ਼ਿਸ਼ਾਂ ਹੋਈਆਂ ਹਨ। ਰਿਖੀ ਜੀ ਤੋਂ ਅਸੀਂ ਕੁਝ ਨਹੀਂ ਲੁਕੋ ਕੇ ਨਹੀਂ ਰੱਖਿਆ। ਇੱਥੇ ਤਾਂ ਚਵਾਨੀ ਹੀ ਰੱਖੀ ਹੈ। ਉਨ੍ਹਾਂ ਦੇ ਘਰ ਦੀ ਮਹਿਮਾਂ ਪਹਿਲਾਂ ਕਰਵਾਉਣੀ ਹੈ। ਆਪਣਾ ਫਿਰ ਚੌਥੀ ਗੱਦੀ ਤੇ ਆ ਕੇ ਬਣਾਵਾਂਗੇ।"

ਫਿਰ ਦਰਜੀ ਸਿੱਖ ਨੂੰ ਕਹਿਣ ਲੱਗੇ, "ਆ ਵਈ, ਤੈਨੂੰ ਤਾਂ ਬਬਰੂ ਨੇ ਘੱਲਿਆ ਹੈਂ। (ਬਾਬਾ ਜੀ ਮਹਾਰਾਜ ਬਾਬਾ ਨੰਦ ਸਿੰਘ ਜੀ ਨੂੰ ਕਈ ਵਾਰ ਬਬਰੂ ਵੀ ਕਿਹਾ ਕਰਦੇ ਸਨ)। ਉਸ ਦੀ ਤਾਂ ਅਸੀਂ ਜ਼ਰੂਰ ਮੰਨਾਂਗੇ। ਔਲਾਦ ਦੇ ਲਈ ਆਇਆ ਹੈਂ।"

ਉਸ ਨੇ ਉੱਤਰ ਦਿੱਤਾ, "ਮਹਾਰਾਜ ਹਾਂ ਔਲਾਦ ਨਹੀਂ ਹੈ।"

ਮਹਾਰਾਜ ਨੇ ਹੁਕਮ ਕੀਤਾ, "ਤੁਹਾਡਾ ਘਰ ਠੀਕ ਨਹੀਂ ਹੈ। ਇਹ ਘਰ ਛੱਡ ਦਿਓ। ਇਸ ਘਰ ਵਿਚ ਗਊ ਕਸ ਕਰਕੇ ਚੌਲਾਂ ਵਿਚ ਪਾ ਕੇ ਰੱਤ ਖਵਾਈ ਗਈ ਸੀ। ਘਰ ਅਛੂਤ ਹੈ। ਹੋਰ ਪਿੰਡ ਵਿਚ ਤੈਨੂੰ ਪੰਜ ਸੌ ਰੁਪਏ ਵਿਚ ਬਾਲਿਆ ਵਾਲੀ ਛੱਤ ਵਾਲਾ ਘਰ ਮਿਲ ਜਾਵੇਗਾ।

ਕਿਸੇ ਜਗ੍ਹਾ ਪਹਾੜੀ ਤੇ ਸਈਅਦ ਫਰੀਦ ਬੈਠਾ ਬ੍ਰਿਧ ਹੈ। ਉਹ ਤੇਰੇ ਘਰੇ ਜਨਮ ਲਵੇਗਾ। ਉਸ ਦੀ ਨਿਸ਼ਾਨੀ ਹੋਵੇਗੀ ਕਿ ਉਸ ਦੀ ਢੂਹੀ (ਪਿੱਠ) 'ਤੇ ਮਹੁਕਾ ਹੋਵੇਗਾ।" (ਸ਼ੇਰ ਸਿੰਘ ਜੀ ਨੂੰ ਉਸ ਪਿੰਡ ਅਤੇ ਪਹਾੜੀ ਵਾਲੀ ਜਗ੍ਹਾ ਯਾਦ ਨਹੀਂ ਸੀ ਜਿੱਥੇ ਉਸ ਨੇ ਘਰ ਲਿਆ ਤੇ ਪਗੜੀ ਵਾਲਾ ਫਕੀਰ ਮਿਲਿਆ।

(ਇਹ ਪ੍ਰਸੰਗ ਸ. ਸ਼ੇਰ ਸਿੰਘ ਪਿੰਡ ਨਾਗਾ ਵਾਇਆ ਰਾਵਤਸਰ ਹਨੂੰਮਾਨਗੜ੍ਹ ਤੋਂ ਮਿਲਿਆ ਹੈ)

## ਆਪੇ ਦੈਂਤ ਲਾਇ ਦਿਤੇ ਸੰਤ ਜਨਾ ਕਉ ਆਪੇ ਰਾਖਾ ਸੋਈ ॥

ਸੱਚੇ ਸ਼ਰਧਾਲੂ ਦੀ ਰਖਸ਼ਾ ਮਹਾਂਪੁਰਖ ਆਪ ਕਰਦੇ ਹਨ। ਜਿਸ ਤਰ੍ਹਾਂ ਪ੍ਰਮਾਤਮਾਂ ਨੇ ਹਰ ਜੀਵ ਜੰਤੂ ਲਈ ਆਹਾਰ ਦਿੱਤਾ ਹੈ। ਸ੍ਰਿਸ਼ਟੀ ਚਲਾਉਣ ਲਈ ਹਰ ਇਕ ਨੂੰ ਕਾਰਜ ਦਿੱਤਾ ਹੈ। ਆਪਣੇ ਭਗਤਾਂ ਦੇ ਕਾਰਜ ਦੀ ਲਾਜ, ਪੱਤ ਆਪ ਰੱਖਦਾ ਹੈ। ਕੁਕਰਮਾਂ ਲਈ ਸ਼ੈਤਾਨ ਪੈਦਾ ਕੀਤੇ, ਪਰ ਉਨ੍ਹਾਂ ਦੇ ਬਿਨਾਸ ਲਈ ਇਨਸਾਨ ਪੈਦਾ ਕੀਤੇ। ਆਪ ਇਹ, "ਸਰਬ ਕਲਾ ਕਰ ਖੇਲੇ ਖੇਲ"। ਪ੍ਰਭੂ ਪ੍ਰਾਣੀ ਨੂੰ "ਜੋ ਉਪਜਿਓ ਸੋ ਬਿਨਸ ਹੈ" ਦੀ ਸਿੱਖਿਆ ਦੇ ਕੇ ਚੋਰ, ਹੰਕਾਰੀ ਲੋਭੀ ਬਣਾ ਦਿੰਦਾ ਹੈ। ਪਰ **"ਅਪਣੇ ਸੇਵਕ ਕੀ ਆਪਿ ਪਤਿ ਰਾਖੈ"** ਨੂੰ ਵੀ ਅਮਲੀ ਰੂਪ ਦਿੰਦਾ ਹੈ।

ਸ਼ਾਮ ਦਾ ਸਮਾਂ ਸੀ। ਇਕ ਨਵ-ਵਿਆਹਿਆ ਜੋੜਾ ਬਾਬਾ ਜੀ ਦੇ ਦਰਸ਼ਨਾ ਲਈ ਆਇਆ। ਆਗਿਆ ਮਿਲ ਗਈ ਦਰਸ਼ਨ ਕੀਤੇ।

ਬਾਬਾ ਜੀ ਮਹਾਰਾਜ ਨੇ ਬਚਨ ਕੀਤਾ, "ਇੱਥੇ ਕੋਈ ਰਿਸ਼ਤੇਦਾਰੀ ਹੈ ?" ਉਨ੍ਹਾਂ ਕਿਹਾ, "ਜੀ ਕੋਈ ਰਿਸ਼ਤੇਦਾਰੀ ਨਹੀਂ।"

ਹਜ਼ੂਰ ਨੇ ਹੁਕਮ ਕੀਤਾ, "ਕਾਕਾ ਤੂੰ ਇੱਥੇ ਹੀ ਆਸਣ ਲਾ ਲਉ ਅਤੇ ਬੀਬੀ ਨੂੰ ਮਾਈ ਰੱਤੋ (ਬਾਬਾ ਮਹਿਤਾਬ ਸਿੰਘ ਦੇ ਘਰ ਵਾਲੀ) ਦੇ ਘਰ ਭੇਜ ਦਿੰਦੇ ਹਾਂ।

ਦੂਰ ਦੁਰੇਡੇ ਦੀਆਂ ਮਾਈਆਂ ਨੂੰ ਰਾਤ ਦੇ ਸਮੇਂ ਬਾਬਾ ਜੀ ਮਾਈ ਰੱਤੋ ਦੇ ਘਰ ਹੀ ਭੇਜ ਦਿੰਦੇ ਸਨ। ਉਸ ਲੜਕੀ ਨੇ ਗਹਿਣੇ ਕਾਫੀ ਪਾਏ ਹੋਏ ਸਨ। ਮਾਈ ਰੱਤੋ ਜਦ ਸੇਵਾ ਤੋਂ ਵਾਪਸ ਗਈ ਤਾਂ ਲੜਕੀ ਨੂੰ ਨਾਲ ਭੇਜ ਦਿੱਤਾ। ਸਿਆਲ ਦੀ ਰੁੱਤ ਸੀ। ਲੜਕੀ ਦੇ ਗਹਿਣੇ ਦੇਖ ਕੇ ਕਿਸੇ ਦੇ ਮਨ ਵਿਚ ਪਾਪ ਜਾਗਿਆ ਕਿ ਰਾਤ ਨੂੰ ਚੋਰੀ ਕੀਤੀ ਜਾਵੇ।



ਜਦ ਰਾਤ ਪਈ ਤਾਂ ਚੋਰਾਂ ਨੇ ਮਾਈ ਦੇ ਘਰ ਨੂੰ ਪਾੜ ਲਾਉਣਾ ਸ਼ੁਰੂ ਕਰ ਦਿੱਤਾ। ਪਾੜ ਲਾ ਲਿਆ ਪਰ ਅੰਦਰ ਕੋਈ ਨਾ ਜਾ ਸਕਿਆ। ਇਸ ਤਰ੍ਹਾਂ ਕਰਦੇ-ਕਰਦੇ ਅੰਮ੍ਰਿਤ ਵੇਲਾ ਹੋ ਗਿਆ। ਬਾਬਾ ਜੀ ਦੇ ਗਾਜੀ ਮਾਈ ਦੇ ਘਰੋਂ ਦੁੱਧ ਲੈਣ ਆਉਂਦੇ ਸਨ। ਜਦੋਂ ਹਨੇਰੇ ਹੀ ਗਾਜੀ ਦੁੱਧ ਲੈਣ ਆਏ ਤਾਂ ਚੋਰ ਦੇਖ ਕੇ ਭੱਜ ਗਏ। ਆਵਾਜ਼ ਸੁਣ ਕੇ ਗਾਜੀਆਂ ਨੇ ਕਿਹਾ, "ਮਾਈ, ਇਹ ਖੜਕਾ ਕਿਸ ਤਰ੍ਹਾਂ ਦਾ ਹੋਇਆ ਸੀ ?" ਲਾਲਟੈਨ ਜਗਾ ਕੇ ਦੇਖਿਆ ਤਾਂ ਕੰਧ ਨੂੰ ਪਾੜ ਲੱਗਿਆ ਹੋਇਆ ਸੀ। ਪਰ ਨੁਕਸਾਨ ਕੋਈ ਨਹੀਂ ਹੋਇਆ ਸੀ। ਜਦੋਂ ਦਿਨ ਚੜ੍ਹ ਆਇਆ ਤਾਂ ਲੋਕ ਦੇਖਣ ਆਏ ਕਿ ਪਾੜ ਲੱਗਿਆ ਹੈ। ਲੋਕਾਂ ਨੇ ਪਾੜ ਤੱਕਿਆ ਤਾਂ ਇਕ ਬਹੁਤ ਵੱਡਾ ਸੱਪ ਫਨ ਫੈਲਾਈ ਪਾੜ ਵਿਚ ਬੈਠਾ ਹੈ। ਲੋਕਾਂ ਨੂੰ ਦੇਖ ਕੇ ਸੱਪ ਕੰਧ ਵਿਚ ਚਲਾ ਗਿਆ।

ਸਵੇਰੇ ਮਾਈ ਅਤੇ ਲੜਕੀ ਬਾਬਾ ਜੀ ਕੋਲ ਪਹੁੰਚੀਆਂ। ਬੇਨਤੀ ਕੀਤੀ, "ਮਹਾਰਾਜ ! ਰਾਤ ਚੋਰਾਂ ਨੇ ਪਾੜ ਲਾ ਲਿਆ ਸੀ, ਪਰ ਚੋਰੀ ਨਹੀਂ ਹੋਈ। ਪਾੜ ਵਿਚ ਵੱਡਾ ਕਾਲਾ ਸੱਪ ਸੀ।"

ਬਾਬਾ ਜੀ ਨੇ ਬਚਨ ਕੀਤਾ, "ਚੋਰ ਬੀਬੀ ਦੀਆਂ ਟੂੰਮਾਂ ਲਾਹੁਣ ਆਏ ਸਨ। ਪਰ ਸਾਡਾ ਪਹਿਰੇਦਾਰ ਜੋ ਪਹਿਰਾ ਦੇ ਰਿਹਾ ਸੀ, ਉਹ ਅੱਗੇ ਕਿਸ ਤਰ੍ਹਾਂ ਲੰਘਦੇ।"

ਸਾਰੇ ਇਹ ਸੁਣ ਕੇ ਹੈਰਾਨ ਹੋ ਗਏ ਕਿ ਅੰਤਰਜਾਮੀ ਮਹਾਂਪੁਰਖ ਹਰ ਥਾਂ ਆਪਣੇ ਸੇਵਕ ਦੀ ਕਿਵੇਂ ਪੱਤ ਰੱਖਦੇ ਹਨ।

### ੨

ਮਾਈ ਰੱਤੋ ਨੂੰ ਬਾਬਾ ਜੀ ਨੇ ਇਕ ਰੁਪਿਆ ਦਿੱਤਾ ਸੀ। ਇਕ ਕੱਪੜੇ ਵਿਚ ਕੁਝ ਪਾ ਕੇ ਗੰਢ ਦਿੱਤੀ ਹੋਈ ਹੈ। ਹੁਕਮ ਦਿੱਤਾ, "ਕਿ ਰੁਪਇਆਂ ਵਰਤਨਾ ਨਹੀਂ ਅਤੇ ਨਾ ਹੀ ਕੱਪੜੇ ਦੀ ਗੰਢ ਖੋਲ੍ਹਣੀ ਹੈ। ਘਰ ਵਿਚ ਤੋਟ ਨਹੀਂ ਆਵੇਗੀ।" ਇਹ ਰੁਪਿਆਂ ਤੇ ਕੱਪੜਾ ਮਾਈ ਦੇ ਪੋਤਰੇ ਗੁਰਚਰਨ ਸਿੰਘ ਮਾਨ ਕੋਲ ਪਿਆ ਹੈ। ਕੋਈ ਤੋਟ ਨਹੀਂ ਰਹਿੰਦੀ। ਜੋ ਮਨ ਵਿਚ ਚਿਤਵਦਾ ਹੈ ਪੂਰਾ ਹੋ ਜਾਂਦਾ ਹੈ।

ਸੰਗਤ ਨੇ ਬੇਨਤੀ ਕੀਤੀ, "ਮਹਾਰਾਜ ਜੀ ! ਮਾਈ ਰੱਤੋ ਦਾ ਘਰ ਪੱਕਾ ਹੋਣਾ ਚਾਹੀਦਾ ਹੈ। ਹਜ਼ੂਰ ਜੀ ਨੇ ਬਚਨ ਕੀਤਾ, "ਮਾਈ ਨੂੰ ਪੁੱਛ ਲੈਂਦੇ ਹਾਂ।"

ਜਦ ਮਾਈ ਆਈ ਤਾਂ ਮਹਾਰਾਜ ਜੀ ਨੇ ਸੰਗਤ ਦੀ ਬੇਨਤੀ ਦੱਸੀ। ਮਾਈ ਨੇ ਉੱਤਰ ਦਿੱਤਾ, "ਮਹਾਰਾਜ ਜੀ ! ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੀ ਰੱਖੋ। ਇਹੀ ਮੇਰਾ ਪੱਕਾ ਘਰ ਹੈ।"

(ਇਹ ਬਚਨ ਮਾਈ ਰੱਤੋ ਅਤੇ ਬਾਬਾ ਮਹਿਤਾਬ ਸਿੰਘ ਦੇ ਪੋਤਰੇ ਗੁਰਚਰਨ ਸਿੰਘ ਨੇ ਲਿਖਾਏ ਹਨ)

## ਰਾਜ ਲੀਲਾ ਰਾਜਨ ਕੀ
## ਰਚਨਾ ਕਰਿਆ ਹੁਕਮੁ ਅਫਾਰਾ ॥

ਭਗਤੀ ਮੁਕਤੀ ਦੀ ਮੁਰਾਦ ਮੰਗਣ ਵਾਲੇ ਵਿਰਲੇ ਹੀ ਸੰਸਾਰ ਵਿਚ ਆਉਂਦੇ ਹਨ ਪਰ ਬਿਨਸਜਾਣ ਵਾਲੀਆਂ ਉਪਜਾਂ ਦੇ ਵਿਉਪਾਰੀ ਦੁਨਿਆਵੀ ਮੁਰਾਦਾਂ ਮੰਗਦੇ ਹਨ। ਦੁਨੀਆ ਵਿਚ ਆ ਕੇ ਆਸ਼ਾ ਅਤੇ ਤ੍ਰਿਸ਼ਨਾ ਮਨੁੱਖੀ ਮਨ ਸੋਚਾਂ ਦੇ ਗਹਿਰੇ ਸਮੁੰਦਰ ਵਿਚ ਗੋਤੇ ਖਵਾਂਦੀਆਂ ਕਿਨਾਰੇ ਨਹੀਂ ਲੱਗਣ ਦਿੰਦੀਆਂ। ਆਖਿਰ ਇਨ੍ਹਾਂ ਪਿੱਛੇ ਭੱਜਦਾ ਇਨਸਾਨ ਬਿਨਾਂ ਕੁਝ ਪ੍ਰਾਪਤ ਕੀਤੇ ਖਾਲੀ ਝੋਲੀ ਲੈ ਸੱਚੇ ਦੀ ਦਰਗਾਹ ਜਾ ਪਹੁੰਚਦਾ ਹੈ। ਪੀਰਾਂ, ਫਕੀਰਾਂ ਪਾਸੋਂ ਮਨ ਦੀਆਂ ਮੁਰਾਦਾਂ ਮੰਗਣੀਆਂ, ਪਰ ਕਈ ਵਾਰ ਮੰਗੀਆਂ ਮੁਰਾਦਾਂ ਅਕਬਰ ਬਾਦਸ਼ਾਹ ਵਰਗਿਆਂ ਨੂੰ ਸਲੀਮ ਦੇ ਰੂਪ ਵਿਚ ਜੰਗੇ ਮੈਦਾਨ ਵਿਚ ਲੈ ਆਉਂਦੀਆਂ ਹਨ। ਭਗਤ ਮੁਕਤੀ ਮੰਗਦੇ ਹਨ। ਦੁਨੀਆਦਾਰ ਔਲਾਦ, ਖਜਾਨਿਆਂ ਦੀ ਮੁਰਾਦ ਮੰਗਦੇ ਹਨ।

ਬਠਿੰਡੇ ਮਸੀਤ ਵਿੱਚ ਇਕ ਕਾਜ਼ੀ ਰਹਿੰਦਾ ਸੀ। ਉਸ ਦੇ ਕੋਈ ਔਲਾਦ ਨਹੀਂ ਸੀ। ਕਾਜੀ ਬਾਬਾ ਜੀ ਦੇ ਦਰਸ਼ਨ ਕਰਨ ਆਉਂਦਾ ਪਰ ਮੰਗ ਮਨ ਵਿਚ ਲੈ ਕੇ ਮੁੜ ਜਾਂਦਾ। ਕਈ ਵਾਰ ਆਇਆ। ਇਕ ਦਿਨ ਮਹਾਰਾਜ ਬਾਬਾ ਜੀ ਨੇ ਕਾਜੀ ਨੂੰ ਪੁੱਛਿਆ, "ਕਿੱਥੋਂ ਆਉਂਦਾ ਹੈ ? ਜਾਤ ਗੋਤ ਕੀ ਹੈ ? ਕੋਈ ਤ੍ਰਿਸ਼ਨਾਂ ਹੈ ?" ਅੰਤਰਜਾਮੀ ਮਨ ਦੀਆਂ ਬੁਝ ਲੈਂਦੇ ਸਨ।



ਉਸ ਨੇ ਉੱਤਰ ਦਿੱਤਾ, "ਮਹਾਰਾਜ ! ਬਠਿੰਡੇ ਮਸੀਤ ਵਿਚ ਕਾਜੀ ਹਾਂ। ਘਰ ਕੋਈ ਔਲਾਦ ਨਹੀਂ ਹੈ ਬਖ਼ਸ਼ਿਸ਼ ਕਰ ਦਿਓ।"

ਹੱਸ ਕੇ ਹਜ਼ੂਰ ਨੇ ਬਚਨ ਕੀਤਾ, "ਸਾਡੇ ਕੋਲ ਮੁੰਡੇ ਕਿੱਥੇ ਧਰੇ ਪਏ ਹਨ, ਜੋ ਚੁੱਕ ਕੇ ਦੇ ਦੇਈਏ।"

ਕਾਜ਼ੀ ਨੇ ਵਾਰ ਵਾਰ ਬੇਨਤੀ ਕੀਤੀ, "ਮਹਾਰਾਜ ! ਤੁਹਾਡੇ ਪਾਸੋਂ ਹੀ ਦਾਤ ਲੈਣੀ ਹੈ। ਜਦ ਮਰਜ਼ੀ ਬਖ਼ਸ਼ ਦਿਓ।"

ਹਜ਼ੂਰ ਨੇ ਫੁਰਮਾਇਆ, "ਸਾਡਾ ਫਿਰ ਬਚਨ ਮੰਨੇਗਾ ? ਜੋ ਅਸੀਂ ਕਹਾਂਗੇ ਕਰਨਾ ਹੋਵੇਗਾ।"ਆਪ ਜੋ ਹੁਕਮ ਦਿਉਗੇ ਮੈਂ ਉਹੀ ਕਰਾਂਗਾ, "ਕਾਜੀ ਨੇ ਤਰਲਾ ਕੀਤਾ।"ਤੇਰੇ ਜਿਹੜਾ ਖੂੰਜੇ ਵਿਚ ਰੁਪਿਆਂ ਦੱਬਿਆ ਹੈ ਉਹ ਅੱਧਾ ਸਾਡਾ ਹੋਵੇਗਾ। ਕਿਉਂ ਮਨਜ਼ੂਰ ਹੈ ?" ਹਜ਼ੂਰ ਨੇ ਫੁਰਮਾਇਆ।

ਹਜ਼ੂਰ ਮੈਨੂੰ ਮਨਜ਼ੂਰ ਹੈ।"ਚੰਗਾ ਜਾਹ ਫਿਰ ਸਮਾਂ ਆਉਣ 'ਤੇ ਤੇਰੇ ਘਰ ਪੁੱਤਰ ਹੋਵੇਗਾ।" ਹਜ਼ੂਰ ਦਾ ਬਚਨ ਸੀ।ਛੇ ਸੱਤ ਮਹੀਨੇ ਕੋਈ ਉਮੀਦ ਨਾ ਹੋਈ ਤਾਂ ਕਾਜ਼ੀ ਫਿਰ ਬਾਬਾ ਜੀ ਕੋਲ ਆਇਆ। ਫਿਰ ਬੇਨਤੀ ਕੀਤੀ, "ਮਹਾਰਾਜ ਕ੍ਰਿਪਾ ਕਰੋ।"

ਹਜ਼ੂਰ ਹੱਸ ਕੇ ਕਹਿਣ ਲੱਗੇ, "ਕਿਸੇ ਚੰਗੇ ਸੂਰ ਨੂੰ ਮਰ ਤਾਂ ਲੈਣ ਦੇ।"

ਸਮਾਂ ਪਾ ਕੇ ਕਾਜ਼ੀ ਦੇ ਘਰ ਪੁੱਤਰ ਹੋ ਗਿਆ। ਬਾਬਾ ਜੀ ਨਾਲ ਕੀਤਾ ਵਾਇਦਾ ਯਾਦ ਆਇਆ। ਘਰ ਦੇ ਖੂੰਜੇ ਵਿਚੋਂ ਰੁਪਏ ਕੱਢੇ ਅਤੇ ਦੋ ਢੇਰੀਆਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਗਿਣ ਗਿਣ ਕੇ ਇਕੋ ਜਿੰਨੇ ਦੋਨੋਂ ਪਾਸੇ ਪਾਈ ਜਾਵੇ। ਜਦ ਰੁਪਏ ਅੱਧੋ-ਅੱਧ ਕਰ ਲਏ ਤਾਂ ਆਪ ਆਉਣ ਲਈ ਤਿਆਰੀ ਕਰਨ ਲੱਗੇ, "ਘਰਵਾਲੀ ਨੇ ਮੌਕਾ ਤਾੜ ਕੇ ਬਾਬਾ ਜੀ ਨੂੰ ਲੈ ਕੇ ਜਾਣ ਵਾਲੀ ਢੇਰੀ ਵਿਚੋਂ ਕੁਝ ਰੁਪਏ ਕੱਢ ਕੇ ਆਪਣੀ ਢੇਰੀ ਵਿਚ ਰਲਾ ਦਿੱਤੇ। ਤਿਆਰ ਹੋ ਕੇ ਰੁਪਏ ਲੈ ਕੇ ਬਾਬਾ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਗਿਆ

ਬੇਨਤੀ ਕੀਤੀ, "ਮਹਾਰਾਜ ! ਮੇਰੇ ਘਰ ਪੁੱਤਰ ਹੋਇਆ ਹੈ। ਆਪ ਜੀ ਦਾ ਬਚਨ ਪੂਰਾ ਕਰਨ ਲਈ ਅੱਧੀ ਮਾਇਆ ਵੀ ਲੈ ਕੇ ਆਇਆ ਹਾਂ।"

ਬਾਬਾ ਜੀ ਨੇ ਬਚਨ ਕੀਤਾ, "ਮੀਆਂ ਤੂੰ ਸੱਚਾ ਸੁੱਚਾ ਹੈ, ਪਰ ਸੂਰੀ ਨੇ

ਸਾਡੇ ਵਾਲੀ ਢੇਰੀ ਵਿਚੋਂ, ਘਰਵਾਲੀ ਢੇਰੀ ਵਿਚ ਰਲਾ ਦਿੱਤੇ ਹਨ। ਜਾਹ ਇਹ ਵੀ ਲੈ ਜਾਹ। ਅਸੀਂ ਮਾਇਆ ਕੀ ਕਰਨੀ ਹੈ ?

ਮੀਆਂ ਨੇ ਫਿਰ ਬੇਨਤੀ ਕੀਤੀ, "ਮਹਾਰਾਜ ! ਜ਼ਰੂਰ ਰੱਖ ਲਉ।"

ਪਾਤਸ਼ਾਹ ਨੇ ਹੁਕਮ ਕੀਤਾ, "ਚੰਗਾ ਫਿਰ ਇਸ ਦੇ ਵਿਚੋਂ ਕੁਝ ਰੁਪਏ ਬਠਿੰਡੇ ਘਰਾਟਾਂ ਤੇ ਦੇ ਦੇਵੀਂ। ਕਿਉਂਕਿ ਅਸੀਂ ਕਦੇ ਕਦੇ ਉਥੋਂ ਆਟਾ ਮੰਗਵਾਉਂਦੇ ਹਾਂ।"

"ਸਤਿ ਬਚਨ" ਕਹਿ ਕੇ ਕਾਜ਼ੀ ਆਗਿਆ ਲੈ ਕੇ ਚਲਾ ਗਿਆ ਅਤੇ ਬਠਿੰਡੇ ਘਰਾਟਾਂ ਵਾਲਿਆਂ ਨੂੰ ਪੈਸੇ ਦੇ ਗਿਆ।

(ਇਹ ਪ੍ਰਸੰਗ ਸ. ਮੁਖਤਿਆਰ ਸਿੰਘ ਨੰਬਰਦਾਰ ਭੁੱਚੋ ਕਲਾਂ ਤੋਂ ਮਿਲਿਆ ਹੈ)

## ਨਾਨਕ ਕਚੜਿਆ ਸਿਉਂ ਤੋੜਿ
## ਢੂਢਿ ਸਜਣ ਸੰਤ ਪਕਿਆ॥

ਖੁਦਗਰਜ਼ੀ ਕਈ ਵਾਰ ਘਟ ਸ਼ਕਤੀ ਵਾਲੇ ਪੀਰਾਂ ਫਕੀਰਾਂ ਨੂੰ ਆਪਣੇ ਅਸਲੀ ਰਾਹ ਤੋਂ ਕਰਾਹੇ ਪਾ ਦੇਂਦੀ ਹੈ। ਇਸ ਤਰ੍ਹਾਂ ਕਈ ਟੂਣੇਹਾਰ ਵਧੀਕੀਆਂ ਸ਼ਕਤੀਸ਼ਾਲੀ ਕਚਿਹਰੀ ਦੇ ਕਟਹਿਰੇ ਵਿਚ ਮੁਲਜ਼ਮ ਬਣਾ ਖੜਾ ਕਰ ਦੇਂਦੀਆਂ ਹਨ। ਨਿਮਰਤਾ ਵਰਤ ਕੇ ਗੁਨਾਹ ਕਬੂਲ ਕਰ ਲਿਆ ਤਾਂ ਬਰੀ ਹੋ ਗਿਆ। ਨਹੀਂ ਤਾਂ ਦਰਗਾਹੀ ਕੈਦੀ ਬਣ ਗਿਆ। ਇਸੇ ਤਰ੍ਹਾਂ ਦਾ ਹੀ ਇਕ ਬਿਰਤਾਂਤ ਪੀਰ ਅਤੇ ਗੁਰਸਿੱਖ ਵਿਚਕਾਰ ਵਰਤਦਾ ਹੈ।

ਮੁਲਤਾਨ ਦੇ ਪੀਰਾਂ ਦੀ ਇਕ ਗੁਰਸਿੱਖ ਰਿਧੀ ਸਿਧੀ ਸਿੱਖਣ ਲਈ ਸੇਵਾ ਕਰਿਆ ਕਰਦਾ ਸੀ। ਉਨ੍ਹਾਂ ਪੀਰਾਂ ਵਿਚੋਂ ਇਕ ਪੀਰ ਨੇ ਕਲਾਮਾਂ ਨਾਲ ਗੁਰਸਿੱਖ ਬੰਨ੍ਹ ਲਿਆ। ਪਾਗਲ ਰੂਪ ਵਿਚ (ਜ਼ਰਕ ਚਿੰਬੜਿਆ ਸੀ) ਫਿਰਦਾ ਰਹਿੰਦਾ ਤੇ ਸੇਵਾ ਕਰਦਾ ਰਹਿੰਦਾ। ਨੌਂ ਸਾਲ ਦਾ ਸਮਾਂ ਬੀਤ ਗਿਆ। ਸਰੀਰ ਵਿਚ ਦਰਦ ਹੋਣ ਲੱਗ ਪਿਆ।



ਕਿਸੇ ਰਾਹੀਂ ਤੋਂ ਬਾਬਾ ਜੀ ਦੀ ਸਰੋਤ ਸੁਣੀ। ਇਕ ਦਿਨ ਮੌਕਾ ਵਿਚਾਰ ਕੇ ਉਥੋਂ ਭੱਜ ਕੇ ਬਾਬਾ ਜੀ ਪਾਸ ਆ ਗਿਆ।

ਆਗਿਆ ਲੈ ਕੇ ਉਪਰ ਚਲਾ ਗਿਆ। ਇੱਥੇ ਆ ਕੇ ਕੁਝ ਸ਼ਾਂਤੀ ਮਿਲੀ। ਹਜ਼ੂਰ ਨੇ ਪੁੱਛਿਆ, "ਕਿੱਥੋਂ ਅਤੇ ਕਿਵੇਂ ਆਇਆ ਹੈਂ ?"

ਉਸ ਨੇ ਸਾਰੀ ਵਿਥਿਆ ਸੁਣਾ ਕੇ ਬੇਨਤੀ ਕੀਤੀ, "ਸਰੀਰ ਵਿਚ ਬਹੁਤ ਦਰਦ ਰਹਿੰਦਾ ਹੈ।"

"ਇਹ ਬੀਮਾਰੀ ਤੈਨੂੰ ਕਿੱਥੋਂ ਲੱਗੀ ?" ਬਾਬਾ ਜੀ ਨੇ ਬਚਨ ਕੀਤਾ। "ਮਹਾਰਾਜ ! ਮੈਂ ਰਿਧੀ ਸਿਧੀ ਸਿੱਖ ਰਿਹਾ ਸੀ।" ਉਸ ਨੇ ਉੱਤਰ ਦਿੱਤਾ।

ਬਚਨ ਹੋਇਆ, "ਗੁਰਬਾਣੀ ਤੋਂ ਵੱਧ ਸਿਧੀ ਕੀ ਹੈ ? ਜੇ ਪੀਰ ਨੂੰ ਸੱਦੀਏ ਤਾਂ ਪਛਾਣ ਲਵੇਂਗਾ ?"

"ਹਾਂ ਜੀ ਮਹਾਰਾਜ ! ਪਛਾਣ ਲਵਾਂਗਾ।"

ਜੋ ਕਲਾਮ ਪੀਰ ਨੇ ਇਸ ਨੂੰ ਲਾਇਆ ਸੀ ਉਹ ਪੀਰ ਨੂੰ ਲਾ ਦਿੱਤਾ ਪੀਰ ਤੜਫਣ ਲੱਗ ਪਿਆ। ਪੀਰ ਤਾਂਤਰਿਕ ਵਿੱਦਿਆ ਨਾਲ ਡੇਰੇ ਪਹੁੰਚਿਆ ਅਤੇ ਹਜ਼ੂਰ ਦੇ ਚਰਨੀਂ ਢਹਿ ਪਿਆ।

ਬਾਬਾ ਜੀ ਨੇ ਬਚਨ ਕੀਤਾ, ਸੱਚੇ ਮੁਸਲਮਾਨ ਬਣਨਾ ਠੀਕ ਹੈ।"

ਹਜ਼ੂਰ ਨੇ ਗੁਰੂ ਬਾਰੇ ਪੁੱਛਿਆ ਤਾਂ ਪੀਰ ਨੇ ਉੱਤਰ ਦਿੱਤਾ, "ਪਾਤਸ਼ਾਹ ਉਹ ਤਾਂ ਸਵਰਗਵਾਸ ਹੋ ਗਏ ਹਨ।"

ਕਲਾਮ ਕੀ ਦੇ ਗਿਆ ਸੀ ਦੱਸੀ ਤਾਂ ? ਹਜ਼ੂਰ ਨੇ ਬਚਨ ਕੀਤਾ। ਉਸ ਨੇ ਕਲਾਮ ਦੱਸਿਆ। ਸੱਚੇ ਦਿਲੋਂ ਕਲਾਮ ਪੜ੍ਹਿਆ ਕਰ। ਨੌਂ ਨਿਧਾਂ ਬਾਰਾਂ ਸਿਧਾਂ ਹੋਣਗੀਆਂ, ਬਾਬਾ ਜੀ ਨੇ ਫੁਰਮਾਇਆ।

ਇਹ ਪੀਰ ਫਿਰ ਬਹੁਤ ਚਿਰ ਇੱਥੇ ਆਉਂਦਾ ਰਿਹਾ। ਇਸ ਨੂੰ ਹਜ਼ੂਰ ਮੁਲਤਾਨੀਆਂ ਕਹਿ ਕੇ ਪੁਕਾਰਿਆ ਕਰਦੇ ਸਨ।

# ਖਿਨ ਮਹਿ ਨੀਚ ਕੀਟ ਕਉ ਰਾਜ॥

ਕੁਦਰਤੀ ਕ੍ਰਿਸ਼ਮਾਂ ਹੈ ਕਿ ਹਰ ਪੱਖ ਦੇ ਦੋ ਪਹਿਲੂ ਹਨ। ਬੁਰੇ ਦਾ ਉਲਟ ਭਲਾ, ਸੁੱਖ ਦੇ ਨਾਲ ਦੁੱਖ, ਜਨਮ ਨੂੰ ਅਲੋਪ ਕੀਤਾ ਮਰਨ ਨੇ ਆਦਿ। ਇਸੇ ਤਰ੍ਹਾਂ ਪੂਰਨ ਤਾਂਤਰਿਕ ਸਾਧੂ ਨਾ ਮਿਲਣ ਕਰਕੇ ਸੁੱਖ ਵਾਸਤੇ ਲਿਆ ਜੰਤ੍ਰ-ਮੰਤ੍ਰ ਦੁੱਖਾਂ ਦੀ ਝੜੀ ਲਾ ਦਿੰਦਾ ਹੈ।

ਪਿੰਡ ਖੜਕ ਸਿੰਘ ਵਾਲੇ ਦਾ ਇਕ ਜ਼ਿਮੀਂਦਾਰ ਸੀ। ਉਸ ਦੀ ਜ਼ਮੀਨ ਪਿੰਡ ਦੇ ਤਕੜੇ ਜ਼ਿਮੀਂਦਾਰ ਨੇ ਦੱਬ ਲਈ। ਪਰਿਵਾਰ ਉਸ ਦੇ ਨਹੀਂ ਸੀ। ਉਹ ਬਾਹਰ ਫਿਰਦਾ ਰਹਿੰਦਾ। ਇਕ ਦਿਨ ਕੋਈ ਅਨਜਾਣ ਸਾਧੂ ਮਿਲ ਗਿਆ। ਉਸ ਦੇ ਕੋਲ ਉਸ ਨੇ ਆਪਣੀ ਵਿਥਿਆ ਸੁਣਾਈ। ਸਾਧੂ ਨੇ ਇਕ ਸ਼ਬਦ ਪੜ੍ਹਨ ਲਈ ਕਿਹਾ। ਇਸ ਦੇ ਪੜ੍ਹਨ ਨਾਲ ਤੇਰੀ ਜ਼ਮੀਨ ਮਿਲ ਜਾਵੇਗੀ। ਇਸ ਮੰਤਰ ਨਾਲ ਦੇਵਤਾ ਤੇਰੇ ਵੱਸ ਹੋ ਜਾਵੇਗਾ ਅਤੇ ਤੇਰੇ ਵਿਚ ਤਾਕਤ ਆ ਜਾਵੇਗੀ।

ਉਸ ਦੇ ਕਹਿਣ ਮੁਤਾਬਕ ਸ਼ਬਦ ਪੜ੍ਹਣ ਲੱਗਾ ਪਰ ਮਰਿਯਾਦਾ ਦਾ ਪਤਾ ਨਹੀਂ ਸੀ। ਮੰਤ੍ਰ ਉਲਟ ਪੈ ਗਿਆ। ਜਦ ਦੁਖੀ ਹੋਣ ਲੱਗਾ ਤਾਂ ਕਿਸੇ ਨੇ ਦੱਸਿਆ, "ਕਿ ਜੇ ਚੰਗੇ ਦਿਨ ਕੱਟਣੇ ਹਨ ਤਾਂ ਭੁੱਚੋ ਬਾਬਾ ਜੀ ਰੂੰਮੀ ਵਾਲਿਆਂ ਕੋਲ ਚਲਿਆ ਜਾਹ।"

ਇਕ ਦਿਨ ਉਹ ਬਾਬਾ ਜੀ ਦੇ ਦਰ ਤੇ ਆ ਗਿਆ। ਆਗਿਆ ਲੈ ਕੇ ਬਾਬਾ ਜੀ ਪਾਸ ਚਲਾ ਗਿਆ। ਨਮਸਕਾਰ ਕਰਕੇ ਸਾਰੀ ਹੱਡਬੀਤੀ ਸੁਣਾਈ।

ਬਾਬਾ ਜੀ ਹੱਸ ਕੇ ਕਹਿਣ ਲੱਗੇ, "ਸਾਡੇ ਕੋਲ ਤਾਂ ਦੋ ਹੀ ਚੀਜ਼ਾਂ ਹਨ ਸੇਵਾ ਕਰਨੀ ਜਾਂ ਨਾਮ ਜਪਣਾ। ਨਾਮ ਜਪਣ ਵਿਚ ਤੇਰਾ ਮਨ ਨਹੀਂ ਲੱਗਦਾ। ਤੂੰ ਇੱਥੇ ਰਹਿ ਕੇ ਸੇਵਾ ਹੀ ਕਰ ਲਿਆ ਕਰ।"

"ਮਹਾਰਾਜ! ਦੱਸੋ ਕਿਹੜੀ ਸੇਵਾ ਕਰਾਂ?" ਉਸ ਨੇ ਪੁੱਛਿਆ। "ਇੱਥੇ ਜੋ ਸੇਵਾ ਦਿਸੇ ਕਰ ਲਿਆ ਕਰ।" ਦੂਜੀ ਸੇਵਾ ਪਾਣੀ ਦਾ ਜਿਹੜਾ ਭਾਂਡਾ ਚੁੱਕ ਸਕੇ ਲੈ ਕੇ ਖੂਹ ਤੋਂ ਪਾਣੀ ਭਰ ਲਿਆ ਕਰ।" ਬਾਬਾ ਜੀ ਨੇ ਬਚਨ



ਕੀਤਾ।

ਕਈ ਦਿਨ ਸੇਵਾ ਠੀਕ-ਠਾਕ ਚਲਦੀ ਰਹੀ। ਇਕ ਦਿਨ ਉਹ ਚੀਜ਼ ਜੋ ਪਹਿਲਾਂ ਤੰਗ ਕਰਦੀ ਸੀ ਫਿਰ ਆ ਗਈ। ਉਹ ਪਾਣੀ ਦਾ ਘੜਾ ਲੈ ਕੇ ਕਿਧਰੇ ਹੋਰ ਹੀ ਚਲਾ ਗਿਆ। ਸੇਵਕਾਂ ਨੇ ਬਾਬਾ ਜੀ ਪਾਸ ਬੇਨਤੀ ਕੀਤੀ, "ਮਹਾਰਾਜ! ਉਹ ਘੜਾ ਲੈ ਕੇ ਹੀ ਕਿਧਰੇ ਚਲਾ ਗਿਆ ਹੈ?" ਬਾਬਾ ਜੀ ਨੇ ਬਚਨ ਕੀਤਾ, "ਕਿੱਧਰੇ ਨਹੀਂ ਜਾਏਗਾ, ਆਪੇ ਆ ਜਾਵੇਗਾ।" ਥੋੜ੍ਹੀ ਦੇਰ ਬਾਦ ਆ ਗਿਆ। ਇਸ ਤਰ੍ਹਾਂ ਉਸ ਦੀ ਹਾਲਤ ਕਈ ਦਿਨ ਰਹੀ। ਫਿਰ ਉਹ ਚੀਜ਼ ਉਸ ਨੂੰ ਦਿਸਣ ਲੱਗ ਪਈ। ਫੱਕਰ ਨੇ ਸੋਟਾ ਲੈ ਕੇ ਉਸ ਦੇ ਮਗਰ ਪੈ ਜਾਣਾ।

ਇਕ ਦਿਨ ਝੰਡਾ ਸਿੰਘ ਸੇਮੇ ਵਾਲਾ ਰਾਤ ਨੂੰ ਉਸ ਦੇ ਕੋਲ ਪਿਆ ਸੀ। ਉਸ ਨੂੰ ਉਹ ਚੀਜ਼ ਦਿਖਾਈ ਦਿੱਤੀ ਤਾਂ ਉਹ ਸੋਟਾ ਚੁੱਕ ਕੇ ਮਾਰਨ ਲੱਗ ਪਿਆ। ਝੰਡਾ ਸਿੰਘ ਡਰ ਗਿਆ ਕਿ ਮੇਰੇ ਹੀ ਨਾ ਮਾਰੇ। ਉਹ ਉਠ ਕੇ ਬੈਠ ਗਿਆ। ਬਾਬਾ ਜੀ ਨੇ ਸੋਟੀ ਦੀ ਆਵਾਜ਼ ਸੁਣ ਕੇ ਦੇਖਿਆ ਤਾਂ ਬਚਨ ਕੀਤਾ, "ਝੰਡਾ ਸਿੰਘ ਡਰਨਾ ਨਹੀਂ। ਇਹ ਤੇਰੇ ਸੋਟੀ ਨਹੀਂ ਮਾਰੇਗਾ।"

ਝੰਡਾ ਸਿੰਘ ਨੇ ਸਵੇਰੇ ਬੇਨਤੀ ਕੀਤੀ, "ਮਹਾਰਾਜ ਇਹ ਕਿੰਨੇ ਦਿਨਾਂ ਤੋਂ ਦੁਖੀ ਹੈ ਇਸ 'ਤੇ ਕ੍ਰਿਪਾ ਕਰੋ।" "ਝੰਡਾ ਸਿੰਘ ਇਸ ਤੋਂ ਸੇਵਾ ਕਰਾ ਕੇ ਰਾਜ਼ੀ ਕਰਨਾਂ ਹੈ। ਸਮਾਂ ਆਵੇਗਾ ਇਸ ਨੂੰ ਸੇਵਾ ਦਾ ਫਲ ਮਿਲੇਗਾ।" ਹਜ਼ੂਰ ਨੇ ਬਚਨ ਕੀਤਾ। ਫਿਰ ਸਮਾਂ ਪਾ ਕੇ ਉਹ ਠੀਕ ਹੋ ਗਿਆ ਤਾਂ ਬਾਬਾ ਜੀ ਨੇ ਪੁੱਛਿਆ, "ਤੂੰ ਕੀ ਚਾਹੁੰਦਾ ਹੈਂ?" ਉਸ ਨੇ ਕਿਹਾ, "ਮੇਰੀ ਜ਼ਮੀਨ ਦਿਵਾ ਦਿਓ।" ਬਾਬਾ ਜੀ ਨੇ ਬਚਨ ਕੀਤਾ, "ਤੂੰ ਗ੍ਰਿਹਸਤੀ ਨਹੀਂ। ਜ਼ਮੀਨ ਕੀ ਕਰਨੀ ਹੈ।" ਉਸ ਫੇਰ ਬੇਨਤੀ ਕੀਤੀ, "ਜ਼ਮੀਨ ਦਿਵਾ ਦਿਓ।" "ਚੰਗਾ ਸ਼ੁੱਧ ਹੈ। ਜ਼ਮੀਨ ਉਹ ਆਪਣੇ ਆਪ ਹੀ ਛੱਡ ਦੇਣਗੇ।" ਸੋ ਇਸੇ ਤਰ੍ਹਾਂ ਹੀ ਹੋਇਆ।

(ਇਹ ਪ੍ਰਸੰਗ ਸ੍ਰ. ਝੰਡਾ ਸਿੰਘ ਸੇਮਾ ਨੇ ਸੁਣਾਇਆ)

# ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾਂ

ਇਹ ਅਸਥਾਨ ਪਿੰਡ ਭੁੱਚੋ ਕਲਾਂ ਵਿਖੇ ਹੈ, ਜੋ ਕਿ ਭੁੱਚੋ ਮੰਡੀ ਤੋਂ ਭਗਤੇ ਵਾਲੀ ਸੜਕ 'ਤੇ ਤਿੰਨ ਕਿਲੋਮੀਟਰ ਦੇ ਫਾਸਲੇ 'ਤੇ ਹੈ। ਪਿੰਡ ਭੁੱਚੋ ਕਲਾਂ ਬਠਿੰਡੇ ਤੋਂ ਦਸ ਕਿਲੋਮੀਟਰ ਦੇ ਫਾਸਲੇ 'ਤੇ ਹੈ। ਬਠਿੰਡਾ ਬਰਨਾਲਾ ਸੜਕ ਤੇ ਭੁੱਚੋ ਕੈਂਚੀਆਂ ਤੋਂ ਦੋ ਕੁ ਫਰਲਾਂਗ ਦੇ ਫਾਸਲੇ 'ਤੇ ਹੈ। ਜਿਹੜੀਆਂ ਬੱਸਾਂ ਮੋਗੇ ਤੋਂ ਬਠਿੰਡੇ ਨੂੰ ਭਗਤੇ ਵਿਚ ਦੀ ਜਾਂਦੀਆਂ ਹਨ ਉਹ ਪਿੰਡ ਭੁੱਚੋ ਕਲਾਂ ਹੋ ਕੇ ਹੀ ਜਾਂਦੀਆਂ ਹਨ। ਲੁਧਿਆਣਾ ਜਾਂ ਪਟਿਆਲਾ ਵੱਲੋਂ ਬੱਸਾਂ ਰਾਹੀਂ ਆਉਣ ਵਾਲੇ ਯਾਤਰੂ ਭੁੱਚੋ ਕੈਂਚੀਆਂ 'ਤੇ ਉੱਤਰ ਕੇ, ਸੌਖ ਨਾਲ ਹੀ ਡੇਰਾ ਰੂੰਮੀ ਵਾਲਾ ਪਹੁੰਚ ਸਕਦੇ ਹਨ।

ਜਿਨ੍ਹਾਂ ਜਿਨ੍ਹਾ ਵਿਦਵਾਨਾਂ ਦੇ ਗ੍ਰੰਥਾਂ ਵਿਚੋਂ ਅਤੇ ਉਨ੍ਹਾਂ ਦੇ ਨਿੱਜੀ ਸਹਿਯੋਗ ਨਾਲ ਸਹਾਇਤਾ ਮਿਲੀ ਦਾਸ ਉਨ੍ਹਾਂ ਦਾ ਧੰਨਵਾਦੀ ਹੈ। ਪੁਸਤਕ ਮਿਲਣ ਦਾ ਪਤਾ :

ਅਸੀਸਾਂ **ਡੇਰਾ ਬਾਬਾ ਰੂੰਮੀ ਵਾਲਾ, ਸੰਤ ਬਾਬਾ ਖੇਮ ਸਿੰਘ ਜੀ**

**ਪਿੰਡ ਤੇ ਡਾਕ: ਭੁੱਚੋ ਕਲਾਂ, ਜ਼ਿਲ੍ਹਾ ਬਠਿੰਡਾ।**

ਮੌਜੂਦਾ ਮਹਾਂ ਪੁਰਖ ਬਾਬਾ ਸੁਖਦੇਵ ਸਿੰਘ ਜੀ ਡੇਰਾ ਬਾਬਾ ਰੂੰਮੀ ਵਾਲਾ 09216513139



# ਸੰਤ ਬਾਬਾ ਸੁਖਦੇਵ ਸਿੰਘ ਜੀ
# ਮੰਦਰ ਮੁਹਾਰ ਨਾਨਕਸਰ ਤੋਂ ਭੁੱਚੋ ਸਾਹਿਬ ਤੱਕ

ਸੰਤ ਬਾਬਾ ਸੁਖਦੇਵ ਸਿੰਘ ਜੀ ਦਾ ਜਨਮ ਪਿੰਡ ਮੁਹਾਰ ਤਹਿਸੀਲ ਜੀਰਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਮਾਤਾ ਸੋਮਾਵੰਤੀ ਕੌਰ ਅਤੇ ਪਿਤਾ ਸਰਦਾਰ ਜਗਤਾਰ ਸਿੰਘ ਦੇ ਗ੍ਰਹਿ ਵਿਖੇ 1 ਹਾੜ (15 ਜੂਨ 1954) ਨੂੰ ਅੰਮ੍ਰਿਤ ਵੇਲੇ ਹੋਇਆ। ਬਾਬਾ ਜੀ ਦੇ ਪਿਤਾ ਜੀ ਇਲਾਕੇ ਵਿੱਚ ਪੂਰੇ ਮਾਨ ਅਤੇ ਸਤਿਕਾਰ ਵਾਲੇ ਪੁਰਸ਼ ਸਨ। ਆਪ ਜੀ ਦੇ ਪਿਤਾ ਜੀ 25 ਸਾਲ ਆਪਣੇ ਪਿੰਡ ਦੇ ਸਰਪੰਚ ਰਹੇ। ਬਾਬਾ ਜੀ ਆਪਣੇ ਪਰਿਵਾਰ ਵਿੱਚ 6 ਭਰਾ ਅਤੇ 2 ਭੈਣਾਂ ਵਿੱਚ ਸਭ ਤੋਂ ਛੋਟੇ ਹਨ। ਬਾਬਾ ਜੀ ਨੇ ਪੰਜ ਕਲਾਸਾਂ ਆਪਣੇ ਪਿੰਡ ਦੇ ਨੇੜੇ ਸਰਕਾਰੀ ਪ੍ਰਇਮਰੀ ਸਕੂਲ ਮੰਦਰ ਮੁਹਾਰ ਵਿੱਚ ਪਾਸ ਕੀਤੀਆਂ। ਇਸ ਵਿਚਕਾਰ ਬਾਬਾ ਜੀ ਆਪਣੇ ਦਾਦਾ ਲਾਭ ਸਿੰਘ (ਬਾਪੂ ਜੀ) ਨਾਲ ਜਾਂ ਇਕੱਲੇ ਹੀ ਬਾਬਾ ਸੁੰਦਰ ਦਾਸ ਜੀ ਪਾਸ ਜਾਇਆ ਕਰਦੇ ਸਨ। ਇਨ੍ਹਾਂ ਦਾ ਡੇਰਾ ਪਿੰਡ ਤੋਂ6 ਕਿਲੋਮੀਟਰ ਦੀ ਦੂਰੀ 'ਤੇ ਕੋਟ ਈਸੇ ਖਾਂ ਵਿਖੇ ਸਥਿਤ ਹੈ। ਬਾਬਾ ਸੁੰਦਰ ਦਾਸ ਜੀ ਬਾਬਾ ਸ੍ਰੀ ਚੰਦ ਦੀ ਪੂਜਾ ਕਰਦੇ ਹਨ ਅਤੇ ਨਾਮ ਜਪਾਉਂਦੇ ਹਨ। ਬਾਬਾ ਸੁਖਦੇਵ ਸਿੰਘ ਜੀ ਦਾ ਛੋਟੀ ਉਮਰ ਵਿੱਚ ਹੀ ਗੁਰਦੁਆਰੇ ਜਾ ਕੇ ਸਤਸੰਗ ਵਿੱਚ ਹੀ ਮਨ ਲਗਾ ਰਹਿੰਦਾ ਸੀ। ਬਾਬਾ ਸੁੰਦਰ ਦਾਸ ਜੀ ਨੇ ਇਨ੍ਹਾਂ ਦੀ ਲਗਨ 'ਤੇ ਚਿਹਰਾ ਪੜ੍ਹਕੇ ਬਾਪੂ ਲਾਭ ਸਿੰਘ ਜੀ ਨੂੰ ਕਹਿ ਦਿੱਤਾ ਸੀ। ਇਹ ਤਾਂ ਸੰਤ ਮਹਾਂ ਪੁਰਸ਼ ਹਨ। ਬਾਬਾ ਜੀ ਪੰਜਵੀ ਕਲਾਸ ਦੇ ਆਖਰੀ ਪੇਪਰ ਤੋਂ ਬਾਅਦ ਦੂਸਰੇ ਦਿਨ ਹੀ ਬਾਬਾ ਕੁੰਦਨ ਸਿੰਘ ਜੀ ਦੇ ਕਹਿਣ ਮੁਤਾਬਕ ਨਾਨਕਸਰ ਜਗਰਾਓਂ ਆ ਗਏ। 12 ਸਾਲ ਦੀ ਉਮਰ ਵਿੱਚ ਬਾਬਾ ਕੁੰਦਨ ਸਿੰਘ ਜੀ ਨੇ ਇਨ੍ਹਾਂ ਦੀ ਡਿਊਟੀ ਸੁਖਮਨੀ ਸਾਹਿਬ ਦਾ ਪਾਠ ਕਰਨ ਅਤੇ ਜੋੜੀ ਤੇ ਹਰਮੋਨੀਅਮ ਦੀ ਵਿਦਿਆ ਸਿੱਖਣ ਵਿੱਚ ਲਗਾ ਦਿੱਤੀ। ਕੀਰਤਨ ਦੀ ਵਿਦਿਆ ਤੋਂ ਬਾਅਦ ਬਾਬਾ ਜੀ ਦੀ ਡਿਊਟੀ ਕਰਨਪੁਰ ਠਾਠ (ਗੰਗਾਨਗਰ) ਇਲਾਕੇ ਵਿੱਚ ਲਗਾ ਦਿੱਤੀ। 14 ਸਾਲ ਦੀ ਉੱਮਰ ਵਿੱਚ 2 ਸਾਲ ਤਕ

ਆਪ ਨੇ ਇਥੇ ਸੇਵਾ ਕੀਤੀ। ਜਦ ਕਿ ਕੋਈ ਹੋਰ ਬਹਿੰਗਮ ਇਥੇ ਜਾਣ ਲਈ ਤਿਆਰ ਨਹੀਂ ਸੀ।16 ਸਾਲ ਦੀ ਉਮਰ ਵਿੱਚ ਆਪ ਜੀ ਦੀ ਡਿਊਟੀ ਬਾਬਾ ਜੀ ਨੇ ਗੁਰਦੁਆਰਾ ਨਾਨਕਸਰ ਲੁਧਿਆਣੇ (ਨਹਿਰ ਦੇ ਕੰਢੇ ਲਾਈ) ਉਸ ਠਾਠ ਵਿੱਚ ਕਾਫੀ ਸਾਲ ਸੇਵਾ ਕੀਤੀ । ਬਾਬਾ ਜੀ ਨੇ ਇਥੇ ਰਹਿ ਕੇ ਲੁਧਿਆਣਾ ਨਾਨਕਸਰ ਠਾਠ 'ਤੇ ਬਾਬਾ ਈਸ਼ਰ ਸਿੰਘ ਪਬਲਿਕ ਸਕੂਲ ਭਾਈ ਰਣਧੀਰ ਸਿੰਘ ਨਗਰ ਨੂੰ ਮੁਕੰਮਲ ਕਰਾਇਆ। ਇਸ ਤੋਂ ਬਾਅਦ ਬਾਬਾ ਜੀ ਨੇ ਆਪਣੇ ਪਿੰਡ 15 ਏਕੜ ਜ਼ਮੀਨ ਵਿੱਚ ਗੁਰਦੁਆਰਾ ਨਾਨਕਸਰ ਮੰਦਰ ਮੁਹਾਰ ਅਤੇ ਪਬਲਿਕ ਸਕੂਲ ਮੰਦਰ ਮੁਹਾਰ ਦੀ ਤਿਆਰੀ ਕਰਾਈ ਅਤੇ ਕਈ ਸਾਲ ਇਥੇ ਸੇਵਾ ਕੀਤੀ। ਇਸ ਤੋਂ ਬਾਅਦ ਸੰਤ ਬਾਬਾ ਕੁੰਦਨ ਸਿੰਘ ਜੀ ਆਪ ਜੀ ਦੀ ਡਿਊਟੀ ਜਿਥੇ ਕੰਮ ਰੁਕਣਾ ਜਾਂ ਨਵੀਂ ਸੇਵਾ ਕਰਾਉਣੀ ਹੋਵੇ, ਬਾਬਾ ਜੀ ਆਪ ਜੀ ਦੀ ਡਿਊਟੀ ਲਗਾਉਂਦੇ। ਆਪ ਜੀ ਨੇ ਛੋਟੀ ਉਮਰ ਵਿੱਚ ਹੀ ਕਾਰ ਸੇਵਾਵਾਂ ਸ਼ੁਰੂ ਕਰਾਉਣ ਨਾਲ ਕਈ ਸੇਵਾਵਾਂ ਪੂਰੀਆਂ ਕੀਤੀਆਂ ਕਾਫੀ ਅਜੇ ਚੱਲ ਰਹੀਆਂ ਹਨ ਜਿਨ੍ਹਾਂ ਵਿੱਚੋਂ ਸਕੂਲ ਤੇ ਕਾਲਜ ਵੀ ਹਨ। ਜਿਨ੍ਹਾਂ ਵਿੱਚ ਪੰਜਾਬ, ਯੂ.ਪੀ. ਰਾਜਸਥਾਨ, ਮਹਾਰਾਸ਼ਟਰ ਮਦਰਾਸ ਹੋਰ ਵੀ ਕਈ ਸਟੇਟਾਂ ਸ਼ਾਮਿਲ ਹਨ। ਤਕਰੀਬਨ ਕੋਈ ੬੦-੭੦ ਅਸਥਾਨਾਂ ਦੀਆਂ ਸੇਵਾਵਾਂ ਕਰਵਾਈਆਂ ਤੇ ਹੋਰ ਵੀ ਸੇਵਾਵਾਂ ਚੱਲ ਰਹੀਆਂ ਹਨ।

ਬਾਬਾ ਕੁੰਦਨ ਸਿੰਘ ਜੀ ਜਿਥੇ ਆਪ ਜੀ ਦੀ ਡਿਊਟੀ ਲਗਾਉਂਦੇ ਸਨ। ਆਪ ਜੀ ਸੇਵਾ ਪੂਰੀ ਕਰਕੇ ਕਸਵੱਟੀ 'ਤੇ ਪੂਰੇ ਉਤਰਦੇ ਸਨ। ਸੰਤ ਬਾਬਾ ਕੁੰਦਨ ਸਿੰਘ ਜੀ ਪਾਸ ਜਦੋਂ ਵੀ ਬਾਹਰਲੀ ਸੰਗਤ ਆਉਣੀ ਜਾਂ ਕੋਈ ਬੇਨਤੀ ਕਰਨੀ ਤਾਂ ਬਾਬਾ ਜੀ ਨੇ ਕਹਿਣਾ ਸਾਰਾ ਕੁਝ ਸੁਖੀ ਕੋਲ ਹੈ ਭਰਿਆ ਪਿਆ ਹੈ ਜੋ ਮਰਜ਼ੀ ਲੈ ਲਵੋ। ਜਿਥੇ ਬਾਬਾ ਕੁੰਦਨ ਸਿੰਘ ਜੀ ਨੇ ਸੇਵਾ ਦਾ ਆਖਣਾ, ਬਾਬਾ ਸੁਖਦੇਵ ਸਿੰਘ ਜੀ ਨੇ ਇਲਾਕੇ ਵਿੱਚੋਂ ਸੰਗਤ ਲਿਆ ਕੇ ਸੇਵਾ ਕਰਾਵਾਉਣੀ। ਭੁੱਚੋ ਸਾਹਿਬ ਸਰੋਵਰ ਦੀ ਸੇਵਾ ਆਰੰਭ ਹੋਈ ਬਾਬਾ ਕੁੰਦਨ ਸਿੰਘ ਜੀ ਬਹਿੰਗਮਾਂ ਅਤੇ ਸੰਗਤਾਂ ਸਮੇਤ ਬਾਬਾ ਖੇਮ ਸਿੰਘ ਜੀ ਕੋਲ ਭੁੱਚੋ ਸਾਹਿਬ ਪਹੁੰਚੇ ਅਤੇ ਆਖਣ ਲੱਗੇ ਸੁੱਖਾ ਸਿੰਘ ਆਪ ਜੀ ਨੂੰ ਸੌਂਪ ਦਿੱਤਾ ਹੈ। ਇਸ ਤੋਂ ਬਾਅਦ ਸੰਤ ਬਾਬਾ ਸੁਖਦੇਵ ਸਿੰਘ ਜੀ ਦਾ ਸੰਤ ਬਾਬਾ ਖੇਮ ਸਿੰਘ ਜੀ ਪਾਸ ਆਉਣਾਂ ਜਾਣਾ ਸ਼ੁਰੂ ਹੋ ਗਿਆ ਤੇ ਨੇੜਤਾ ਵੱਧ ਗਈ। ਬਾਬਾ



ਖੇਮ ਸਿੰਘ ਜੀ ਦੇ ਹੁਕਮ ਨਾਲ ਮਾਲਾ, ਗੁਟਕੇ ਦੇਸ਼ ਦੇ ਕੋਨੇ ਕੋਨੇ ਵਿੱਚ ਵੰਡਣ ਜਾਂਦੇ ਅਖੰਡ ਪਾਠ, ਸੰਪਟ ਪਾਠ, ਤੁਕ-ਤੁਕ ਵਾਲੇ ਮਹਾਂ ਸੰਪਟ ਪਾਠ ਨਾਨਕਸਰ ਦੀਆਂ ਠਾਠਾਂ ਵਿੱਚ ਕਰਵਾਏ ਅਤੇ ਸੰਗਤਾਂ ਨੂੰ ਅੰਮ੍ਰਿਤ ਛੱਕਣ ਲਈ ਪ੍ਰੇਰਨਾ ਕੀਤੀ ਅਤੇ ਪ੍ਰਚਾਰ ਹਿਤ ਕਈ ਰੇਲ ਯਾਤਰਾਵਾਂ, ਬੱਸ ਯਾਤਰਾਵਾਂ, ਜਹਾਜ਼ ਯਾਤਰਾ, ਸਾਇਕਲ ਯਾਤਰਾਵਾਂ ਕੀਤੀਆਂ। ਸੰਤ ਬਾਬਾ ਕੁੰਦਨ ਸਿੰਘ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਸੰਤ ਬਾਬਾ ਸੁਖਦੇਵ ਸਿੰਘ ਜੀ ਨੇ ਸੰਤ ਬਾਬਾ ਖੇਮ ਸਿੰਘ ਜੀ ਦੀ ਰਹਿਨਮਾਈ ਵਿੱਚ 250 ਕਮਰੇ ਹਜ਼ੂਰ ਸਾਹਿਬ (ਸਰਾਵਾਂ), 5 ਗੁਰਦੁਆਰੇ ਸਾਹਿਬ ਕਈ ਲੰਗਰ ਚਲਾਏ ਤੇ ਸੰਤ ਬਾਬਾ ਖੇਮ ਸਿੰਘ ਆਖਰੀ ਟਾਇਮ ਤੇ ਆਪ ਜੀ ਦੀ ਡਿਊਟੀ ਜਪ ਤਪ 'ਤੇ ਲਗਾਈ ਜਿਹੜੀ ਆਪ ਜੀ ਨੇ ਬੇਖੂਬੀ ਨਿਭਾਈ ਇਸ ਤੋਂ ਖੁਸ਼ ਹੋ ਕੇ ਸੰਤ ਬਾਬਾ ਖੇਮ ਸਿੰਘ ਜੀ ਨੇ ਫੋਨ ਤੇ ਆਪ ਜੀ ਨੂੰ ਖੁਸ਼ੀਆਂ ਬਖਸ਼ੀਆਂ ਕਿ ਅਸੀਂ ਦੱਸ ਨਹੀਂ ਸਕਦੇ ਕਿ ਅਸੀਂ ਤੇਰੇ 'ਤੇ ਕਿੰਨੇ ਖੁਸ਼ ਹਾਂ।

ਸੰਤ ਬਾਬਾ ਖੇਮ ਸਿੰਘ ਜੀ ਨੇ ਸਾਰੀਆਂ ਪਾਵਰ ਆਫ ਅਟਰਰਨੀ ਬਾਬਾ ਜੀ ਦੇ ਨਾਮ ਕੀਤੀਆਂ ਸਨ। 3 ਪਾਵਰ ਆਫ ਅਟਾਰਨੀ ਹਜ਼ੂਰ ਸਾਹਿਬ, 2 ਨਥਾਨੇ ਤੇ ਜਰਨਲ ਪਾਵਰ ਆਫ ਅਟਾਰਨੀ ਬਾਬਾ ਜੀ ਦੇ ਨਾਮ ਕੀਤੀਆਂ ਸਨ।

ਸੰਤ ਬਾਬਾ ਖੇਮ ਸਿੰਘ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਦਸਮੀ ਦੇ ਮੋਕੇ 5-02-2010 ਨੂੰ ਦੇਸ਼ ਵਿਦੇਸ਼ ਤੋਂ, ਨਿਰਮਲੇ, ਸੰਪਰਦਾਇ, ਦਮਦਮੀ ਟਕਸਾਲ, ਜਥੇਬੰਦੀਆਂ ਇਲਾਕੇ ਦੇ ਸਾਰੀਆਂ ਪੰਚਾਇਤਾਂ ਵੱਲੋਂ ਲਿੱਖਤ ਕਰਕੇ ਡੇਰੇ ਦੇ ਪੰਜਵੇ ਮੁੱਖੀ ਸੇਵਾਦਾਰ ਵਜੋਂ ਦਸਤਾਰ ਬੰਦੀ ਕੀਤੀ ਗਈ ਅਤੇ ਡੇਰਾ ਬਾਬਾ ਰੂਮੀ ਵਾਲਾ ਭੁੱਚੋ ਕਲਾ ਦਾ ਮੁੱਖੀ ਥਾਪਿਆ ਗਿਆ। ਸੰਤ ਬਾਬਾ ਸੁਖਦੇਵ ਸਿੰਘ ਜੀ ਵੱਲੋਂ 14 ਦਿਨਾਂ ਵਿੱਚ ਰੂਮੀ ਸਾਹਿਬ ਪਿੰਡ ਸੇਮਾਂ ਵਿੱਚ ਤਾਂਬੇ ਦੀਆਂ ਪੌੜੀਆਂ ਵਾਲਾ ਸਰੋਵਰ ਸੰਗਤਾਂ ਦੇ ਸਹਿਯੋਗ ਨਾਲ ਤਿਆਰ ਕਰਵਾਇਆ ਇਸ ਸੇਵਾ ਸਬੰਧੀ 4 ਦਿਨ ਬਾਅਦ ਬਾਬਾ ਮਹ ਾਂਹਿਰਨਾਮ ਸਿੰਘ ਦੀਆਂ ਪੁਰਾਤਨ ਲਿਖਤਾਂ ਵਿੱਚੋਂ ਸਰੋਵਰ ਬਾਰੇ ਲਿਖਤ ਮਿਲੀ। ਸਰੋਵਰ ਪੂਰਾ ਲਿੱਖਤ ਮੁਤਾਬਕ ਹੀ ਬਨਿਆ ਸੀ। ਹੁਣ ਬਾਬਾ ਸੁਖਦੇਵ ਸਿੰਘ ਜੀ ਭੁੱਚੋ ਸਾਹਿਬ ਵਿਖੇ ਲੰਗਰ ਹਾਲ ਦੀ ਸੇਵਾ, ਦੀਵਾਨ ਹਾਲ ਅਤੇ ਗੱਦੀ ਸਾਹਿਬ ਵਿਖੇ ਸੋਨੇ ਚਾਂਦੀ ਦੀ ਸੇਵਾ ਕਰਵਾ ਰਹੇ ਹਨ। ***